@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Sunday, 30 November 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਐਤਵਾਰ 30 ਨਵੰਬਰ 2025, 16 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 26, qpatrika@gmail.com ਫੋਨ : 9971359517 www.qaumipatrika.org

## ਪੰਜਾਬ 'ਚ ਪਹਿਲੀ ਵਾਰ 44,900 ਕਿਲੋਮੀਟਰ ਸੜਕਾਂ ਦਾ ਇਤਿਹਾਸਕ ਵਿਕਾਸ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਚੰਡੀਗੜ੍ਹ 29 ਨਵੰਬਰ। 2025 ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 16,209 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ 44,920 ਕਿਲੋਮੀਟਰ ਸੜਕਾਂ ਦੇ ਨਿਰਮਾਣ ਦੇ ਟੀਚੇ ਨਾਲ ਸੂਬੇ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਸੜਕ ਨਿਰਮਾਣ ਕਾਰਜ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਅਗਲੇ ਸਾਲ ਦੇ ਅੰਤ ਤੱਕ ਪੰਜਾਬ ਦੇ ਸਾਰੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਕੁੱਲ 16209 ਕਰੋੜ ਰੁਪਏ ਦੀ ਲਾਗਤ ਨਾਲ 44,920 ਕਿਲੋਮੀਟਰ ਸੜਕਾਂ ਦਾ ਨਿਰਮਾਣ ਕਾਰਜ ਨੇਪਰੇ ਚਾੜ੍ਹਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਵਿੱਚ ਵਿਸ਼ਵ ਪੱਧਰੀ ਮਾਪਦੰਡ ਅਤੇ ਸੁਰੱਖਿਆ ਨਿਯਮ ਯਕੀਨੀ ਬਣਾਉਣ ਲਈ ਸੜਕਾਂ ਦੇ ਨਿਰਮਾਣ ਨਾਲ ਇਨ੍ਹਾਂ ਦੀ ਪੰਜ ਸਾਲ ਦੀ ਸਾਂਭ-ਸੰਭਾਲ ਦੀ ਸ਼ਰਤ ਜੋੜੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਸੂਬੇ ਵਿੱਚ ਆਵਾਜਾਈ ਸੁਚਾਰੂ ਹੋਵੇਗੀ ਅਤੇ ਪੇਂਡੂ ਬੁਨਿਆਦੀ ਢਾਂਚੇ ਨੂੰ ਹੁਲਾਰਾ ਮਿਲੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਕੁੱਲ 4092 ਕਰੋੜ ਰੁਪਏ ਦੀ ਲਾਗਤ ਨਾਲ 19,373 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦਾ ਨਿਰਮਾਣ ਕਰਵਾਇਆ ਹੈ।



ਹੜ੍ਹਾਂ ਕਾਰਨ ਇਸ ਸਾਲ ਬਹੁਤ ਸਾਰੇ ਇਲਾਕਿਆਂ ਵਿੱਚ ਸੜਕਾਂ ਨੂੰ ਵੱਡੇ ਪੱਧਰ ਉੱਤੇ ਨੁਕਸਾਨ ਪੁੱਜਿਆ ਸੀ ਪਰ ਸਰਕਾਰ ਨੇ ਇਸ ਪ੍ਰਾਜੈਕਟ ਨੂੰ ਮਿਹਨਤ ਨਾਲ ਨੇਪਰੇ ਚਾੜ੍ਹ ਕੇ ਪੇਂਡੂ ਲਿੰਕ ਸੜਕਾਂ ਦਾ ਨਿਰਮਾਣ ਪਹਿਲ ਦੇ ਆਧਾਰ ਉੱਤੇ ਕਰਵਾਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਚੱਲ ਰਹੇ ਸੜਕ ਨਿਰਮਾਣ ਪ੍ਰਾਜੈਕਟਾਂ ਲਈ ਕੰਟਰੈਕਟ ਵਿੱਚ ਪੰਜ ਸਾਲਾਂ ਦੀ ਸਾਂਭ-ਸੰਭਾਲ ਦੀ ਸ਼ਰਤ ਜੋੜੀ ਗਈ ਹੈ, ਜੋ ਮਿਸਾਲੀ ਕਦਮ ਹੈ। ਇਸ ਦੇ ਨਾਲ-ਨਾਲ ਸੜਕਾਂ ਦੇ ਆਲੇ-ਦੁਆਲੇ ਢੁਕਵੇਂ ਦਿਸ਼ਾ-ਸੂਚਕ ਅਤੇ ਹੋਰ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਸਾਰੇ ਪਾਸਿਓਂ ਅਜਿਹੀਆਂ ਬੇਨਤੀਆਂ ਮਿਲ ਰਹੀਆਂ ਸਨ ਕਿ ਸਾਰੇ ਪਿੰਡਾਂ ਤੇ ਸ਼ਹਿਰਾਂ ਵਿੱਚ ਸੜਕਾਂ ਦੇ ਨਿਰਮਾਣ ਵਿੱਚ ਉੱਚ ਮਿਆਰ ਕਾਇਮ ਰੱਖੇ ਜਾਣ। ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਦੀ ਬਿਹਤਰ ਤਰੀਕੇ ਨਾਲ ਸੇਵਾ ਲਈ ਵਚਨਬੱਧ ਹਨ। ਇਸ ਤਹਿਤ ਪੰਜਾਬ ਸਰਕਾਰ ਨੇ ਪੀ.ਐਮ.ਬੀ., ਪੀ.ਡਬਲਯੂ.ਡੀ., ਸ਼ਹਿਰੀ ਸਥਾਨਕ ਇਕਾਈਆਂ ਸਣੇ ਕਈ ਏਜੰਸੀਆਂ ਅਤੇ ਲੋਕ ਨੁਮਾਇੰਦਿਆਂ ਨੂੰ ਇਸ ਸੂਬਾ ਪੱਧਰੀ ਵਿਆਪਕ ਮੁਹਿੰਮ ਨਾਲ ਜੋੜਿਆ ਹੈ।

### ਜਮਾਤ-ਏ-ਇਸਲਾਮੀ 'ਤੇ ਕਾਰਵਾਈ ਤਹਿਤ ਕਸ਼ਮੀਰ ਦੇ ਵੱਖ-ਵੱਖ ਇਲਾਕਿਆਂ 'ਚ ਹੋਈ ਛਾਪੇਮਾਰੀ

ਸ਼੍ਰੀਨਗਰ 29 ਨਵੰਬਰ। ਪਾਬੰਦੀਸ਼ੁਦਾ ਜਮਾਤ-ਏ-ਇਸਲਾਮੀ (ਜੇਈਆਈ) 'ਤੇ ਕਾਰਵਾਈ ਦੇ ਹਿੱਸੇ ਵਜੋਂ ਪੁਲਸ ਨੇ ਕਸ਼ਮੀਰ ਘਾਟੀ ਵਿੱਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ। ਇਸ ਗੱਲ ਦੀ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਅਧਿਕਾਰੀਆਂ ਅਨੁਸਾਰ ਇਹ ਛਾਪੇ ਅਨੰਤਨਾਗ, ਪੁਲਵਾਮਾ, ਬਡਗਾਮ, ਕੁਲਗਾਮ ਅਤੇ ਕੁਪਵਾੜਾ ਜ਼ਿਲ੍ਹਿਆਂ ਵਿੱਚ ਮਾਰੇ ਗਏ। ਅਧਿਕਾਰੀਆਂ ਨੇ ਕਿਹਾ ਕਿ ਇਹ ਛਾਪੇਮਾਰੀ ਅੱਤਵਾਦੀ ਨੈੱਟਵਰਕ ਅਤੇ ਇਸਦੇ ਸਮਰਥਨ ਵਿਧੀਆਂ ਨੂੰ ਖਤਮ ਕਰਨ ਦੇ ਨਿਰੰਤਰ ਯਤਨਾਂ ਦੇ ਹਿੱਸੇ ਵਜੋਂ, ਜੇਈਆਈ (ਜਮਾਤ-ਏ-ਇਸਲਾਮੀ) ਦੇ ਮੈਂਬਰਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਜੁੜੇ ਰਿਹਾਇਸ਼ੀ ਅਹਾਤਿਆਂ ਅਤੇ ਹੋਰ ਥਾਵਾਂ 'ਤੇ ਕੀਤੀ ਗਈ ਹੈ। ਇਹ ਕਾਰਵਾਈ ਠੋਸ ਖੁਫੀਆ ਜਾਣਕਾਰੀ ਤੋਂ ਪਹਿਲਾਂ ਕੀਤੀ ਗਈ ਸੀ ਕਿ ਜੇਈਆਈ ਦੇ ਕੁਝ ਮੈਂਬਰ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਸੰਗਠਨ ਅਤੇ ਇਸ ਨਾਲ ਜੁੜੇ ਸੰਸਥਾਨਾਂ ਨਾਲ ਜੁੜੇ ਵਿਅਕਤੀਆਂ ਦੇ ਘਰਾਂ ਤੋਂ ਇਲੈਕਟ?ਰਾਨਿਕ ਉਪਕਰਣ, ਦਸਤਾਵੇਜ਼ ਅਤੇ ਸਾਹਿਤ ਜ਼ਬਤ ਕੀਤਾ ਗਿਆ ਹੈ। ਉੱਤਰੀ ਕਸ਼ਮੀਰ ਦੇ ਹੰਦਵਾੜਾ ਦੇ ਵਾਰੀਪੋਰਾ ਵਿੱਚ ਜਾਮੀਆ ਇਸਲਾਮੀਆ ਇੰਸਟੀਚਿਊਟ ਵਿੱਚ ਵੀ ਤਲਾਸ਼ੀ ਲਈ ਗਈ। ਅਧਿਕਾਰੀਆਂ ਨੇ ਕਿਹਾ ਕਿ ਇਹ ਕਾਰਵਾਈ ਸ਼ੱਕੀ ਗੈਰ-ਕਾਨੂੰਨੀ ਗਤੀਵਿਧੀਆਂ ਅਤੇ ਜੇਈਆਈ ਨਾਲ ਸੰਭਾਵਿਤ ਸਬੰਧਾਂ ਬਾਰੇ ਜਾਣਕਾਰੀ ਦੇ ਆਧਾਰ 'ਤੇ ਕੀਤੀ ਗਈ ਸੀ।

### 'ਹਵਾ ਪ੍ਰਦੂਸ਼ਣ 'ਤੇ ਤੁਰੰਤ ਬਹਿਸ ਕਰਵਾਓ': ਰਾਹੁਲ ਗਾਂਧੀ

ਨਵੀਂ ਦਿੱਲੀ 29 ਨਵੰਬਰ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਸਰਦ ਰੁੱਤ ਸੈਸ਼ਨ ਤੋਂ ਪਹਿਲਾਂ 'ਹਵਾ ਪ੍ਰਦੂਸ਼ਣ' ਦੇ ਗੰਭੀਰ ਮੁੱਦੇ 'ਤੇ ਸੰਸਦ ਵਿੱਚ ਬਹਿਸ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਇਸ ਅਹਿਮ ਸਮੱਸਿਆ ਪ੍ਰਤੀ ਕੇਂਦਰ ਸਰਕਾਰ ਦੀ ਲਾਪਰਵਾਹੀ 'ਤੇ ਸਵਾਲ ਉਠਾਏ ਹਨ। ਰਾਹੁਲ ਗਾਂਧੀ ਨੇ ਸ਼ੁੱਕਰਵਾਰ (29 ਨਵੰਬਰ 2025) ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (X) 'ਤੇ ਕੇਂਦਰ ਸਰਕਾਰ ਦੀ ਇਸ ਨਾਜ਼ੁਕ ਸਮੱਸਿਆ ਪ੍ਰਤੀ ਸਾਫ਼ ਲਾਪਰਵਾਹੀ ਦਿਖਾਉਣ 'ਤੇ ਸਵਾਲ ਚੁੱਕੇ। ਉਨ੍ਹਾਂ ਨੇ ਸਰਕਾਰ ਦੀ ਜਵਾਬਦੇਹੀ 'ਤੇ ਵੀ ਸਵਾਲ ਖੜ੍ਹੇ ਕੀਤੇ।



ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਜੀ, ਭਾਰਤ ਦੇ ਬੱਚਿਆਂ ਦਾ ਸਾਡੇ ਸਾਹਮਣੇ ਦਮ ਘੁੱਟ ਰਿਹਾ ਹੈ। ਤੁਸੀਂ ਕਿਵੇਂ ਚੁੱਪ ਰਹਿ ਸਕਦੇ ਹੋ? ਤੁਹਾਡੀ ਸਰਕਾਰ ਕੋਈ ਤੁਰੰਤ ਲੋੜ, ਕੋਈ ਯੋਜਨਾ, ਕੋਈ ਜਵਾਬਦੇਹੀ ਕਿਉਂ ਨਹੀਂ ਦਿਖਾਉਂਦੀ?। ਉਨ੍ਹਾਂ ਇਹ ਵੀ ਦੱਸਿਆ ਕਿ ਜਿਸ ਵੀ ਮਾਂ ਨੂੰ ਉਹ ਮਿਲਦੇ ਹਨ, ਉਹ ਇਹੀ ਦੱਸਦੀ ਹੈ ਕਿ ਉਨ੍ਹਾਂ ਦਾ ਬੱਚਾ ਜ਼ਹਿਰੀਲੀ ਹਵਾ ਵਿੱਚ ਸਾਹ ਲੈ ਰਿਹਾ ਹੈ ਅਤੇ ਉਹ ਥੱਕੇ ਹੋਏ, ਡਰੇ ਹੋਏ ਅਤੇ ਗੁੱਸੇ ਵਿੱਚ ਹਨ। ਰਾਹੁਲ ਗਾਂਧੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੂੰ ਇਸ ਸਿਹਤ ਐਮਰਜੈਂਸੀ ਨਾਲ ਨਜਿੱਠਣ ਲਈ ਹਵਾ ਪ੍ਰਦੂਸ਼ਣ 'ਤੇ ਇੱਕ ਤੁਰੰਤ, ਵਿਸਤ੍ਰਿਤ ਸੰਸਦੀ ਬਹਿਸ ਦੀ ਲੋੜ ਹੈ। ਇਸ ਦੌਰਾਨ ਇੱਕ ਸਖ਼ਤ ਅਤੇ ਲਾਗੂ ਕਰਨ ਯੋਗ ਕਾਰਜ ਯੋਜਨਾ ਦੀ ਲੋੜ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ, ਅੱਜ (29 ਨਵੰਬਰ 2025) ਦਿੱਲੀ ਵਿੱਚ ਏਅਰ ਕੁਆਲਿਟੀ ਇੰਡੈਕਸ ਦਾ ਪੱਧਰ 384 ਦਰਜ ਕੀਤਾ ਗਿਆ ਹੈ। ਕਾਂਗਰਸ 30 ਨਵੰਬਰ ਨੂੰ ਸੋਨੀਆ ਗਾਂਧੀ ਦੀ ਰਿਹਾਇਸ਼ 'ਤੇ ਇੱਕ ਸੰਸਦੀ ਰਣਨੀਤੀ ਸਮੂਹ ਦੀ ਮੀਟਿੰਗ ਕਰੇਗੀ। ਇਸ ਮੀਟਿੰਗ ਦਾ ਉਦੇਸ਼ 1 ਦਸੰਬਰ ਤੋਂ ਸ਼ੁਰੂ ਹੋ ਰਹੇ ਸਰਦ ਰੁੱਤ ਸੈਸ਼ਨ ਲਈ ਕਾਰਵਾਈ ਦੀ ਯੋਜਨਾ ਤਿਆਰ ਕਰਨਾ ਹੈ।

### ਬੰਗਾਲ ਦੀ ਮੌਜੂਦਾ ਵੋਟਰ ਸੂਚੀ 'ਚ 2002 ਦੀ ਸੂਚੀ ਨਾਲ ਮੇਲ ਨਹੀਂ ਖਾਂਦੇ 26 ਲੱਖ ਵੋਟਰਾਂ ਦੇ ਨਾਂ : ਕਮਿਸ਼ਨ

ਕੋਲਕਾਤਾ 29 ਨਵੰਬਰ। ਚੋਣ ਕਮਿਸ਼ਨ ਨੇ ਕਿਹਾ ਹੈ ਕਿ ਪੱਛਮੀ ਬੰਗਾਲ ਵਿੱਚ ਮੌਜੂਦਾ ਵੋਟਰ ਸੂਚੀਆਂ ਵਿੱਚ ਲਗਭਗ 26 ਲੱਖ ਵੋਟਰਾਂ ਦੇ ਨਾਮ 2002 ਦੀਆਂ ਵੋਟਰ ਸੂਚੀਆਂ ਨਾਲ ਮੇਲ ਨਹੀਂ ਖਾਂਦੇ। ਇਸ ਦੀ ਜਾਣਕਾਰੀ ਇਕ ਅਧਿਕਾਰੀ ਵਲੋਂ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਅੰਤਰ ਉਦੋਂ ਸਾਹਮਣੇ ਆਇਆ,




ਜਦੋਂ ਰਾਜ ਦੀ ਨਵੀਨਤਮ ਵੋਟਰ ਸੂਚੀ ਦੀ ਤੁਲਨਾ ਪਿਛਲੀ SIR ਪ੍ਰਕਿਰਿਆ ਦੌਰਾਨ 2002 ਅਤੇ 2006 ਦੇ ਵਿਚਕਾਰ ਵੱਖ-ਵੱਖ ਰਾਜਾਂ ਵਿੱਚ ਤਿਆਰ ਕੀਤੀਆਂ ਗਈਆਂ ਸੂਚੀਆਂ ਨਾਲ ਕੀਤੀ ਗਈ। ਚੋਣ ਕਮਿਸ਼ਨ ਦੇ ਸੂਤਰਾਂ ਅਨੁਸਾਰ, ਮੌਜੂਦਾ SIR ਪ੍ਰਕਿਰਿਆ ਦੇ ਤਹਿਤ ਬੁੱਧਵਾਰ ਦੁਪਹਿਰ ਤੱਕ ਪੱਛਮੀ ਬੰਗਾਲ ਵਿੱਚ 6 ਕਰੋੜ ਤੋਂ ਵੱਧ ਗਿਣਤੀ ਫਾਰਮ ਅਪਲੋਡ ਕੀਤੇ ਜਾ ਚੁੱਕੇ ਹਨ। ਅਧਿਕਾਰੀਆਂ ਨੇ ਦੱਸਿਆ, ਪੋਰਟਲ 'ਤੇ ਅਪਲੋਡ ਹੋਣ ਤੋਂ ਬਾਅਦ ਇਹਨਾਂ ਫਾਰਮਾਂ ਨੂੰ 'ਮੈਪਿੰਗ' ਪ੍ਰਕਿਰਿਆ ਦੇ ਅਧੀਨ ਕੀਤਾ ਜਾਂਦਾ ਹੈ, ਜਿੱਥੇ ਇਹਨਾਂ ਨੂੰ ਪਿਛਲੇ SIR ਰਿਕਾਰਡਾਂ ਨਾਲ ਮਿਲਾਇਆ ਜਾਂਦਾ ਹੈ। ਸ਼ੁਰੂਆਤੀ ਖੋਜਾਂ ਤੋਂ ਪਤਾ ਚੱਲਦਾ ਹੈ ਕਿ ਪੱਛਮੀ ਬੰਗਾਲ ਵਿੱਚ ਲਗਭਗ 26 ਲੱਖ ਵੋਟਰਾਂ ਦੇ ਨਾਮ ਅਜੇ ਵੀ ਪਿਛਲੇ SIR ਚੱਕਰ ਦੇ ਡੇਟਾ ਨਾਲ ਮੇਲ ਨਹੀਂ ਖਾਂਦੇ।

## ਮੇਹੁਲ ਚੋਕਸੀ ਨੂੰ ਵੱਡਾ ਝਟਕਾ, ਮੁੰਬਈ ਕੋਰਟ ਨੇ FEO ਕੇਸ ਖ਼ਤਮ ਕਰਨ ਤੋਂ ਕੀਤੀ ਕੋਰੀ ਨਾਂਹ

ਕੌਮੀ ਪਤ੍ਰਿਕਾ

ਮੁੰਬਈ 29 ਨਵੰਬਰ। ਕਰੋੜਾਂ ਰੁਪਏ ਦੇ ਪੰਜਾਬ ਨੈਸ਼ਨਲ ਬੈਂਕ ਘੁਟਾਲੇ ਦੇ ਦੋਸ਼ੀ ਹੀਰਾ ਵਪਾਰੀ ਮੇਹੁਲ ਚੋਕਸੀ ਨੂੰ ਮੁੰਬਈ ਦੀ ਇੱਕ ਵਿਸ਼ੇਸ਼ ਅਦਾਲਤ ਤੋਂ ਵੱਡਾ ਝਟਕਾ ਲੱਗਾ ਹੈ। ਅਦਾਲਤ ਨੇ ਚੋਕਸੀ ਦੀ ਉਸ ਅਰਜ਼ੀ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਉਸ ਨੂੰ ਭਗੌੜਾ ਆਰਥਿਕ ਅਪਰਾਧੀ ਐਲਾਨ ਕਰਨ ਦੀ ਕਾਰਵਾਈ ਖਤਮ ਕਰਨ ਦੀ ਮੰਗ ਕੀਤੀ ਗਈ ਸੀ। ਧੋਖਾਧੜੀ ਦੇ ਮਾਮਲਿਆਂ ਦੌਰਾਨ ਦੇਸ਼ ਛੱਡ ਕੇ ਭੱਜ ਗਿਆ ਚੋਕਸੀ ਇਸ ਸਮੇਂ ਭਾਰਤ ਸਰਕਾਰ ਦੀ ਬੇਨਤੀ 'ਤੇ ਬੈਲਜੀਅਮ ਪੁਲਸ ਦੀ ਹਿਰਾਸਤ ਵਿੱਚ ਹੈ। ਉਸਦੇ ਵਕੀਲਾਂ ਵਿਜੇ ਅਗਰਵਾਲ, ਰਾਹੁਲ ਅਗਰਵਾਲ ਅਤੇ ਜੈਸਮੀਨ ਪੁਰਾਨੀ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਕਿਉਂਕਿ ਉਹ ਹਿਰਾਸਤ ਵਿੱਚ ਹੈ, ਇਸ ਲਈ ED ਉਸ ਨੂੰ FEO ਐਲਾਨ ਕਰਨ ਦੀ ਪ੍ਰਕਿਰਿਆ ਜਾਰੀ ਨਹੀਂ ਰੱਖ ਸਕਦੀ। ED ਨੇ ਸਖ਼ਤ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਚੋਕਸੀ ਭਾਰਤ ਵਾਪਸ ਆਉਣ ਤੋਂ ਬਚਣ ਲਈ ਬੈਲਜੀਅਮ ਵਿੱਚ ਹਵਾਲਗੀ ਵਿਰੁੱਧ ਕਾਨੂੰਨੀ ਲੜਾਈ ਲੜ ਰਿਹਾ ਹੈ। ਏਜੰਸੀ ਨੇ ਕਿਹਾ ਕਿ FEO ਪ੍ਰਕਿਰਿਆ ਸਿਰਫ਼ ਉਦੋਂ ਹੀ ਰੁਕਦੀ ਹੈ, ਜਦੋਂ ਦੋਸ਼ੀ ਅਦਾਲਤ ਵਿੱਚ ਪੇਸ਼ ਹੁੰਦਾ



ਹੈ, ਜੋ ਕਿ ਚੋਕਸੀ ਨੇ ਨਹੀਂ ਕੀਤਾ ਹੈ। ED ਨੇ ਜ਼ੋਰ ਦੇ ਕੇ ਕਿਹਾ ਕਿ ਅਰਜ਼ੀ ਦਾ ਕੋਈ ਮੈਰਿਟ ਨਹੀਂ ਹੈ ਅਤੇ ਇਸ ਨੂੰ ਖਾਰਜ ਕਰ ਦਿੱਤਾ ਜਾਣਾ ਚਾਹੀਦਾ ਹੈ। ਚੋਕਸੀ ਦੇ ਭਤੀਜੇ ਨੀਰਵ ਮੋਦੀ ਨੂੰ ਪਹਿਲਾਂ ਹੀ ਐੱਫਈਓ ਐਲਾਨਿਆ ਜਾ ਚੁੱਕਾ ਹੈ। ਐੱਫਈਓ ਕਾਨੂੰਨ ਤਹਿਤ, ਅਦਾਲਤ 100 ਕਰੋੜ ਰੁਪਏ ਤੋਂ ਵੱਧ ਦੇ ਕਿਸੇ ਵੀ ਮਾਮਲੇ ਵਿੱਚ ਭਗੌੜਾ ਦੋਸ਼ੀ ਨੂੰ ਐੱਫਈਓ ਐਲਾਨ ਸਕਦੀ ਹੈ। ਐੱਫਈਓ ਐਲਾਨੇ ਜਾਣ 'ਤੇ ਉਸਦੀ ਜਾਇਦਾਦ ਜ਼ਬਤ ਕੀਤੀ ਜਾ ਸਕਦੀ ਹੈ। ਜਾਣਕਾਰੀ ਮੁਤਾਬਕ, 17 ਅਕਤੂਬਰ ਨੂੰ ਬੈਲਜੀਅਮ ਦੀ ਇੱਕ ਅਦਾਲਤ ਨੇ ਚੋਕਸੀ ਨੂੰ ਭਾਰਤ ਹਵਾਲੇ ਕਰਨ ਦੀ ਬੇਨਤੀ ਨੂੰ ਮਨਜ਼ੂਰੀ ਦੇ ਦਿੱਤੀ ਸੀ, ਪਰ ਉਸਨੇ ਇਸ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਸੀਬੀਆਈ ਅਤੇ ਈਡੀ ਦੋਵੇਂ ਹੀ 13,000 ਕਰੋੜ ਰੁਪਏ ਦੇ ਪੀਐੱਨਬੀ ਘੁਟਾਲੇ ਵਿੱਚ ਚੋਕਸੀ ਅਤੇ ਨੀਰਵ ਮੋਦੀ ਦੀ ਜਾਂਚ ਕਰ ਰਹੇ ਹਨ, ਜਿਸ ਵਿੱਚ ਉਨ੍ਹਾਂ 'ਤੇ ਮੁੰਬਈ ਦੀ ਬ੍ਰੈਡੀ ਹਾਊਸ ਸ਼ਾਖਾ ਦੇ ਅਧਿਕਾਰੀਆਂ ਨੂੰ ਰਿਸ਼ਵਤ ਦੇ ਕੇ LoU ਅਤੇ FLC ਜ਼ਰੀਏ ਵਿਦੇਸ਼ੀ ਧਨ ਰਾਸ਼ੀ ਹੜੱਪਣ ਦਾ ਦੋਸ਼ ਹੈ। ਨੀਰਵ ਮੋਦੀ ਇਸ ਸਮੇਂ ਲੰਡਨ ਦੀ ਜੇਲ੍ਹ ਵਿੱਚ ਹੈ ਅਤੇ ਹਵਾਲਗੀ ਤੋਂ ਬਚਣ ਲਈ ਕਾਨੂੰਨੀ ਲੜਾਈ ਲੜ ਰਿਹਾ ਹੈ। ਵਿਸ਼ੇਸ਼ ਜੱਜ ਏ. ਵੀ. ਗੁਜਰਾਤੀ ਦਾ ਵਿਸਤ੍ਰਿਤ ਆਦੇਸ਼ ਅਜੇ ਆਉਣਾ ਬਾਕੀ ਹੈ।

## '2047 'ਚ ਸੁਪਰਪਾਵਰ ਬਣ ਜਾਵੇਗਾ ਭਾਰਤ, ਸਪੇਸ ਤਕਨਾਲੋਜੀ ਦਾ ਹੋਵੇਗਾ ਵੱਡਾ ਯੋਦਗਾਨ' : ਡਾ. ਐੱਸ. ਸੋਮਨਾਥ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਦੇਹਰਾਦੂਨ 29 ਨਵੰਬਰ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਸਾਬਕਾ ਚੇਅਰਮੈਨ ਡਾ. ਐੱਸ. ਸੋਮਨਾਥ ਨੇ ਕਿਹਾ ਕਿ 2047 ਦਾ ਵਿਕਸਿਤ ਭਾਰਤ ਇਕ ਮਹਾਸ਼ਕਤੀ ਵਜੋਂ ਉਭਰੇਗਾ, ਜਿਸ 'ਚ ਪੁਲਾੜ ਤਕਨਾਲੋਜੀ ਅਤੇ ਨਿਰਮਾਣ ਖੇਤਰ ਦਾ ਵੱਡਾ ਯੋਗਦਾਨ ਹੋਵੇਗਾ। ਸੋਮਨਾਥ ਨੇ ਸ਼ੁੱਕਰਵਾਰ ਨੂੰ ਅਖਿਲ ਭਾਰਤੀ ਵਿਦਿਆਨੀ ਪ੍ਰੀਸ਼ਦ (ਏਬੀਵੀਪੀ) ਦੇ 71ਵੇਂ ਸੰਮੇਲਨ ਦਾ ਉਦਘਾਟਨ ਕਰਦੇ ਹੋਏ ਕਿਹਾ,"ਭਾਰਤ 2047 'ਚ ਇਕ ਮਹਾਸ਼ਕਤੀ ਹੋਵੇਗਾ ਅਤੇ ਦੁਨੀਆ 'ਚ ਪੁਲਾੜ ਤਕਨਾਲੋਜੀ ਅਤੇ ਨਿਰਮਾਣ ਖੇਤਰ 'ਚ ਮੁੱਖ ਸਪਲਾਇਰ ਹੋਵੇਗਾ।" ਇਸਰੋ ਦੇ ਸਾਬਕਾ ਮੁਖੀ ਨੇ ਕਿਹਾ ਕਿ ਵਿਗਿਆਨ ਅਤੇ ਅਧਿਆਤਮਿਕ ਇਕੱਠੇ ਰਹਿ ਸਕਦੇ ਹਨ ਪਰ ਅਸਲੀਅਤ ਇਕ-ਦੂਜੇ ਦੇ ਪੂਰਕ ਹਨ। ਇਸ ਸੰਬੰਧ 'ਚ ਉਨ੍ਹਾਂ ਕਿਹਾ ਕਿ ਸਾਡੇ ਰਿਸ਼ੀ-ਸੰਤਾਂ ਨੇ ਗਣਿਤ, ਖਗੋਲ ਵਿਗਿਆਨ, ਧਾਤੂ ਵਿਗਿਆਨ, ਵਾਸਤੂਕਲਾ ਅਤੇ ਮੈਡੀਕਲ ਖੇਤਰ 'ਚ ਖੋਜ ਕੀਤੀ ਅਤੇ ਸਾਡੇ ਅਧਿਆਤਮਿਕ ਵਿਸ਼ੇ 'ਚ ਆਧੁਨਿਕ ਵਿਗਿਆਨ ਦੀ ਸੂਝ ਹੈ। ਸੋਮਨਾਥ ਨੇ ਕਿਹਾ ਕਿ ਸਾਰੇ ਜਾਣਦੇ ਹਨ ਕਿ ਭਾਰਤ ਅੱਗੇ ਵਧ ਰਿਹਾ ਹੈ , ਜਿਸ ਨਾਲ ਲੋਕਾਂ 'ਚ ਇਕ ਨਵਾਂ ਵਿਸ਼ਵਾਸ ਉਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹਾ




ਪਹਿਲੀ ਵਾਰ ਹੋ ਰਿਹਾ ਹੈ ਕਿ ਭਾਰਤ ਨੂੰ ਵਿਸ਼ਵ 'ਚ ਇਕ ਵੱਖਰੇ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ ਅਤੇ ਇਹ ਇਸ ਲਈ ਵੀ ਸੰਭਵ ਹੋਇਆ ਹੈ ਕਿਉਂਕਿ ਅਸੀਂ ਲੋਕਤੰਤਰੀ ਸਥਿਰਤਾ ਦੇ ਥੰਮ?ਹ ਹਾਂ। ਉਨ੍ਹਾਂ ਕਿਹਾ ਕਿ ਅੱਜ ਭਾਰਤ ਯੁਵਾ ਸ਼ਕਤੀ ਦਾ ਭਾਰਤ ਹੈ, ਜਿਸ 'ਚ 25 ਫੀਸਦੀ ਆਬਾਦੀ ਨੌਜਵਾਨਾਂ ਦੀ ਹੈ ਅਤੇ ਅਗਲੇ 25 ਸਾਲਾਂ ਤੱਕ ਇਹੀ ਸਥਿਤੀ ਰਹੇਗੀ ਅਤੇ ਇਹ ਸਾਡੇ ਲਈ ਇਕ ਲਾਭ ਦੀ ਸਥਿਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦ੍ਰਿਸ਼ਟੀਕੋਣ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਹੁਣ ਸਰਕਾਰ ਪਰਮਾਣੂ ਖੇਤਰ 'ਚ ਵੀ ਨਿੱਜੀ ਉੱਦਮੀਆਂ ਨੂੰ ਮਨਜ਼ੂਰੀ ਦੇਣ ਜਾ ਰਹੀ ਹੈ, ਜਿਸ ਨਾਲ ਨੌਜਵਾਨਾਂ ਲਈ ਇਕ ਨਵਾਂ ਮੌਕਾ ਪੈਦਾ ਹੋਵੇਗਾ। ਉਨ੍ਹਾਂ ਕਿਹਾ ਕਿ ਹੁਣ ਹਰਿਤ ਤਕਨਾਲੋਜੀ 'ਚ ਵੀ ਨੌਜਵਾਨਾਂ ਨੂੰ ਹਿੱਸਾ ਲੈਣ ਦਾ ਮੌਕਾ ਮਿਲੇਗਾ। ਇਸਰੋ ਦੇ ਸਾਬਕਾ ਮੁਖਈ ਨੇ ਕਿਹਾ ਕਿ ਚੰਦਰਯਾਨ-3 ਰਾਹੀਂ ਭਾਰਤ ਚੰਨ ਦੇ ਦੱਖਣੀ ਹਿੱਸੇ 'ਤੇ ਪਹੁੰਚਣ ਵਾਲਾ ਵਿਸ਼ਵ ਦਾ ਪਹਿਲਾ ਦੇਸ਼ ਬਣਿਆ। ਉਨ੍ਹਾਂ ਕਿਹਾ ਕਿ ਆਦਿਤਿਆ ਐੱਲ-1 ਰਾਹੀਂ ਅਸੀਂ ਸੂਰਜ ਵੱਲ ਵੀ ਕਦਮ ਵਧਾ ਦਿੱਤੇ ਹਨ।

## ਨੈਸ਼ਨਲ ਕਾਨਫਰੰਸ ਦੀ ਦੋ ਦਿਨਾਂ ਮੀਟਿੰਗ ਮਗਰੋਂ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਕੀਤੇ ਤਿੱਖੇ ਸਵਾਲ

ਸ੍ਰੀਨਗਰ 29 ਨਵੰਬਰ। ਜੰਮੂ-ਕਸ਼ਮੀਰ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਡਾ. ਫਾਰੂਕ ਅਬਦੁੱਲਾ ਅਤੇ ਉਪ-ਪ੍ਰਧਾਨ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਦੀ ਪ੍ਰਧਾਨਗੀ ਹੇਠ ਵਰਕਿੰਗ ਕਮੇਟੀ ਦੀ ਮੀਟਿੰਗ ਸ੍ਰੀਨਗਰ ਦੇ ਨਵਾ-ਏ-ਸੁਭਾ ਸਥਿਤ ਪਾਰਟੀ ਹੈੱਡਕੁਆਰਟਰ ਵਿਖੇ ਲਗਾਤਾਰ ਦੂਜੇ ਦਿਨ ਵੀ ਜਾਰੀ ਰਹੀ। ਮੀਟਿੰਗ ਸਮਾਪਤ ਹੋਣ ਤੋਂ ਬਾਅਦ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਮੀਡੀਆ ਨੂੰ ਸੰਬੋਧਨ ਕੀਤਾ, ਜਿਸ ਦੌਰਾਨ ਉਨ੍ਹਾਂ ਨੇ ਕਈ ਮਹੱਤਵਪੂਰਨ ਨੁਕਤੇ ਉਠਾਏ। ਸੰਸਦ ਮੈਂਬਰ ਆਗਾ ਰੂਹੁੱਲਾ ਨਾਲ ਚੱਲ ਰਹੇ ਮਤਭੇਦ ਦੇ ਵਿਚਕਾਰ, ਜਿਨ੍ਹਾਂ ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਸੱਦਾ ਨਹੀਂ ਦਿੱਤਾ ਗਿਆ ਸੀ, ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪੈਨਲ ਸਿਰਫ ਉਨ੍ਹਾਂ ਨੇਤਾਵਾਂ ਲਈ ਹੈ, ਜੋ ਪਾਰਟੀ ਅਨੁਸ਼ਾਸਨ ਦੀ ਸਖ਼ਤੀ ਨਾਲ ਪਾਲਣਾ ਕਰਦੇ ਹਨ। ਦੋ ਦਿਨਾਂ ਵਰਕਿੰਗ ਕਮੇਟੀ ਦੀ ਮੀਟਿੰਗ ਸਮਾਪਤ ਹੋਣ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਵਿੱਚ ਉਮਰ ਅਬਦੁੱਲਾ ਨੇ ਕਿਹਾ ਕਿ ਪਾਰਟੀ ਦੀ ਵਰਕਿੰਗ ਕਮੇਟੀ ਉਨ੍ਹਾਂ ਲੋਕਾਂ ਲਈ ਹੈ, ਜੋ ਸੰਗਠਨਾਤਮਕ ਅਨੁਸ਼ਾਸਨ ਨੂੰ ਸਮਝਦੇ ਹਨ ਅਤੇ ਮੀਡੀਆ ਰਾਹੀਂ ਪਾਰਟੀ ਨਾਲ ਸੰਚਾਰ ਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਪੈਨਲ ਨੇ ਮੌਜੂਦਾ ਰਾਜਨੀਤਿਕ ਸਥਿਤੀ 'ਤੇ ਚਰਚਾ ਕੀਤੀ, ਵਿਧਾਇਕਾਂ ਅਤੇ ਅਹੁਦੇਦਾਰਾਂ ਤੋਂ ਫੀਡਬੈਕ ਲਿਆ ਅਤੇ ਬਡਗਾਮ ਅਤੇ ਨਗਰੋਟਾ ਸਮੇਤ ਕਈ ਹਲਕਿਆਂ ਵਿੱਚ ਪਾਰਟੀ ਦੇ ਪ੍ਰਦਰਸ਼ਨ ਦੀ ਸਮੀਖਿਆ ਕੀਤੀ। ਉਮਰ ਨੇ ਕਿਹਾ ਕਿ ਵਰਕਿੰਗ ਕਮੇਟੀ ਨੇ ਕੀਮਤੀ ਸੁਝਾਅ ਦਿੱਤੇ ਹਨ ਅਤੇ ਭਰੋਸਾ ਦਿੱਤਾ ਹੈ ਕਿ ਸੰਗਠਨਾਤਮਕ ਨੇਤਾਵਾਂ ਅਤੇ ਵਿਧਾਇਕਾਂ ਤੋਂ ਪ੍ਰਾਪਤ ਸਾਰੇ



ਸੁਝਾਵਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਮੇਟੀ ਨੇ ਚੋਣ ਨਤੀਜਿਆਂ ਦੀ ਵੀ ਸਮੀਖਿਆ ਕੀਤੀ ਹੈ ਅਤੇ ਪਾਰਟੀ ਆਉਣ ਵਾਲੇ ਦਿਨਾਂ ਵਿੱਚ ਜ਼ਰੂਰੀ ਫੈਸਲੇ ਲਵੇਗੀ। ਉਮਰ ਨੇ ਇਹ ਵੀ ਕਿਹਾ ਕਿ ਕਈ ਮਹੱਤਵਪੂਰਨ ਸੰਸਥਾਵਾਂ ਅਤੇ ਵਿਭਾਗ, ਜੋ ਚੁਣੀ ਹੋਈ ਸਰਕਾਰ ਦੇ ਨਿਯੰਤਰਣ ਅਧੀਨ ਹੋਣੇ ਚਾਹੀਦੇ ਹਨ, ਅਜੇ ਵੀ ਇਸਦੇ ਅਧਿਕਾਰ ਖੇਤਰ ਤੋਂ ਬਾਹਰ ਹਨ।

### ਆਸਾਰਾਮ ਦੇ ਪੁੱਤਰ ਨਾਰਾਇਣ ਸਾਈਂ ਕੋਲੋਂ ਜੇਲ੍ਹ ਵਿੱਚੋਂ ਮੋਬਾਈਲ ਫੋਨ ਬਰਾਮ

ਨੈਸ਼ਨਲ ਡੈਸਕ 29 ਨਵੰਬਰ। ਜਬਰ-ਜ਼ਨਾਹ ਦੇ ਮਾਮਲੇ 'ਚ ਗੁਜਰਾਤ ਦੀ ਸੂਰਤ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਆਸਾਰਾਮ ਦੇ ਪੁੱਤਰ ਨਾਰਾਇਣ ਸਾਈਂ ਦੀਆਂ ਗਲਤ ਹਰਕਤਾਂ ਜੇਲ੍ਹ ਦੇ ਅੰਦਰ ਵੀ ਜਾਰੀ ਹਨ। ਜਾਂਚ ਦੌਰਾਨ ਉਸਦੇ ਬੈਰਕ ਵਿੱਚੋਂ ਇੱਕ ਮੋਬਾਈਲ ਫੋਨ ਬਰਾਮਦ ਹੋਇਆ ਹੈ। ਜਾਣਕਾਰੀ ਅਨੁਸਾਰ ਨਾਰਾਇਣ ਸਾਈਂ ਜੇਲ੍ਹ ਦੇ ਅੰਦਰ ਆਪਣੀ ਗਤੀਵਿਧੀ ਜਾਰੀ ਰੱਖਣ ਲਈ ਮੋਬਾਈਲ ਦੀ ਵਰਤੋਂ ਕਰਦਾ ਸੀ ਅਤੇ ਇਸਨੂੰ ਫੜੇ ਜਾਣ ਤੋਂ ਬਚਾਉਣ ਲਈ ਉਹ ਬੈਟਰੀ ਅਤੇ ਸਿਮ ਕਾਰਡ ਵੱਖ-ਵੱਖ ਥਾਵਾਂ 'ਤੇ ਛੁਪਾਉਂਦਾ ਸੀ। ਪੁਲਸ ਅਨੁਸਾਰ, 27 ਨਵੰਬਰ ਨੂੰ ਪੁਖਤਾ ਸੂਚਨਾ ਦੇ ਆਧਾਰ 'ਤੇ ਜੇਲ੍ਹ ਸਕੁਐਡ ਨੇ ਨਾਰਾਇਣ ਸਾਈਂ ਦੇ ਬੈਰਕ ਦੀ ਤਲਾਸ਼ੀ ਲਈ। ਤਲਾਸ਼ੀ ਦੌਰਾਨ, ਉਸਦੇ ਬੈਰਕ ਵਿੱਚ ਲੋਹੇ ਦੇ ਦਰਵਾਜ਼ੇ ਦੇ ਪਿੱਛੇ ਦੀ ਤਰਫ ਚੁੰਬਕ ਦੀ ਮਦਦ ਨਾਲ ਚਿਪਕਾਇਆ ਹੋਇਆ ਮੋਬਾਈਲ ਫੋਨ ਬਰਾਮਦ ਹੋਇਆ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਉਹ ਗੱਲਬਾਤ ਕਰਨ ਤੋਂ ਬਾਅਦ ਮੋਬਾਈਲ ਦੀ ਬੈਟਰੀ ਅਤੇ ਸਿਮ ਕਾਰਡ ਤੁਰੰਤ ਕੱਢ ਲੈਂਦਾ ਸੀ, ਯਾਨੀ ਫੋਨ ਨੂੰ ਡਿਸਮੈਂਟਲ ਕਰ ਦਿੰਦਾ ਸੀ। ਉਸਦੇ ਥੈਲੇ ਵਿੱਚੋਂ ਜੀਓ ਕੰਪਨੀ ਦਾ ਇੱਕ ਸਿਮ ਕਾਰਡ ਵੀ ਮਿਲਿਆ ਹੈ। ਉਹ ਸਿਮ ਆਪਣੇ ਕੋਲ ਰੱਖਦਾ ਸੀ ਜਦੋਂ ਕਿ ਬੈਟਰੀ ਸਮੇਤ ਫੋਨ ਦੇ ਬਾਕੀ ਹਿੱਸੇ ਨੂੰ ਸੁਰੱਖਿਅਤ ਥਾਵਾਂ 'ਤੇ ਲੁਕਾ ਦਿੰਦਾ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ, ਜੇਲ੍ਹ ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕਰਦੇ ਹੋਏ ਸੂਰਤ ਦੇ ਸਚਿਨ ਥਾਣੇ ਵਿੱਚ ਸ਼ਿਕਾਇਤ (ਫਰਿਆਦ) ਦਰਜ ਕਰਵਾਈ ਹੈ। ਪੁਲਿਸ ਹੁਣ ਜਾਂਚ ਕਰ ਰਹੀ ਹੈ ਕਿ ਇੰਨਾ ਹਾਈ ਪ੍ਰੋਫਾਈਲ ਕੈਦੀ ਹੋਣ ਦੇ ਬਾਵਜੂਦ ਫੋਨ ਜੇਲ੍ਹ ਦੇ ਅੰਦਰ ਕਿਵੇਂ ਪਹੁੰਚਿਆ ਅਤੇ ਇਸਦੀ ਵਰਤੋਂ ਕਿਸ ਮਕਸਦ ਲਈ ਕੀਤੀ ਜਾ ਰਹੀ ਸੀ।

## ਸਿੱਧਰਮਈਆ ਨੇ ਕੀਤੀਆਂ ਮੁੱਖ ਮੰਤਰੀ ਅਹੁਦੇ ਨੂੰ ਬਰਕਰਾਰ ਰੱਖਣ ਦੀਆਂ ਕੋਸ਼ਿਸ਼ਾਂ ਤੇਜ਼

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਬੈਂਗਲੁਰੂ, 29 ਨਵੰਬਰ। ਕਰਨਾਟਕ 'ਚ ਮੁੱਖ ਮੰਤਰੀ ਸਿੱਧਰਮਈਆ ਨੇ ਆਪਣੀ ਕੁਰਸੀ ਬਚਾਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ, ਜਦੋਂ ਕਿ ਉਪ-ਮੁੱਖ ਮੰਤਰੀ ਡੀ. ਕੇ. ਸ਼ਿਵਕੁਮਾਰ ਦੇ ਖੇਮੇ ਨੇ ਨਵੀਂ ਦਿੱਲੀ 'ਚ ਪਾਰਟੀ ਹਾਈਕਮਾਨ 'ਤੇ ਦਬਾਅ ਵਧਾ ਦਿੱਤਾ ਹੈ। ਸ਼ਿਵਕੁਮਾਰ ਵੱਲੋਂ 2023 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਜਿੱਤ ਤੋਂ ਬਾਅਦ '5-6 ਨੇਤਾਵਾਂ ਵਿਚ ਲੀਡਰਸ਼ਿਪ ਤਬਦੀਲੀ 'ਤੇ ਇਕ ਗੁਪਤ ਸਮਝ' ਹੋਣ ਦੀ ਗੱਲ ਸਭ ਦੇ ਸਾਹਮਣੇ ਕਹਿਣ ਤੋਂ ਇਕ ਦਿਨ ਬਾਅਦ ਉਨ੍ਹਾਂ ਦੇ ਧੜੇ ਨੇ ਢਾਈ ਸਾਲ ਦੇ ਸੱਤੀ ਸਾਂਝੀ ਕਰਨ ਦੇ ਫਾਰਮੂਲੇ ਦਾ ਹਵਾਲਾ ਦਿੰਦੇ ਹੋਏ ਕੌਮੀ ਰਾਜਧਾਨੀ ਦਾ ਦੌਰਾ ਕੀਤਾ ਹੈ। ਉਨ੍ਹਾਂ ਨਾਲ ਜੁੜ? ਕਈ ਵਿਧਾਇਕਾਂ ਨੇ ਦਿੱਲੀ 'ਚ ਪਾਰਟੀ ਦੇ ਚੋਟੀ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ ਅਤੇ ਕੇਂਦਰੀ ਲੀਜਰਸ਼ਿਪ ਨੂੰ ਤੁਰੰਤ ਫੈਸਲਾ ਲੈਣ ਦੀ ਅਪੀਲ ਕੀਤੀ। ਸ਼ਿਵਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਿੱਧੇ ਟਕਰਾਅ ਤੋਂ ਪਰਹੇਜ਼ ਕੀਤਾ ਪਰ ਧੀਰਜ ਆਧਾਰਿਤ ਰਾਜਨੀਤੀ 'ਤੇ ਆਪਣਾ ਰੁਖ਼ ਦੋਹਰਾਉਂਦੇ ਹੋਏ ਕਿਹਾ ਕਿ ਕਾਂਗਰਸ ਨੂੰ ਅੰਦਰੂਨੀ ਝਗੜੇ ਨਾਲ ਕਮਜ਼ੋਰ ਨਹੀਂ ਹੋਣਾ ਚਾਹੀਦਾ। ਇਸ ਦਰਮਿਆਨ ਸਿੱਧਰਮਈਆ ਨੇ ਆਪਣਾ ਦਾਅਵਾ ਮਜ਼ਬੂਤ ਕਰਨ ਲਈ ਨਾਲ-ਨਾਲ ਕੋਸ਼ਿਸ਼ਾਂ ਵੀ ਸ਼ੁਰੂ ਕੀਤੀਆਂ। ਮੁੱਖ ਮੰਤਰੀ ਨੇ ਆਲਾਕਮਾਨ ਨੂੰ ਦੱਸਿਆ ਕਿ ਬਦਲਾਅ ਨੂੰ ਲੈ ਕੇ ਜੋ ਬੇਭਰੋਸਗੀ ਹੈ ਉਹ ਖਤਮ ਹੋਣੀ ਚਾਹੀਦੀ ਹੈ ਅਤੇ ਆਖਰੀ ਫੈਸਲਾ ਕੇਂਦਰੀ ਲੀਡਰਸ਼ਿਪ ਨੂੰ ਹੀ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਵੀਰਵਾਰ ਸਵੇਰੇ ਆਪਣੇ ਘਰ 'ਤੇ ਸੀਨੀਅਰ ਮੰਤਰੀਆਂ ਨਾਲ ਇਕ ਬੈਠਕ ਕੀਤੀ। ਬੈਂਗਲੁਰੂ :



ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀਰਵਾਰ ਨੂੰ ਕਿਹਾ ਕਿ ਉਹ ਕਰਨਾਟਕ 'ਚ ਚੱਲ ਰਹੇ ਲੀਡਰਸ਼ਿਪ ਦੇ ਮੁੱਦੇ 'ਤੇ ਚਰਚਾ ਕਰਨ ਲਈ ਨਵੀਂ ਦਿੱਲੀ 'ਚ ਰਾਹੁਲ ਗਾਂਧੀ, ਮੁੱਖ ਮੰਤਰੀ ਸਿੱਧਰਮਈਆ ਅਤੇ ਉਪ-ਮੁੱਖ ਮੰਤਰੀ ਡੀ. ਕੇ. ਸ਼ਿਵਕੁਮਾਰ ਸਮੇਤ ਸੀਨੀਅਰ ਨੇਤਾਵਾਂ ਦੀ ਇਕ ਬੈਠਕ ਬੁਲਾਉਣਗੇ। ਖੜਗੇ ਨੇ ਦੱਸਿਆ ਕਿ ਇਸ ਬੈਠਕ 'ਚ ਨੇਤਾ ਇਸ ਮੁੱਦੇ ਨੂੰ ਸੁਲਝਾਉਣਗੇ ਅਤੇ ਅੱਗੇ ਦੀ ਰਣਨੀਤੀ 'ਤੇ ਚਰਚਾ ਕਰਨਗੇ, ਜਿਸ ਨਾਲ ਕਰਨਾਟਕ 'ਚ ਲੀਡਰਸ਼ਿਪ ਦੇ ਮੁੱਦੇ ਨਾਲ ਜੁੜਿਆ ਜੋ ਵੀ 'ਭੁਲੇਖਾ' ਹੈ, ਉਹ ਖਤਮ ਹੋ ਜਾਵੇਗਾ।

### ਗਰੀਬ ਪਟੀਸ਼ਨਰਾਂ ਨੂੰ ਇਨਸਾਫ ਦਿਵਾਉਣ ਲਈ ਅੱਧੀ ਰਾਤ ਤੱਕ ਅਦਾਲਤ 'ਚ ਬੈਠ ਸਕਦਾ ਹਾਂ: ਸੀ. ਜੇ. ਆਈ.

ਨਵੀਂ ਦਿੱਲੀ 29 ਨਵੰਬਰ। ਸੁਪਰੀਮ ਕੋਰਟ ਦੇ ਚੀਫ ਜਸਟਿਸ (ਸੀ. ਜੇ. ਆਈ.) ਸੂਰਿਆਕਾਂਤ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਗਰੀਬ ਪਟੀਸ਼ਨਰਾਂ ਲਈ ਇਨਸਾਫ ਯਕੀਨੀ ਬਣਾਉਣਾ ਉਨ੍ਹਾਂ ਦੀ ਸਭ ਤੋਂ ਪਹਿਲੀ ਤਰਜੀਹ ਹੈ ਅਤੇ ਉਹ ਉਨ੍ਹਾਂ ਲਈ ਅਦਾਲਤ 'ਚ ਅੱਧੀ ਰਾਤ ਤੱਕ ਬੈਠ ਸਕਦੇ ਹਨ। ਜਸਟਿਸ ਸੂਰਿਆਕਾਂਤ ਨੇ ਤਿਲਕ ਸਿੰਘ ਡਾਂਗੀ ਨਾਂ ਦੇ ਵਿਅਕਤੀ ਵੱਲੋਂ ਕੇਂਦਰ ਅਤੇ ਹੋਰਨਾਂ ਦੇ ਖਿਲਾਫ ਦਰਜ ਪਟੀਸ਼ਨ ਨੂੰ ਖਾਰਿਜ ਕਰਦੇ ਹੋਏ ਇਹ ਟਿੱਪਣੀ ਕੀਤੀ। ਇਸ ਦੌਰਾਨ, ਸੀ. ਜੇ. ਆਈ. ਸੂਰਿਆਕਾਂਤ ਨੇ ਕਿਹਾ, "ਮੇਰੀ ਅਦਾਲਤ 'ਚ, ਕੋਈ ਵੀ ਬੇਲੋੜਾ ਜਾਂ ਅਦਾਲਤ ਦਾ ਸਮਾਂ ਬਰਬਾਦ ਕਰਨ ਵਾਲਾ ਮੁਕੱਦਮਾ ਨਹੀਂ ਹੈ।" ਉਨ੍ਹਾਂ ਕਿਹਾ ਕਿ ਅਜਿਹੇ ਮਾਮਲੇ ਅਮੀਰ ਪਟੀਸ਼ਨਰ ਹੀ ਲੜਦੇ ਹਨ। ਉਨ੍ਹਾਂ ਨੇ ਆਪਣੀ ਸਰਵਉੱਚ ਤਰਜੀਹ ਗਿਣਾਉਂਦੇ ਹੋਏ ਕਿਹਾ, "ਮੈਂ ਤੁਹਾਨੂੰ ਦੱਸ ਦੇਵਾਂ... ਮੈਂ ਇੱਥੇ ਸਭ ਤੋਂ ਛੋਟੇ... ਸਭ ਤੋਂ ਗਰੀਬ ਧਿਰਾਂ ਲਈ ਹਾਂ।

# ਆਜ਼ਾਦੀ ਦਿਹਾੜੇ ਦੇ ਜਸ਼ਨਾਂ 'ਚ ਵਿਘਨ ਪਾਉਣ ਦੀ ਫਿਰਾਕ 'ਚ ਪਾਕਿ ਏਜੰਸੀਆਂ, ਸੁਰੱਖਿਆ ਏਜੰਸੀਆਂ ਚੌਕਸ

ਕੌਮੀ ਪਤ੍ਰਿਕਾ

ਅੰਮ੍ਰਿਤਸਰ 29 ਨਵੰਬਰ। ਇਕ ਪਾਸੇ ਜਿਵੇਂ-ਜਿਵੇਂ ਆਜ਼ਾਦੀ ਦਿਹਾੜਾ ਨੇੜੇ ਆ ਰਿਹਾ ਹੈ ਸੁਰੱਖਿਆ ਏਜੰਸੀਆਂ ਪੂਰੀ ਤਰ੍ਹਾਂ ਚੌਕਸ ਹਨ ਤੇ ਆਜ਼ਾਦੀ ਦਿਹਾੜਾ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ ਪਾਕਿਸਤਾਨੀ ਖੁਫੀਆ ਏਜੰਸੀਆਂ ਆਪਣੇ ਸੁਭਾਅ ਅਨੁਸਾਰ ਜਸ਼ਨਾਂ ਵਿਚ ਵਿਘਨ ਪਾਉਣ ਦੀ ਫਿਰਾਕ ਵਿਚ ਹਨ। ਪਾਕਿਸਤਾਨ ਤਰਨਤਾਰਨ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਸਰਹੱਦੀ ਪਿੰਡਾਂ 'ਚ ਲਗਾਤਾਰ ਡਰੋਨ ਦੀਆਂ ਗਤੀਵਿਧੀਆਂ ਵਧਾ ਰਿਹਾ ਹੈ ਅਤੇ ਪਿਛਲੇ ਇਕ ਹਫ਼ਤੇ ਤੋਂ ਇਹ ਗਤੀਵਿਧੀਆਂ ਕਾਫ਼ੀ ਤੇਜ਼ ਹੁੰਦੀਆਂ ਵੇਖੀਆਂ ਜਾ ਰਹੀਆਂ ਹਨ। ਇਨ੍ਹਾਂ ਹੀ ਨਹੀਂ ਡਰੋਨਾਂ ਦੁਆਰਾ ਫੈਲਾਈ ਜਾਣ ਵਾਲੀ ਹੈਰੋਇਨ ਦੇ ਨਾਲ-ਨਾਲ ਜਿਗਾਨਾ, ਗਲੌਕ, 9 ਐੱਮ. ਐੱਮ., ਸਟਾਰ ਮਾਰਕਾ ਆਦਿ ਸਮੇਤ ਅਤਿ-ਆਧੁਨਿਕ ਪਿਸਤੌਲਾਂ ਤੋਹਫ਼ੇ ਵਜੋਂ ਦਿੱਤੀਆਂ ਜਾ ਰਹੀਆਂ ਹਨ। ਪਿਛਲੇ ਇਕ ਹਫ਼ਤੇ ਦੌਰਾਨ ਬੀ. ਐੱਸ. ਐੱਫ. ਅਤੇ ਪੁਲਸ ਵੱਲੋਂ ਕੀਤੇ ਗਏ ਸਾਂਝੇ ਆਪ੍ਰੇਸ਼ਨਾਂ ਦੌਰਾਨ ਵੱਡੀ ਗਿਣਤੀ ਵਿਚ ਹੈਰੋਇਨ ਅਤੇ ਹਥਿਆਰਾਂ ਦੇ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਦਰਜਨਾਂ ਆਧੁਨਿਕ ਹਥਿਆਰ ਜ਼ਬਤ ਕੀਤੇ ਗਏ ਹਨ। ਅੰਮ੍ਰਿਤਸਰ ਦੇ ਸਭ ਤੋਂ ਬਦਨਾਮ ਪਿੰਡਾਂ ਵਿਚੋਂ ਇਕ ਮੋਦੇ, ਭੈਰੋਪਾਲ, ਨੇਸ਼ਟਾ, ਅਟਾਰੀ, ਧਨੋਆਂ ਕਲਾਂ, ਧਨੋਆਂ ਖੁਰਦ, ਰਤਨ ਖੁਰਦ, ਮੁਹਾਵਾ, ਰਤਨ ਖੁਰਦ, ਬੱਲਡਵਾਲ, ਕੱਕੜ ਅਤੇ ਹੋਰ ਪਿੰਡਾਂ ਦੇ ਨੇੜੇ ਬੀ. ਐੱਸ. ਐੱਫ. ਦੀਆਂ ਚੌਕੀਆਂ 'ਤੇ ਗਸ਼ਤ ਵਧਾ ਦਿੱਤੀ ਗਈ ਹੈ। ਪੁਲਸ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ ਅਤੇ ਹੋਰ ਜਨਤਕ ਥਾਵਾਂ 'ਤੇ ਵੀ ਲਗਾਤਾਰ ਤਲਾਸ਼ੀ ਮੁਹਿੰਮ ਚਲਾ ਰਹੀ ਹੈ ਅਤੇ ਸ਼ੱਕੀ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਹਾਲ ਹੀ ਵਿਚ ਇਕ ਧਾਰਮਿਕ ਅਸਥਾਨ ਨੇੜੇ ਖਾਲਿਸਤਾਨ ਦੇ ਨਾਅਰੇ ਲਿਖਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸਥਿਤੀ ਹੋਰ ਵੀ ਸੰਵੇਦਨਸ਼ੀਲ ਹੋ ਗਈ ਹੈ। ਬੀ. ਐੱਸ. ਐੱਫ., ਏ. ਐੱਨ. ਟੀ. ਐੱਫ. ਅਤੇ ਪੁਲਸ ਨੇ ਪਿਛਲੇ ਕੁਝ ਮਹੀਨਿਆਂ ਵਿਚ ਦਰਜਨਾਂ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਸਮੱਗਲਰ 17 ਤੋਂ 25 ਸਾਲ ਦੀ ਉਮਰ ਦੇ ਹਨ ਅਤੇ ਵਿਦੇਸ਼ਾਂ ਵਿਚ ਬੈਠੇ ਅੱਤਵਾਦੀਆਂ ਤੋਂ ਧੋਖਾ ਖਾ ਕੇ ਉਨ੍ਹਾਂ ਲਈ ਕੰਮ ਕਰ



ਰਹੇ ਹਨ ਕਿਉਂਕਿ ਸਰਹੱਦੀ ਖੇਤਰ ਹੋਣ ਕਰ ਕੇ ਜ਼ਿਆਦਾਤਰ ਨੌਜਵਾਨ ਬੇਰੁਜ਼ਗਾਰ ਹਨ, ਜਿਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਕੰਮ ਨਹੀਂ ਮਿਲਦਾ, ਜਦੋਂ ਕਿ ਕੁਝ ਆਸਾਨੀ ਨਾਲ ਪੈਸੇ ਦੇ ਜਾਲ ਵਿਚ ਫਸ ਜਾਂਦੇ ਹਨ। ਸਰਕਾਰ ਦੇ ਹੁਕਮਾਂ ਅਨੁਸਾਰ ਅੰਮ੍ਰਿਤਸਰ ਸਮੇਤ ਪੂਰੇ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਦੇ ਪਿੰਡਾਂ ਵਿਚ ਗ੍ਰਾਮ ਰੱਖਿਆ ਕਮੇਟੀਆਂ ਬਣਾਈਆਂ ਗਈਆਂ ਹਨ। ਇਹ ਕਮੇਟੀਆਂ ਰਾਤ ਨੂੰ ਵੀ ਲਗਾਤਾਰ ਨਿਗਰਾਨੀ ਰੱਖ ਰਹੀਆਂ ਹਨ। ਇਸ ਦੇ ਬਾਵਜੂਦ ਡਰੋਨਾਂ ਦੀ ਆਵਾਜਾਈ ਜਾਰੀ ਹੈ ਅਤੇ ਹੈਰੋਇਨ ਦੀ ਰਿਕਵਰੀ ਵੀ ਜਾਰੀ ਹੈ। ਹਾਲ ਹੀ ਵਿਚ ਸ਼ਹਿਰ ਪੁਲਸ ਵੱਲੋਂ ਵੀ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਕੇਂਦਰ ਸਰਕਾਰ ਨੇ ਅੰਮ੍ਰਿਤਸਰ ਸਰਹੱਦ 'ਤੇ ਐਂਟੀ ਡਰੋਨ ਸਿਸਟਮ ਲਗਾਏ ਹਨ। ਪੰਜਾਬ ਸਰਕਾਰ ਨੇ ਵੀ ਅੰਮ੍ਰਿਤਸਰ ਸਰਹੱਦ 'ਤੇ ਐਂਟੀ ਡਰੋਨ ਸਿਸਟਮ ਲਗਾਏ ਹਨ। ਇਸ ਵਿਚ ਤਰਨਤਾਰਨ ਜ਼ਿਲ੍ਹੇ ਦਾ ਨਾਮ ਵੀ ਜੋੜਿਆ ਗਿਆ ਹੈ, ਪਰ ਇਹ ਸਭ ਕਰਨ ਤੋਂ ਬਾਅਦ ਵੀ ਡਰੋਨਾਂ ਦੀ ਆਵਾਜਾਈ ਰੁਕ ਨਹੀਂ ਰਹੀ ਹੈ। ਹਰ ਰੋਜ਼ ਛੇ ਡਰੋਨ ਬਰਾਮਦ ਕੀਤੇ ਜਾ ਰਹੇ ਹਨ। ਪੰਜਾਬ ਅਤੇ ਜੰਮੂ-ਕਸ਼ਮੀਰ ਦੇ ਰਸਤੇ ਦੇ ਨਾਲ-ਨਾਲ ਗੁਜਰਾਤ ਅਤੇ ਮੁੰਬਈ ਦੀਆਂ ਬੰਦਰਗਾਹਾਂ ਨੂੰ ਵੀ ਨਸ਼ਾ ਸਮੱਗਲਰਾਂ ਦੁਆਰਾ ਤਸਕਰੀ ਲਈ ਵਰਤਿਆ ਜਾ ਰਿਹਾ ਹੈ। 3300 ਕਿਲੋਗ੍ਰਾਮ ਦੀ ਸਭ ਤੋਂ ਵੱਡੀ ਖੇਪ ਗੁਜਰਾਤ ਦੀ ਬੰਦਰਗਾਹ 'ਤੇ ਹੀ ਫੜੀ ਗਈ ਹੈ, ਜਦੋਂ ਕਿ ਮੁੰਬਈ ਬੰਦਰਗਾਹਾਂ 'ਤੇ ਵੱਖ-ਵੱਖ ਮਾਮਲਿਆਂ ਵਿਚ 350 ਅਤੇ 300 ਕਿਲੋਗ੍ਰਾਮ ਹੈਰੋਇਨ ਦੇ ਵੱਖ-ਵੱਖ ਮਾਮਲੇ ਫੜੇ ਗਏ ਹਨ, ਜਿਸ ਵਿਚ ਪੰਜਾਬ ਦੇ ਤਸਕਰਾਂ ਨੂੰ ਫੜਿਆ ਗਿਆ ਹੈ। ਅੰਮ੍ਰਿਤਸਰ ਜ਼ਿਲ੍ਹੇ ਸਮੇਤ ਸੂਬੇ ਦੀਆਂ ਹੋਰ ਜੇਲ੍ਹਾਂ 'ਚ ਅਜੇ ਵੀ ਸੁਰੱਖਿਆ ਖਾਮੀਆਂ ਵੇਖੀਆਂ ਜਾ ਰਹੀਆਂ ਹਨ ਅਤੇ ਗੈਂਗਸਟਰਾਂ ਅਤੇ ਤਸਕਰਾਂ ਤੋਂ ਮੋਬਾਈਲ ਫੋਨ ਅਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਜਾ ਰਹੇ ਹਨ। ਜੇਲ੍ਹਾਂ ਦੇ ਅੰਦਰ ਜੋ ਤਕਨਾਲੋਜੀ ਲਗਾਈ ਜਾਣੀ ਚਾਹੀਦੀ ਹੈ, ਉਸ ਦੇ ਜੈਮਰ ਨਹੀਂ ਲਗਾਏ ਜਾ ਰਹੇ, ਜਿਸ ਕਾਰਨ ਨੈੱਟਵਰਕ ਜੇਲਾਂ ਦੇ ਅੰਦਰੋਂ ਹੀ ਚੱਲ ਰਿਹਾ ਹੈ।

# ਪੰਜਾਬ ਸ਼ਰਮਸਾਰ ! ਕੁੜੀ ਨਾਲ ਜਿਨਸੀ ਸ਼ੋਸ਼ਣ ਮਗਰੋਂ ਵੀਡੀਓ ਕਰ 'ਤੀ ਵਾਇਰਲ, ਮਹਿਲਾ ਕਮਿਸ਼ਨ ਦਾ ਸਖ਼ਤ ਐਕਸ਼ਨ

ਕੌਮੀ ਪਤ੍ਰਿਕਾ

ਚੰਡੀਗੜ੍ਹ 29 ਨਵੰਬਰ। ਪੰਜਾਬ ਵਿੱਚ ਮਹਿਲਾਵਾਂ ਦੀ ਸੁਰੱਖਿਆ ਨੂੰ ਲੈ ਕੇ ਇਕ ਗੰਭੀਰ ਘਟਨਾ ਸਾਹਮਣੇ ਆਈ ਹੈ। ਜਲੰਧਰ ਜ਼ਿਲ੍ਹੇ ਦੇ ਇਕ ਪਿੰਡ ਦੀ ਰਹਿਣ ਵਾਲੀ ਰਹਿਣ ਵਾਲੀ ਕੁੜੀ ਨਾਲ ਦੋ ਨੌਜਵਾਨਾਂ ਵੱਲੋਂ ਨਸ਼ੀਲਾ ਪਦਾਰਥ ਪਿਲਾ ਕੇ ਸਰੀਰਕ ਸ਼ੋਸ਼ਣ ਕੀਤਾ ਗਿਆ। ਦੋਸ਼ੀਆਂ ਨੇ ਨਾ ਸਿਰਫ਼ ਕੁੜੀ ਦੀ ਅਸ਼ਲੀਲ ਵੀਡੀਓ ਬਣਾਈ ਸਗੋਂ ਇਸ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕਰਕੇ ਉਸ ਦੀ ਜ਼ਿੰਦਗੀ ਨੂੰ ਹੋਰ ਵੀ ਦਾਗਦਾਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਮਾਮਲੇ ਨੂੰ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਗੰਭੀਰਤਾ ਨਾਲ ਲੈਂਦਿਆਂ ਸੋ-ਮੋਟੋ ਨੋਟਿਸ ਜਾਰੀ ਕੀਤਾ ਹੈ। ਕਮਿਸ਼ਨ ਨੇ ਜਲੰਧਰ (ਦਿਹਾਤੀ) ਦੇ ਸੀਨੀਅਰ ਪੁਲਸ ਕਪਤਾਨ ਨੂੰ ਪੱਤਰ ਲਿਖ ਕੇ ਹੁਕਮ ਦਿੱਤਾ ਹੈ ਕਿ ਕੇਸ ਦੀ ਜਾਂਚ ਸੁਪਰਡੰਟ ਆਫ਼ ਪੁਲਸ (SP) ਰੈਂਕ ਦੇ ਅਧਿਕਾਰੀ ਵੱਲੋਂ ਕਰਵਾਈ ਜਾਵੇ ਅਤੇ 22 ਅਗਸਤ 2025 ਤੱਕ ਵਿਸਥਾਰਪੂਰਵਕ ਰਿਪੋਰਟ ਕਮਿਸ਼ਨ ਨੂੰ ਭੇਜੀ ਜਾਵੇ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਇਹ ਮਾਮਲਾ ਔਰਤਾਂ ਦੇ ਅਧਿਕਾਰ, ਸਨਮਾਨ ਅਤੇ ਸੁਰੱਖਿਆ ਨਾਲ ਸਿੱਧਾ ਜੁੜਿਆ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿੱਚ ਅਣਦੇਖਾ ਨਹੀਂ ਕੀਤਾ ਜਾ ਸਕਦਾ। ਕਮਿਸ਼ਨ ਨੇ ਕਿਹਾ ਹੈ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਐਕਟ, 2001 ਦੀ ਧਾਰਾ 12 ਅਨੁਸਾਰ ਕਮਿਸ਼ਨ ਅਜਿਹੇ ਮਾਮਲਿਆਂ ਵਿੱਚ ਸੋ-ਮੋਟੋ ਕਾਰਵਾਈ ਕਰਨ ਦਾ ਪੂਰਾ ਹੱਕ ਰੱਖਦਾ ਹੈ। ਚੇਅਰਪਰਸਨ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਿਲਵਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ ਤਾਂ ਜੋ ਅਜਿਹੀ ਘਿਨੌਣੀ ਹਰਕਤ ਕਰਨ ਵਾਲੇ ਲੋਕਾਂ ਨੂੰ ਸਪਸ਼ਟ ਸੰਦੇਸ਼ ਮਿਲ ਸਕੇ। ਗੁਰਲੀਨ ਕੌਰ (ਬਦਲਿਆ ਹੋਇਆ ਨਾਮ) ਵੱਲੋਂ ਇਸ ਮਾਮਲੇ ਵਿੱਚ ਮਹਿਲਾ ਕਮਿਸ਼ਨ ਨੂੰ ਹੱਡਬੀਤੀ ਸਾਂਝੀ ਕਰਦਿਆਂ ਲਿਖਤੀ ਦਰਖ਼ਾਸਤ ਦਿੱਤੀ ਗਈ ਸੀ। ਉਸ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ ਕਿਵੇਂ ਦੋਸ਼ੀਆਂ ਨੇ ਉਸ ਨੂੰ ਨਸ਼ੀਲਾ ਪਦਾਰਥ ਪਿਲਾ ਕੇ ਉਸ ਦੀ ਇੱਛਾ ਖ਼?ਲਾਫ਼ ਦੁਰਵਿਵਹਾਰ ਕੀਤਾ ਅਤੇ ਉਸ ਦੀ ਇੱਜ਼ਤ ਨਾਲ ਖੇਡਿਆ। ਵੀਡੀਓ ਬਣਾ ਕੇ ਵਾਇਰਲ ਕਰਨ ਦੀ ਕਾਰਵਾਈ ਨੇ ਉਸ ਦੇ ਮਾਨਸਿਕ ਸਨਤੁਲਨ 'ਤੇ ਵੀ ਭਾਰੀ ਅਸਰ ਪਾਇਆ ਹੈ। ਮਹਿਲਾ ਕਮਿਸ਼ਨ ਨੇ ਸਪਸ਼ਟ ਕੀਤਾ ਹੈ ਕਿ ਇਹ ਮਾਮਲਾ ਸਿਰਫ਼ ਇਕ ਕੁੜੀ ਨਾਲ ਜੁੜਿਆ ਨਹੀਂ ਸਗੋਂ ਪੰਜਾਬ ਦੀ ਹਰ ਮਹਿਲਾ ਦੇ ਮਾਣ ਅਤੇ ਅਧਿਕਾਰ ਨਾਲ ਸੰਬੰਧਤ ਹੈ। ਕਮਿਸ਼ਨ ਨੇ ਕਿਹਾ ਹੈ ਕਿ ਉਹ ਹਰ ਹਾਲਤ ਵਿੱਚ ਇਹ ਯਕੀਨੀ ਬਣਾਵੇਗਾ ਕਿ ਪੀੜਤ ਕੁੜੀ ਨੂੰ ਇਨਸਾਫ਼ ਮਿਲੇ ਅਤੇ ਦੋਸ਼ੀਆਂ ਨੂੰ ਸਜ਼ਾ ਹੋਵੇ। ਪੱਤਰ ਵਿੱਚ ਜਲੰਧਰ (ਦਿਹਾਤੀ) ਪੁਲਸ ਨੂੰ ਹੁਕਮ ਦਿੱਤਾ ਗਿਆ ਹੈ ਕਿ ਕੇਸ ਦੀ ਜਾਂਚ 'ਚ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕਾਨੂੰਨ ਅਨੁਸਾਰ ਕਠੋਰ ਕਾਰਵਾਈ ਕਰਕੇ 22 ਅਗਸਤ 2025 ਤੱਕ ਰਿਪੋਰਟ ਸੌਂਪਣੀ ਲਾਜ਼ਮੀ ਹੈ।

## ਘਰਵਾਲੀ ਨੇ ਘਰ ਆਉਣ ਤੋਂ ਕੀਤਾ ਇਨਕਾਰ ਤਾਂ ਪਤੀ ਨੇ ਚੁੱਕਿਆ ਖੌਫਨਾਕ ਕਦਮ

ਵੈੱਬ ਡੈਸਕ 29 ਨਵੰਬਰ। ਮਹਾਰਾਸ਼ਟਰ ਦੇ ਅਹਿਮਦਨਗਰ (ਅਹਿਲਿਆਨਗਰ) ਜ਼ਿਲ੍ਹੇ ਤੋਂ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ ਜਿੱਥੇ ਇੱਕ ਪਿਤਾ ਨੇ ਪਰਿਵਾਰਕ ਝਗੜੇ ਕਾਰਨ ਆਪਣੇ ਚਾਰ ਮਾਸੂਮ ਬੱਚਿਆਂ ਨੂੰ ਖੂਹ ਵਿੱਚ ਧੱਕਾ ਦੇ ਦਿੱਤਾ ਅਤੇ ਫਿਰ ਖੁਦ ਛਾਲ



ਮਾਰ ਕੇ ਖੁਦਕੁਸ਼ੀ ਕਰ ਲਈ। ਇਹ ਭਿਆਨਕ ਘਟਨਾ ਸ਼੍ਰੀਗੋਂਡਾ ਖੇਤਰ ਦੇ ਚਿਖਲੀ ਕੋਰੇਗਾਓਂ ਤਾਲੁਕਾ ਵਿੱਚ ਵਾਪਰੀ। ਪੁਲਸ ਦੇ ਅਨੁਸਾਰ, ਮ੍ਰਿਤਕ ਅਰੁਣ ਕਾਲੇ ਦਾ ਅੱਠ ਦਿਨ ਪਹਿਲਾਂ ਆਪਣੀ ਪਤਨੀ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਇਆ ਸੀ। ਇਸ ਝਗੜੇ ਤੋਂ ਨਾਰਾਜ਼ ਹੋ ਕੇ, ਉਸਦੀ ਪਤਨੀ ਆਪਣੇ ਨਾਨਕੇ ਘਰ ਚਲੀ ਗਈ ਅਤੇ ਵਾਪਸ ਆਉਣ ਲਈ ਤਿਆਰ ਨਹੀਂ ਸੀ। ਅਰੁਣ ਆਪਣੀ ਪਤਨੀ ਦੀ ਗੈਰ-ਮੌਜੂਦਗੀ ਤੇ ਉਸਦੇ ਵਾਪਸ ਨਾ ਆਉਣ ਕਾਰਨ ਡੂੰਘੇ ਤਣਾਅ ਅਤੇ ਗੁੱਸੇ ਵਿੱਚ ਸੀ। ਇਸ ਨਿਰਾਸ਼ਾ ਵਿੱਚ, ਉਸਨੇ ਆਪਣੇ ਚਾਰੇ ਬੱਚਿਆਂ ਨੂੰ ਖੂਹ ਵਿੱਚ ਧੱਕ ਦਿੱਤਾ ਅਤੇ ਬਾਅਦ ਵਿੱਚ ਖੁਦ ਵੀ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਹਾਦਸੇ ਤੋਂ ਬਾਅਦ, ਪੁਲਸ ਮੌਕੇ 'ਤੇ ਪਹੁੰਚੀ ਅਤੇ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਪੁਲਸ ਨੂੰ ਹੁਣ ਤੱਕ ਖੂਹ ਵਿੱਚੋਂ ਇੱਕ ਲਾਸ਼ ਮਿਲੀ ਹੈ ਜਦੋਂ ਕਿ ਬਾਕੀਆਂ ਦੀ ਭਾਲ ਜਾਰੀ ਹੈ। ਫਿਲਹਾਲ ਮ੍ਰਿਤਕਾਂ ਦੀ ਪਛਾਣ ਅਰੁਣ ਕਾਲੇ ਅਤੇ ਉਸਦੇ ਬੱਚਿਆਂ ਸ਼ਿਵਾਨੀ (8), ਪ੍ਰੇਮ (7), ਵੀਰ (6) ਅਤੇ ਕਬੀਰ (5) ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਅਰੁਣ ਕਾਲੇ ਦੀ ਲਾਸ਼ ਰੱਸੀ ਨਾਲ ਬੰਨ੍ਹੀ ਹੋਈ ਮਿਲੀ ਹੈ, ਜਿਸ ਕਾਰਨ ਸ਼ੱਕ ਹੈ ਕਿ ਉਸਨੇ ਜਾਣਬੁੱਝ ਕੇ ਆਪਣੇ ਆਪ ਨੂੰ ਬੰਨ੍ਹ ਕੇ ਖੁਦਕੁਸ਼ੀ ਕੀਤੀ ਹੈ। ਇਸ ਦੁਖਦਾਈ ਘਟਨਾ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਲੋਕ ਇਹ ਮੰਨਣ ਲਈ ਤਿਆਰ ਨਹੀਂ ਹਨ ਕਿ ਇੱਕ ਮਾਮੂਲੀ ਪਰਿਵਾਰਕ ਝਗੜਾ ਇੰਨੇ ਵੱਡੇ ਦੁਖਾਂਤ ਨੂੰ ਜਨਮ ਦੇ ਸਕਦਾ ਹੈ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਪੁਲਸ ਦੀ ਵੱਡੀ ਕਾਰਵਾਈ, ਨਸ਼ਾ ਤਸਕਰ ਜਨਕ ਸਿੰਘ ਦੀ ਨਾਜਾਇਜ਼ ਜਾਇਦਾਦ ਢਹਿ-ਢੇਰੀ

ਅੰਮ੍ਰਿਤਸਰ 29 ਨਵੰਬਰ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼?ਲਾਫ਼ ਚਲਾਈ ਜਾ ਰਹੀ ਜੰਗ ਤਹਿਤ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਨਸ਼ਾ ਤਸਕਰ ਜਨਕ ਸਿੰਘ ਖ਼?ਲਾਫ਼ ਕਾਰਵਾਈ ਕੀਤੀ ਹੈ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਐੱਸਐੱਸਪੀ ਦਿਹਾਤੀ ਮਨਿੰਦਰ ਸਿੰਘ ਨੇ ਦੱਸਿਆ ਕਿ ਜਨਕ ਸਿੰਘ ਪਿੰਡ ਰਨਗੜ ਅਟਾਰੀ ਬਾਰਡਰ ਨੇੜੇ ਰਹਿੰਦਾ ਹੈ ਅਤੇ ਇਸ 'ਤੇ ਪਹਿਲਾਂ ਹੀ ਤਿੰਨ ਮਾਮਲੇ ਦਰਜ ਹਨ। ਉਸ ਦੇ ਪਰਿਵਾਰ ਦੇ ਮੈਂਬਰਾਂ 'ਤੇ ਵੀ ਕੇਸ ਦਰਜ ਹਨ। ਪੁਲਸ ਨੂੰ ਪੀਡੀਪੀ ਵੱਲੋਂ ਸ਼ਿਕਾਇਤ ਮਿਲੀ ਸੀ ਕਿ ਉਹ ਕਾਲੇ ਧਨ ਨਾਲ ਸਰਕਾਰੀ ਜ਼ਮੀਨ 'ਤੇ ਗੈਰਕਾਨੂੰਨੀ ਤਰੀਕੇ ਨਾਲ ਇਮਾਰਤ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਐੱਸਐੱਸਪੀ ਦਿਹਾਤੀ ਮਨਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਨਜਾਇਜ਼ ਕਬਜ਼ੇ ਹਟਾਏ। ਇਹ ਅੰਮ੍ਰਿਤਸਰ ਦੇ ਨਸ਼ਾ ਤਸਕਰਾਂ ਵਿਰੁੱਧ ਛੇਵੀਂ ਵੱਡੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਅਜੇ ਤੱਕ ਅੰਮ੍ਰਿਤਸਰ ਦਿਹਾਤੀ ਪੁਲਸ 150 ਕਿਲੋ ਹੈਰੋਇਨ ਫੜ ਚੁੱਕੀ ਹੈ, ਜਦਕਿ ਲਗਭਗ 2 ਕਰੋੜ ਦੀ ਨਕਦੀ ਜ਼ਬਤ ਕੀਤੀ ਗਈ ਹੈ। ਇਸ ਤੋਂ ਇਲਾਵਾ ਨਸ਼ਾ ਤਸਕਰਾਂ ਦੀ ਲਗਭਗ 4 ਕਰੋੜ ਦੀ ਸੰਪਤੀ ਫ?ਰੀਜ਼ ਕੀਤੀ ਗਈ ਹੈ। ਐੱਸਐੱਸਪੀ ਨੇ ਕਿਹਾ ਕਿ ਜਨਕ ਸਿੰਘ ਹਾਲ ਹੀ ਵਿੱਚ ਜੇਲ੍ਹ ਤੋਂ ਬੇਲ 'ਤੇ ਬਾਹਰ ਆਇਆ ਹੈ, ਪਰ ਉਹ ਫਿਰ ਕਾਲੇ ਧਨ ਨਾਲ ਮਹਿਲ ਸਜਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਸਭ ਮਿਹਨਤ-ਮਜ਼ਦੂਰੀ ਨਾਲ ਸੰਭਵ ਨਹੀਂ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੋ ਵੀ ਨਸ਼ੇ ਦਾ ਧੰਦਾ ਕਰੇਗਾ, ਉਸ ਖ਼?ਲਾਫ਼ ਸਖ਼ਤ ਕਾਰਵਾਈ ਜਾਰੀ ਰਹੇਗੀ। ਐੱਸਐੱਸਪੀ ਨੇ ਪੰਜਾਬ ਦੇ ਨੌਜਵਾਨਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਤੋਂ ਦੂਰ ਰਹੋ, ਮਿਹਨਤ ਕਰੋ, ਚੰਗਾ ਕੰਮ ਕਰੋ ਅਤੇ ਆਪਣੇ ਪਰਿਵਾਰ ਤੇ ਪੰਜਾਬ ਦਾ ਨਾਂ ਰੌਸ਼ਨ ਕਰੋ। ਇਹ ਗੁਰੂਆਂ-ਪੀਰਾਂ ਦੀ ਧਰਤੀ ਹੈ

## ਅਕੇਡੀਆ ਵਰਲਡ ਸਕੂਲ ਸੁਨਾਮ ਦੇ ਬੱਚਿਆਂ ਵੱਲੋਂ ਸਕੇਟਿੰਗ ਵਿੱਚ ਸ਼ਾਨਦਾਰ ਪ੍ਰਦਰਸ਼ਨ

ਸੁਨਾਮ ਊਧਮ ਸਿੰਘ ਵਾਲਾ, 29 ਨਵੰਬਰ। ਸੁਨਾਮ ਇਲਾਕੇ ਦੀ ਮਾਨ ਮੱਤੀ ਵਿਦਿਅਕ ਸੰਸਥਾ ਅਕੇਡੀਆ ਵਰਲਡ ਸਕੂਲ ਦੇ ਬੱਚਿਆਂ ਨੇ ਸਕੇਟਿੰਗ ਜ਼ੋਨ ਲੈਵਲ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਵਿੱਚ ਅੰਡਰ-11, ਅੰਡਰ-14 , ਅੰਡਰ -17 ਤੇ ਅੰਡਰ -19 ਦੇ ਵਿਦਿਆਰਥੀਆਂ ਨੇ ਭਾਗ ਲਿਆ ਸਕੇਟਿੰਗ ਜੋਨ ਇਨਲਾਈਨ ਅਤੇ ਕੁਆੜ ਵਿੱਚ ਕਰਵਾਏ ਗਏ ਇਸ ਵਿੱਚ ਅੰਡਰ 11 ਅੰਡਰ 14 ਅਤੇ ਅੰਡਰ 19 ਦੇ ਖਿਡਾਰੀਆਂ ਵੱਲੋਂ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਪਹਿਲਾਂ ਸਥਾਨ ਪ੍ਰਾਪਤ ਕੀਤਾ ।ਇਹ ਮੈਚ ਡੀ.ਈ.ਪੀ ਮਿਸ ਰੈਂਪੀ ਅਤੇ ਸਕੇਟਿੰਗ ਕੋਚ ਸਾਹਿਲ ਦੀ ਨਿਗਰਾਨੀ ਹੇਠ ਕਰਵਾਏ ਗਏ। ਇਸ ਵਿੱਚ ਅੰਡਰ 14 ਗੁਰਸੀਰਤ ਕੌਰ ਨੇ ਪਹਿਲਾ ਸਥਾਨ ਤੇ ਜਸਪ੍ਰੀਤ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਕੁਆਰਡ ਵਿੱਚੋਂ ਵਾਹਨ ਪੁਰੀ ਨੇ ਪਹਿਲਾ ,ਅਮਰ ਗੋਇਲ ਨੇ ਦੂਸਰਾ ਅਤੇ ਹਿਆਨ ਗਰਗ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਹ 500 ਮੀਟਰ ਅਤੇ 1000 ਮੀਟਰ ਤੱਕ ਕਰਵਾਏ ਗਏ। ਇਸ ਵਿੱਚੋਂ ਅੰਡਰ 17 ਦੇ ਖਿਡਾਰੀ ਭਵਚੇਤਨ ,ਜਪ ਸਹਿਜ ਨੇ ਗੋਲਡ ਮੈਡਲ ,ਨੌ ਨਿਧਾਨ ਅਤੇ ਯੁਵਰਾਜ ਨੇ ਸਿਲਵਰ ਅਤੇ ਗੋਲਡ ਮੈਡਲ ਹਾਸਿਲ ਕੀਤੇ ।ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਵੱਲੋਂ ਜੇਤੂ ਬੱਚਿਆਂ ਨੂੰ ਵਧਾਈ ਦਿੰਦਿਆਂ ਹੌਸਲਾ ਅਫਜਾਈ ਕੀਤੀ ਗਈ ।ਸਕੂਲ ਦੇ ਚੇਅਰਮੈਨ ਐਡਵੋਕੇਟ ਸ. ਗਗਨਦੀਪ ਸਿੰਘ ਜੀ ਨੇ ਵੀ ਬੱਚਿਆਂ ਨੂੰ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ ਅਤੇ ਜੇਤੂਆਂ ਨੂੰ ਵਧਾਈ ਦਿੱਤੀ।

## ਪੰਜਾਬ ਪੁਲਸ ਨੇ ਅਮਰੀਕੀ ਡਾਲਰਾਂ ਨਾਲ ਫੜੇ ਲੁਟੇਰੇ, ਸਾਥੀਆਂ ਦੀ ਭਾਲ ਲਈ ਮਾਰੇ ਜਾ ਰਹੇ ਛਾਪੇ

ਲੁਧਿਆਣਾ 29 ਨਵੰਬਰ। ਥਾਣਾ ਪੀ.ਏ.ਯੂ. ਦੀ ਪੁਲਸ ਪਾਰਟੀ ਵੱਲੋਂ ਲੁੱਟ ਦੇ ਮਾਮਲੇ ਵਿਚ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਵਰੁਣ ਮਿੱਤਲ ਵਾਸੀ ਅੰਮ੍ਰਿਤਸਰ, ਸੰਜੀਵ ਗੋਇਲ ਵਾਸੀ ਜਮਾਲਪੁਰ ਲੁਧਿਆਣਾ ਅਤੇ ਗਗਨਦੀਪ ਸ਼ਰਮਾ ਉਰਫ ਗਗਨ ਵਾਸੀ ਜੋਧੇਵਾਲ ਲੁਧਿਆਣਾ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਤੋਂ 15,78,000 ਰੁਪਏ ਅਤੇ 695 ਅਮਰੀਕੀ ਡਾਲਰ ਬਰਾਮਦ ਕੀਤੇ ਹਨ। ਇਨ੍ਹਾਂ ਮੁਲਜ਼ਮਾਂ ਨੇ ਆਪਣੇ ਭਗੌੜੇ ਸਾਥੀਆਂ ਦੀਪਕ ਸਿੰਘ ਅਤੇ ਨਵਦੀਪ ਸਿੰਘ ਉਰਫ਼ ਰੋਮੀ (ਦੋਵੇਂ ਵਾਸੀ ਅੰਮ੍ਰਿਤਸਰ) ਅਤੇ ਜੱਗਾ (ਨਿਵਾਸੀ ਲੁਧਿਆਣਾ) ਨਾਲ ਮਿਲ ਕੇ 16 ਅਗਸਤ ਨੂੰ ਨਿਊ ਕਿਚਲੂ ਨਗਰ ਲੁਧਿਆਣਾ ਦੇ ਇਲਾਕੇ ਵਿਚ ਬੰਦੂਕ ਦੀ ਨੋਕ 'ਤੇ ਚਾਰਿਸ ਗਰਗ ਅਤੇ ਉਸ ਦੇ ਚਾਚੇ ਨੂੰ ਨਿਸ਼ਾਨਾ ਬਣਾ ਕੇ ਲੁੱਟ-ਖੋਹ ਕੀਤੀ ਸੀ। ਉਨ੍ਹਾਂ ਅੱਗੇ ਦੱਸਿਆ ਕਿ ਫ਼ਰਾਰ ਸਾਥੀਆਂ ਨੂੰ ਫੜਨ ਲਈ ਪੁਲਸ ਛਾਪੇਮਾਰੀ ਜਾਰੀ ਹੈ। ਅਦਾਲਤ ਤੋਂ ਪੁਲਸ ਰਿਮਾਂਡ ਹਾਸਲ ਕਰ ਲਿਆ ਗਿਆ ਹੈ, ਅਤੇ ਹੋਰ ਘਟਨਾਵਾਂ ਅਤੇ ਲੁੱਟੀ ਗਈ ਜਾਇਦਾਦ ਦੀ ਬਰਾਮਦਗੀ ਸਬੰਧੀ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# 3.30 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਏਜੰਟ ਖਿਲਾਫ ਮਾਮਲਾ ਦਰਜ

ਕੌਮੀ ਪਤ੍ਰਿਕਾ

ਨਵਾਂਸਹਿਰ 29 ਨਵੰਬਰ। ਵਿਜਟਰ ਵੀਜੇ 'ਤੇ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ 3.30 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਪੁਲਸ ਨੇ ਇਕ ਟਰੈਵਲ ਏਜੰਟ ਖ਼?ਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼?ਕਾਇਤ ਵਿਚ ਅਭਿਸੇਕ ਰਾਮ ਪੁੱਤਰ ਆਤਮਾ ਰਾਮ ਵਾਸੀ ਪਿੰਡ ਬਹਾਦਰਪੁਰ ਤਹਿਸੀਲ ਨਵਾਂਸਹਿਰ ਨੇ ਦੱਸਿਆ ਕਿ ਕਿਸੇ ਜਾਣਕਾਰ ਰਾਹੀਂ ਉਸ ਨੂੰ ਟਰੈਵਲ ਏਜੰਟ ਹਰਜੋਤ ਰਾਏ ਬਾਰੇ ਜਾਣਕਾਰੀ ਮਿਲੀ ਸੀ। ਉਸ ਨਾਲ ਗੱਲਬਾਤ ਦੌਰਾਨ ਉਸ ਨੂੰ ਵਿਜਟਰ ਵੀਜੇ 'ਤੇ ਕੈਨੇਡਾ ਭੇਜਣ ਦਾ ਸੌਦਾ 14 ਲੱਖ ਰੁਪਏ ਵਿਚ ਤੈਅ ਹੋਇਆ, ਜਿਸ ਵਿਚੋਂ 4 ਲੱਖ ਰੁਪਏ ਪਹਿਲਾਂ ਦੇਣੇ ਸਨ ਅਤੇ ਬਾਕੀ 10 ਲੱਖ ਰੁਪਏ ਵੀਜਾ ਮਿਲਣ ਤੋਂ ਬਾਅਦ ਦੇਣੇ ਸਨ। ਸ਼?ਕਾਇਤਕਰਤਾ ਨੇ ਦੱਸਿਆ ਕਿ ਉਸ ਨੇ ਉਕਤ ਏਜੰਟ ਨੂੰ 4 ਲੱਖ ਰੁਪਏ ਦਿੱਤੇ ਪਰ ਉਸ ਨੇ ਨਾ ਤਾਂ ਉਸ ਨੂੰ ਵਿਦੇਸ ਭੇਜਿਆ ਅਤੇ ਨਾ ਹੀ ਉਸ ਦੇ ਪੈਸੇ ਵਾਪਸ ਕਰ ਰਿਹਾ ਹੈ। ਉਸ ਨੇ ਦੱਸਿਆ ਕਿ ਪੁਲਸ ਨੂੰ




ਸ਼?ਕਾਇਤ ਦੇਣ ਤੋਂ ਬਾਅਦ ਉਕਤ ਏਜੰਟ ਨੇ ਉਸ ਨੂੰ 70 ਹਜਾਰ ਰੁਪਏ ਵਾਪਸ ਕਰ ਦਿੱਤੇ ਅਤੇ ਬਾਕੀ ਰਕਮ ਵਾਪਸ ਕਰਨ ਦਾ ਵਾਅਦਾ ਕਰਨ ਦੇ ਬਾਵਜੂਦ ਵਾਪਸ ਨਹੀਂ ਕੀਤੀ। ਉਸ ਨੇ ਦੱਸਿਆ ਕਿ ਹੁਣ ਜਦੋਂ ਉਹ ਪੈਸੇ ਵਾਪਸ ਮੰਗਦਾ ਹੈ ਤਾਂ ਉਹ ਉਸ ਨੂੰ ਧਮਕੀਆਂ ਦੇ ਰਿਹਾ ਹੈ। ਐੱਸ.ਐੱਸ. ਪੀ. ਨੂੰ ਦਿੱਤੀ ਸ਼?ਕਾਇਤ ਵਿਚ ਉਸ ਨੇ ਆਪਣੇ ਪੈਸੇ ਵਾਪਸ ਕਰਵਾਉਣ ਅਤੇ ਦੋਸੀ ਏਜੰਟ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਐੱਸ. ਪੀ. ਪੱਧਰ ਦੇ ਅਧਿਕਾਰੀ ਵੱਲੋਂ ਉਕਤ ਸ਼?ਕਾਇਤ ਦੀ ਜਾਂਚ ਕਰਨ ਤੋਂ ਬਾਅਦ ਦਿੱਤੀ ਗਈ ਨਤੀਜਾ ਰਿਪੋਰਟ ਦੇ ਆਧਾਰ 'ਤੇ ਔੜ ਥਾਣੇ ਦੀ ਪੁਲਸ ਨੇ ਦੋਸੀ ਏਜੰਟ ਹਰਜੋਤ ਰਾਏ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਪਾਰੋਵਾਲ (ਗੜ੍ਹਸੰਕਰ) ਜ਼?ਲ੍ਹਾ ਹੁਸ਼?ਆਰਪੁਰ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ।

## ਪੰਜਾਬ 'ਚ ਹੋਟਲ ਤੇ ਰੈਸਟੋਰੈਂਟ ਹੋਣਗੇ ਬੰਦ ! ਮਾਲਕਾਂ 'ਚ ਮਚੀ ਤਰਥੱਲੀ

ਫਰੀਦਕੋਟ 29 ਨਵੰਬਰ। ਜ਼ਿਲ੍ਹਾ ਮੈਜਿਸਟ?ਰੇਟ ਫਰੀਦਕੋਟ ਪੂਨਮਦੀਪ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ-163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਖ਼ਤ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਨੇ ਜ਼ਿਲ੍ਹਾ ਫਰੀਦਕੋਟ 'ਚ ਚੱਲ ਰਹੇ ਹੋਟਲਾਂ ਅਤੇ ਰੈਸਟੋਰੈਂਟਾਂ ਨੂੰ 'ਇਤਰਾਜ਼ਹੀਣਤਾ ਸਰਟੀਫਿਕੇਟ' ਪ੍ਰਾਪਤ ਕਰਨ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਅਨੁਸਾਰ ਉਨ੍ਹਾਂ ਕਿਹਾ ਕਿ ਹੋਟਲ ਅਤੇ ਰੈਸਟੋਰੈਂਟ ਮਾਲਕ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਸਬੰਧਿਤ ਵਿਭਾਗ ਜਿਵੇਂ ਕਿ ਸੀਨੀਅਰ ਪੁਲਸ ਕਪਤਾਨ, ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਅਤੇ ਸ਼ਾਖਾ, ਲੋਕ ਨਿਰਮਾਣ, ਜ਼ਿਲ੍ਹਾ ਨਗਰ ਯੋਜਨਾਕਾਰ, ਸਬੰਧਿਤ ਉਪ ਮੰਡਲ ਮੈਜਿਸਟ?ਰੇਟ/ ਨਗਰ ਕੌਂਸਲਾਂ ਅਤੇ ਫਾਇਰ ਅਫ਼ਸਰਾਂ ਆਦਿ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਬਾਅਦ ਹੋਟਲ ਅਤੇ ਰੈਸਟੋਰੈਂਟ ਮਾਲਕਾਂ ਨੂੰ ਲੋੜੀਦੀ ਪ੍ਰਵਾਨਗੀ ਦਿੱਤੇ ਜਾਣ ਲਈ ਹੁਕਮ ਜਾਰੀ ਕੀਤੇ ਜਾ ਸਕਦੇ ਹਨ। ਹੋਟਲ ਅਤੇ ਰੈਸਟੋਰੈਂਟ ਮਾਲਕ ਇਸ ਖ਼ਬਰ ਦੇ ਪ੍ਰਕਾਸ਼ਿਤ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਸਮਰੱਥ ਅਧਿਕਾਰੀ ਨੂੰ ਪੇਸ਼ ਕਰਨ ਤਾਂ ਜੋ ਇਸ ਬਾਰੇ ਯੋਗ ਫ਼ੈਸਲਾ ਲਿਆ ਜਾ ਸਕੇ। ਇਤਰਾਜ਼ਹੀਣਤਾ ਸਰਟੀਫਿਕੇਟ ਦੀ ਕਾਪੀ, ਹੋਟਲ, ਮੈਰਿਜ ਪੈਲੇਸ ਅਤੇ ਰੈਸਟੋਰੈਂਟ ਵਿੱਚ ਢੁੱਕਵੀਂ ਜਗ?ਹਾਂ 'ਤੇ ਲਗਾਈ ਜਾਵੇਗੀ। ਇਸ ਹੁਕਮ ਦੇ ਜਾਰੀ ਹੋਣ ਤੋਂ ਬਾਅਦ ਉਨ੍ਹਾਂ ਸਾਰੇ ਹੋਟਲ ਅਤੇ ਰੈਸਟੋਰੈਂਟਾਂ ਜੋ ਕਿ ਸਮਰੱਥ ਅਧਿਕਾਰੀ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਨਹੀਂ ਕਰਨਗੇ, ਉਨ੍ਹਾਂ ਨੂੰ ਬੰਦ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਹੋਟਲ ਜਾਂ ਰੈਸਟੋਰੈਂਟ ਨਵੇਂ ਬਣ ਰਹੇ ਹਨ, ਉਹ ਫ਼ੌਰੀ ਤੌਰ 'ਤੇ 15 ਦਿਨਾਂ ਦੇ ਅੰਦਰ-ਅੰਦਰ ਇਸ ਸਬੰਧੀ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ। ਸਰਟੀਫਿਕੇਟ ਨਾ ਲੈਣ ਦੀ ਸੂਰਤ 'ਚ ਸਾਰੇ ਦਾ ਸਾਰਾ ਕੰਮ ਬੰਦ ਕੀਤਾ ਜਾਵੇਗਾ। ਇਸ ਤੋਂ ਇਲਾਵਾ ਲੋਕਾਂ ਦੀ ਸੁਰੱਖਿਆ ਲਈ ਸਮੇਂ-ਸਮੇਂ 'ਤੇ ਸਲਾਨਾ ਨਿਰੀਖਣ ਕਰਵਾਇਆ ਜਾਵੇਗਾ।

# ਪੰਜਾਬ ਪੁਲਸ ਦੀ ਕਾਲੀ ਥਾਰ ਵਾਲੀ ਕਾਂਸਟੇਬਲ ਅਮਨਦੀਪ ਕੌਰ ਨਾਲ ਜੁੜੀ ਵੱਡੀ ਖ਼ਬਰ

ਕੌਮੀ ਪਤ੍ਰਿਕਾ

ਬਠਿੰਡਾ 28 ਨਵੰਬਰ। ਕਾਲੀ ਥਾਰ ਵਾਲੀ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਨੂੰ ਸ਼ੁੱਕਰਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਮਾਨਯੋਗ ਜਸਟਿਸ ਅਮਨ ਚੌਧਰੀ ਨੇ ਭ੍ਰਿਸ਼ਟਾਚਾਰ ਨਿਰੋਧਕ ਅਧਿਨਿਯਮ ਤਹਿਤ ਦਰਜ ਕੇਸ ਵਿਚ ਅਮਨਦੀਪ ਕੌਰ ਨੂੰ ਨਿਯਮਤ ਜ਼ਮਾਨਤ ਦੇਣ ਦਾ ਆਦੇਸ਼ ਜਾਰੀ ਕੀਤਾ। ਕੌਰ 'ਤੇ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਗੰਭੀਰ ਦੋਸ਼ ਹਨ, ਜਿਸ ਤਹਿਤ ਦੋਸ਼ ਪੱਤਰ (ਆਰੋਪ ਪੱਤਰ) ਅਨੁਸਾਰ, ਉਸ 'ਤੇ 44.34% ਤੱਕ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਦੋਸ਼ ਲੱਗੇ ਹੋਏ ਹਨ। ਇਸ ਤੋਂ ਪਹਿਲਾਂ, ਅਮਨਦੀਪ ਕੌਰ 'ਤੇ 17 ਗ੍ਰਾਮ ਚਿੱਟਾ ਰੱਖਣ ਦਾ ਵੀ ਦੋਸ਼ ਲੱਗਿਆ ਸੀ, ਜਿਸ ਮਾਮਲੇ ਵਿੱਚ ਉਹ ਪਹਿਲਾਂ ਹੀ ਜ਼ਮਾਨਤ 'ਤੇ ਬਾਹਰ ਸੀ, ਪਰ ਬਾਅਦ ਵਿਚ ਪੁਲਸ ਨੇ ਉਸ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਦੋਸ਼ਾਂ ਵਿਚ ਦੁਬਾਰਾ ਗ੍ਰਿਫ਼ਤਾਰ ਕੀਤਾ ਸੀ। ਹਾਈ ਕੋਰਟ ਵਿਚ ਸੁਣਵਾਈ ਦੌਰਾਨ, ਅਮਨਦੀਪ ਕੌਰ ਵੱਲੋਂ ਸੀਨੀਅਰ ਐਡਵੋਕੇਟ ਡਾ. ਅਨਮੋਲ ਰਤਨ ਸਿੱਧੂ ਅਤੇ ਐਡਵੋਕੇਟ ਪ੍ਰਥਮ ਸੇਠੀ ਪੇਸ਼ ਹੋਏ। ਉਨ੍ਹਾਂ ਇਹ ਦਲੀਲ ਦਿੱਤੀ ਕਿ ਅਮਨਦੀਪ ਕੌਰ ਕਰੀਬ 5 ਮਹੀਨੇ 19 ਦਿਨਾਂ ਤੋਂ ਹਿਰਾਸਤ ਵਿਚ ਹੈ। ਚਾਲਾਨ 14 ਨਵੰਬਰ 2025 ਨੂੰ ਪੇਸ਼ ਕੀਤਾ ਜਾ ਚੁੱਕਾ ਹੈ, ਪਰ ਅਜੇ ਆਰੋਪ ਤੈਅ ਹੋਣੇ ਬਾਕੀ ਹਨ। ਇਸ ਕੇਸ ਵਿਚ ਕੁੱਲ 46 ਗਵਾਹ ਹਨ, ਜਿਸ ਕਾਰਨ ਟਰਾਇਲ ਲੰਮਾ ਚੱਲਣ ਦੀ ਸੰਭਾਵਨਾ ਹੈ। ਦੂਜੇ ਪਾਸੇ, ਸੂਬੇ ਵੱਲੋਂ ਡੀ.ਏ.ਜੀ. ਮਨੀਪਾਲ ਸਿੰਘ ਅਟਵਾਲ ਨੇ ਜ਼ਮਾਨਤ ਦਾ ਵਿਰੋਧ ਕਰਦਿਆਂ ਕਿਹਾ ਕਿ ਮੁਲਜ਼ਮ ਖ਼?ਲਾਫ਼ ਪੁਖਤਾ ਸਬੂਤ ਮੌਜੂਦ ਹਨ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਕਿਹਾ ਕਿ ਮੁਲਜ਼ਮ ਨੂੰ ਲਗਾਤਾਰ ਜੇਲ੍ਹ ਵਿਚ ਰੱਖਣਾ ਸੰਵਿਧਾਨ ਦੀ ਧਾਰਾ 21 ਤਹਿਤ ਉਸ ਦੀ ਅਜ਼ਾਦੀ ਦੇ ਅਧਿਕਾਰ ਦਾ ਉਲੰਘਣ ਹੋਵੇਗਾ। ਅਦਾਲਤ ਨੇ ਸੁਪਰੀਮ ਕੋਰਟ ਦੇ ਮੌਲਾਨਾ ਮੁਹੰਮਦ ਆਮਿਰ ਰਸ਼ਾਦੀ ਬਨਾਮ ਸਟੇਟ ਆਫ਼ ਯੂ.ਪੀ. ਦੇ ਫ਼ੈਸਲੇ ਦਾ ਹਵਾਲਾ ਦਿੰਦੇ ਹੋਏ ਇਹ ਵੀ ਸਪੱਸ਼ਟ ਕੀਤਾ ਕਿ ਸਿਰਫ਼ ਅਪਰਾਧਿਕ ਇਤਿਹਾਸ ਦੇ ਆਧਾਰ 'ਤੇ ਜ਼ਮਾਨਤ ਨਹੀਂ ਰੋਕੀ ਜਾ ਸਕਦੀ ਅਤੇ ਕੇਸ ਦੇ ਹਾਲਾਤਾਂ ਨੂੰ ਦੇਖਦੇ ਹੋਏ ਜ਼ਮਾਨਤ ਦੇਣਾ ਉਚਿਤ ਹੈ। ਹਾਲਾਂਕਿ, ਅਦਾਲਤ ਨੇ ਜ਼ਮਾਨਤ ਦਿੰਦੇ ਹੋਏ ਕਈ ਸਖ਼ਤ ਸ਼ਰਤਾਂ ਵੀ ਲਗਾਈਆਂ ਹਨ। ਇਨ੍ਹਾਂ ਸ਼ਰਤਾਂ ਵਿਚ ਸ਼ਾਮਲ ਹੈ ਕਿ ਅਮਨਦੀਪ ਕੌਰ ਸਬੂਤਾਂ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨਹੀਂ ਕਰੇਗੀ। ਉਹ ਸਰਕਾਰੀ ਗਵਾਹਾਂ ਨੂੰ ਨਾ ਤਾਂ ਡਰਾਏਗੀ ਅਤੇ ਨਾ ਹੀ ਪ੍ਰਭਾਵਿਤ ਕਰੇਗੀ। ਉਸ ਨੂੰ ਹਰ ਸੁਣਵਾਈ 'ਤੇ ਅਦਾਲਤ ਵਿਚ ਹਾਜ਼ਰ ਰਹਿਣਾ ਹੋਵੇਗਾ। ਇਸ ਤੋਂ ਇਲਾਵਾ, ਉਹ ਟਰਾਇਲ ਕੋਰਟ ਦੀ ਆਗਿਆ ਤੋਂ ਬਿਨਾਂ ਦੇਸ਼ ਨਹੀਂ ਛੱਡੇਗੀ। ਉਸ ਨੂੰ ਐਫੀਡੇਵਿਟ ਰਾਹੀਂ ਆਪਣਾ ਪਤਾ ਅਤੇ ਮੋਬਾਈਲ ਨੰਬਰ ਜਮ?ਹਾਂ ਕਰਨਾ ਹੋਵੇਗਾ ਅਤੇ ਇਸਨੂੰ ਬਦਲੇਗੀ ਨਹੀਂ, ਅਤੇ ਉਹ ਕਿਸੇ ਵੀ ਪ੍ਰਕਾਰ ਆਪਣੀ ਸੁਤੰਤਰਤਾ ਦੀ ਦੁਰਵਰਤੋਂ ਨਹੀਂ ਕਰੇਗੀ। ਕੋਰਟ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਇਨ੍ਹਾਂ ਸ਼ਰਤਾਂ ਦਾ ਉਲੰਘਣ ਹੁੰਦਾ ਹੈ ਤਾਂ ਸੂਬਾ ਸਰਕਾਰ ਜ਼ਮਾਨਤ ਰੱਦ ਕਰਵਾਉਣ ਲਈ ਸੁਤੰਤਰ ਹੋਵੇਗੀ। ਇਸ ਆਦੇਸ਼ ਤੋਂ ਬਾਅਦ, ਅਮਨਦੀਪ ਕੌਰ ਹੁਣ ਲਗਭਗ ਛੇ ਮਹੀਨਿਆਂ ਬਾਅਦ ਜੇਲ੍ਹ ਤੋਂ ਬਾਹਰ ਆ ਸਕੇਗੀ, ਜਦਕਿ ਭ੍ਰਿਸ਼ਟਾਚਾਰ ਅਤੇ ਚਿੱਟਾ ਨਾਲ ਸਬੰਧਤ ਦੋਵਾਂ ਮਾਮਲਿਆਂ ਦਾ ਟਰਾਇਲ ਅੱਗੇ ਚੱਲਦਾ ਰਹੇਗਾ।

## ਪੁਲਸ ਨੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਕੇ ਇੱਕੋ ਨੰਬਰ ਪਲੇਟਾਂ ਦੇ 2 ਟਰਾਲੇ ਕੀਤੇ ਬਰਾਮਦ

ਤਰਨਤਾਰਨ 29 ਨਵੰਬਰ। ਥਾਣਾ ਚੋਹਲਾ ਸਾਹਿਬ ਦੀ ਪੁਲਸ ਨੇ ਇਕ ਮੁਲਜ਼ਮ ਨੂੰ ਗ੍ਰਿਫਤਾਰ ਕਰਦੇ ਹੋਏ ਉਸ ਪਾਸੋਂ ਇੱਕੋ ਨੰਬਰ ਦੇ 2 ਘੋੜਾ ਟਰਾਲੇ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਪੁਲਸ ਵੱਲੋਂ ਮੁਲਜ਼ਮ ਦਾ ਰਿਮਾਂਡ ਹਾਸਲ ਕਰ ਕੇ ਅਗਲੇਰੀ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਵਿਚ ਕਈ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਚੋਹਲਾ ਸਾਹਿਬ ਦੇ ਮੁਖੀ ਬਲਜਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐੱਸ.ਐੱਸ.ਪੀ. ਦੀਪਕ ਪਾਰੀਕ ਵੱਲੋਂ ਮਿਲੇ ਹੁਕਮਾਂ ਤਹਿਤ ਮਾੜੇ ਅਨਸਰਾਂ ਖਿਲਾਫ ਸਖਤ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਕਾਰਨ ਇਕ ਮੁਲਜ਼ਮ ਨੂੰ ਇੱਕੋ ਨੰਬਰ ਦੇ 2 ਘੋੜਾ ਟਰਾਲਿਆਂ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਗਈ ਹੈ। ਥਾਣਾ ਮੁਖੀ ਬਲਜਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਏ.ਐੱਸ.ਆਈ. ਗੁਰਮੁਖ ਸਿੰਘ ਸਮੇਤ ਪੁਲਸ ਪਾਰਟੀ ਪੁੱਲ ਨਹਿਰ ਬਿੱਲਿਆਂ ਵਾਲਾ ਵਿਖੇ ਮੌਜੂਦ ਸਨ ਤਾਂ ਗੁਪਤ ਸੂਚਨਾ ਪ੍ਰਾਪਤ ਹੋਈ ਕਿ ਅਮਰੀਕ ਸਿੰਘ ਉਰਫ ਮੁਲਵਈ ਵਾਸੀ ਘੋੜਾ ਚੌਂਕ ਚੋਹਲਾ ਸਾਹਿਬ ਜ਼ਿਲ੍ਹਾ ਤਰਨ ਤਾਰਨ ਟਰਾਲਿਆਂ ਨੂੰ ਚੋਰੀ ਕਰ ਕੇ ਉਸ ਦੀਆਂ ਨੰਬਰ ਪਲੇਟਾਂ ਨਾਲ ਛੇੜਛਾੜ ਕਰਦੇ ਹੋਏ ਵੇਚਣ ਦਾ ਧੰਦਾ ਕਰਦਾ ਹੈ ਅਤੇ ਅੱਜ ਵੀ ਇਲਾਕੇ ਵਿਚ 2 ਇੱਕੋ ਨੰਬਰ ਦੇ ਘੋੜਾ ਟਰਾਲਿਆਂ ਸਮੇਤ ਆ ਰਿਹਾ ਹੈ। ਥਾਣਾ ਮੁਖੀ ਨੇ ਦੱਸਿਆ ਕਿ ਇਸ ਮਿਲੀ ਸੂਚਨਾ ਦੇ ਆਧਾਰ ਉੱਪਰ ਤੁਰੰਤ ਕਾਰਵਾਈ ਕਰਦੇ ਹੋਏ ਅਮਰੀਕ ਸਿੰਘ ਨੂੰ ਇੱਕੋ ਨੰਬਰ ਦੇ 2 ਘੋੜਾ ਟਰਾਲਿਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਦਾ ਮਾਣਯੋਗ ਅਦਾਲਤ ਪਾਸੋਂ ਰਿਮਾਂਡ ਹਾਸਲ ਕਰਦੇ ਹੋਏ ਅਗਲੇਰੀ ਬਾਰੀਕੀ ਨਾਲ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ।

## ਬਠਿੰਡਾ 'ਚ ਸਕੂਲੀ ਵਿਦਿਆਰਥਣ ਨਾਲ ਛੇੜਛਾੜ ਦਾ ਮੁੱਦਾ ਗਰਮਾਇਆ

ਬਠਿੰਡਾ 29 ਨਵੰਬਰ। ਇੱਥੇ ਇਕ ਨਿੱਜੀ ਸਕੂਲ ਦੀ 7ਵੀਂ ਜਮਾਤ ਦੀ ਵਿਦਿਆਰਥਣ ਨਾਲ ਸਕੂਲ ਵੈਨ ਦੇ ਡਰਾਈਵਰ ਵੱਲੋਂ ਕਥਿਤ ਤੌਰ 'ਤੇ ਦੁਰਵਿਵਹਾਰ ਕਰਨ ਦਾ ਮਾਮਲਾ ਜ਼ੋਰ ਫੜ੍ਹਦਾ ਜਾ ਰਿਹਾ ਹੈ। ਸੋਮਵਾਰ ਨੂੰ ਵਿਦਿਆਰਥੀਆਂ ਦੇ ਮਾਪੇ ਅਤੇ ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਸੰਗਠਨਾਂ ਦੇ ਮੈਂਬਰ ਸਕੂਲ ਦੇ ਬਾਹਰ ਇਕੱਠੇ ਹੋਏ ਅਤੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਕੁੜੀ ਲਈ ਇਨਸਾਫ਼ ਦੀ ਮੰਗ ਕੀਤੀ। ਉਪਰੋਕਤ ਮਾਮਲੇ ਸਬੰਧੀ ਬੱਚਿਆਂ ਦੇ ਮਾਪੇ ਅਤੇ ਸੰਗਠਨਾਂ ਦੇ ਵਰਕਰ ਸਕੂਲ ਦੇ ਸਾਹਮਣੇ ਇਕੱਠੇ ਹੋਏ ਅਤੇ ਸਕੂਲ ਪ੍ਰਬੰਧਨ ਨੂੰ ਮਿਲਣ ਅਤੇ ਮੁੱਦੇ 'ਤੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਕੂਲ ਪ੍ਰਬੰਧਨ ਨੇ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਕੁੜੀ ਦੇ ਮਾਪਿਆਂ ਨੇ ਦੱਸਿਆ ਕਿ ਸਕੂਲ ਪ੍ਰਬੰਧਨ ਨੇ ਉਨ੍ਹਾਂ ਨੂੰ ਦੱਸਿਆ ਕਿ ਸਕੂਲ ਵੈਨਾਂ ਨਿੱਜੀ ਤੌਰ 'ਤੇ ਚਲਾਈਆਂ ਜਾਂਦੀਆਂ ਹਨ ਅਤੇ ਸਕੂਲ ਦਾ ਵੈਨਾਂ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਸਕੂਲ ਨੇ ਇਸ ਮਾਮਲੇ ਤੋਂ ਪੂਰੀ ਤਰ੍ਹਾਂ ਹੱਥ ਧੋ ਲਏ। ਲੋਕਾਂ ਨੇ ਕਿਹਾ ਕਿ ਸਕੂਲ ਭਾਰੀ ਫ਼ੀਸ ਲੈਂਦੇ ਹਨ ਅਤੇ ਦਾਖ਼ਲੇ ਸਮੇਂ ਲੱਖਾਂ ਰੁਪਏ ਲੈਂਦੇ ਹਨ ਪਰ ਸਕੂਲੀ ਬੱਚਿਆਂ ਦੀ ਸੁਰੱਖਿਆ ਦੇ ਮੁੱਦੇ ਤੋਂ ਹੱਥ ਧੋ ਲੈਂਦੇ ਹਨ। ਉਨ੍ਹਾਂ ਮੰਗ ਕੀਤੀ ਕਿ ਸਕੂਲ ਪ੍ਰਬੰਧਨ ਪੀੜਤ ਕੁੜੀ ਦੇ ਮਾਪਿਆਂ ਤੋਂ ਮੁਆਫ਼ੀ ਮੰਗੇ ਅਤੇ ਭਵਿੱਖ ਵਿੱਚ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਕੂਲ ਬੱਸਾਂ 'ਚ ਇੱਕ ਮਹਿਲਾ ਸਹਾਇਕ ਹੋਣਾ ਲਾਜ਼ਮੀ ਕੀਤਾ ਜਾਵੇ ਅਤੇ ਵੈਨਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਗਾਏ ਜਾਣ। ਲੋਕਾਂ ਦੇ ਗੁੱਸੇ ਨੂੰ ਦੇਖਦਿਆਂ ਸਿਵਲ ਲਾਈਨਜ਼ ਥਾਣੇ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਦੋਵਾਂ ਧਿਰਾਂ ਨਾਲ ਗੱਲਬਾਤ ਕਰਕੇ ਮਾਮਲਾ ਸ਼ਾਂਤ ਕਰਵਾਇਆ।

# ਨਸ਼ਾ ਤਸਕਰ ਨੂੰ ਕਾਬੂ ਕਰਨ ਮੌਕੇ ਪੁਲਸ ਨਾਲ ਹੱਥੋਪਾਈ

ਕੌਮੀ ਪਤ੍ਰਿਕਾ

ਮਾਛੀਵਾੜਾ ਸਾਹਿਬ 29 ਨਵੰਬਰ। ਮਾਛੀਵਾੜਾ ਪੁਲਸ ਵਲੋਂ ਨਸ਼ੇ ਦੀ ਵੱਡੀ ਸਪਲਾਈ ਕਰਨ ਵਾਲੇ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ। ਮੁਲਜ਼ਮ ਦੀ ਪਛਾਣ ਜਸਦੇਵ ਸਿੰਘ ਉਰਫ਼ ਜੱਸਾ ਵਾਸੀ ਮਾਛੀਵਾੜਾ ਵਜੋਂ ਹੋਈ ਹੈ। ਅੱਜ ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪੁਲਸ ਨੂੰ ਪਿਛਲੇ ਕਾਫ਼ੀ ਸਮੇਂ ਤੋਂ ਸੂਚਨਾ ਮਿਲ ਰਹੀ ਸੀ ਕਿ ਜਸਦੇਵ ਸਿੰਘ ਜੱਸਾ ਕੂੰਮਕਲਾਂ ਥਾਣਾ ਅਧੀਨ ਪੈਂਦੇ ਪਿੰਡ ਚੌਂਤਾ ਤੋਂ ਨਸ਼ਾ ਲਿਆ ਕੇ ਮਾਛੀਵਾੜਾ ਇਲਾਕੇ 'ਚ ਸਪਲਾਈ ਕਰਦਾ ਹੈ। ਪੁਲਸ ਜ਼ਿਲ੍ਹਾ ਖੰਨਾ ਦੇ ਐੱਸ. ਐੱਸ. ਪੀ. ਡਾ. ਜੋਤੀ ਯਾਦਵ ਦੇ ਨਿਰਦੇਸ਼ਾਂ ਤਹਿਤ ਇਸ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਸ ਵਲੋਂ ਕਾਫ਼ੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਡੀ.ਐੱਸ.ਪੀ. ਤਰਲੋਚਨ ਸਿੰਘ ਨੇ ਦੱਸਿਆ ਕਿ ਥਾਣਾ ਮੁਖੀ ਹਰਵਿੰਦਰ ਸਿੰਘ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਜਗਤਾਰ ਸਿੰਘ ਵਲੋਂ ਪੁਲਸ ਪਾਰਟੀ ਸਮੇਤ ਗਸ਼ਤ ਕੀਤੀ ਜਾ ਰਹੀ ਸੀ ਕਿ ਚੌਰਸਤਾ ਰਤੀਪੁਰ ਰੋਡ ਮਾਛੀਵਾੜਾ ਸਾਹਿਬ ਵਿਖੇ ਜਸਦੇਵ ਸਿੰਘ ਨੂੰ ਕਾਬੂ ਕਰ ਲਿਆ ਗਿਆ।



ਜਦੋਂ ਪੁਲਸ ਪਾਰਟੀ ਵਲੋਂ ਇਸ ਨੂੰ ਕਾਬੂ ਕੀਤਾ ਜਾ ਰਿਹਾ ਸੀ ਤਾਂ ਇਸ ਨੇ ਮੁਲਾਜ਼ਮਾਂ ਨਾਲ ਹੱਥੋਪਾਈ ਵੀ ਕੀਤੀ ਗਈ ਅਤੇ ਸਰਕਾਰੀ ਡਿਊਟੀ ਵਿਚ ਵਿਘਨ ਪਾਇਆ। ਪੁਲਸ ਪਾਰਟੀ ਨੂੰ ਤਲਾਸ਼ੀ ਦੌਰਾਨ ਇਸ ਕੋਲੋਂ 21 ਗ੍ਰਾਮ ਹੈਰੋਇਨ ਅਤੇ 4100 ਰੁਪਏ ਡਰੱਗ ਮਨੀ ਬਰਾਮਦ ਹੋਈ। ਡੀ. ਐੱਸ. ਪੀ. ਤਰਲੋਚਨ ਸਿੰਘ ਨੇ ਦੱਸਿਆ ਕਿ ਜਿੱਥੋਂ ਇਹ ਨਸ਼ਾ ਲੈ ਕੇ ਆ ਰਿਹਾ ਸੀ, ਪੁੱਛਗਿੱਛ ਦੌਰਾਨ ਉਨ੍ਹਾਂ ਵਿਅਕਤੀਆਂ ਨੂੰ ਇਸ ਮਾਮਲੇ ਵਿਚ ਨਾਮਜ਼ਦ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਿਨ੍ਹਾਂ ਵਿਅਕਤੀਆਂ ਨੂੰ ਇਹ ਨਸ਼ਾ ਸਪਲਾਈ ਕਰਦਾ ਸੀ, ਉਨ੍ਹਾਂ ਦੀ ਵੀ ਸੂਚੀ ਤਿਆਰ ਕੀਤੀ ਜਾ ਰਹੀ ਹੈ ਅਤੇ ਜੋ ਪੀਣ ਦੇ ਆਦੀ ਹੋਣਗੇ, ਉਨ੍ਹਾਂ ਨੂੰ ਨਸ਼ਾ ਛੁਡਾਓ ਕੇਂਦਰ ਵਿਚ ਭਰਤੀ ਕਰਵਾਇਆ ਜਾਵੇਗਾ ਅਤੇ ਜੋ ਵੇਚਦੇ ਹੋਣਗੇ, ਉਨ੍ਹਾਂ ਨੂੰ ਕਾਬੂ ਕੀਤਾ ਜਾਵੇਗਾ। ਮਾਛੀਵਾੜਾ ਪੁਲਸ ਵਲੋਂ ਜਸਦੇਵ ਸਿੰਘ ਖ਼?ਲਾਫ਼ ਨਸ਼ਾ ਅਤੇ ਸਰਕਾਰੀ ਡਿਊਟੀ ਵਿਚ ਵਿਘਨ ਪਾਉਣ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਡੀ.ਐੱਸ.ਪੀ. ਤਰਲੋਚਨ ਸਿੰਘ ਨੇ ਦੱਸਿਆ ਕਿ ਨਸ਼ਿਆਂ ਦੇ ਮਾਮਲੇ ਵਿਚ ਸਰਗਰਮ ਜਸਦੇਵ ਸਿੰਘ ਉੱਪਰ ਪਹਿਲਾਂ ਵੀ 8 ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਇਸ 'ਤੇ ਪਹਿਲਾ ਮਾਮਲਾ 2015 ਵਿਚ 12 ਕਿੱਲੋ ਭੁੱਕੀ ਦਾ ਦਰਜ ਹੋਇਆ, 2017 ਵਿਚ 250 ਗ੍ਰਾਮ ਅਫ਼ੀਮ ਤੇ 8 ਕਿੱਲੋ ਭੁੱਕੀ, 2017 ਵਿਚ ਫਿਰ 315 ਬੋਰ ਤੇ 2 ਕਾਰਤੂਸ ਬਰਾਮਦ ਹੋਏ, 2021 ਵਿਚ 2 ਅਪਰਾਧਿਕ ਮਾਮਲੇ ਦਰਜ ਹੋਏ, 2022 ਵਿਚ 4 ਕੁਇੰਟਲ ਭੁੱਕੀ ਬਰਾਮਦ ਹੋਈ, 2023 ਵਿਚ ਲੁਧਿਆਣਾ ਡਵੀਜ਼ਨ ਨੰਬਰ 7 ਵਿਚ ਅਪਰਾਧਿਕ ਮਾਮਲਾ ਦਰਜ ਹੋਇਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਹਰਿਆਣਾ ਵਿੱਚ ਜਲਦੀ ਲਾਗੂ ਹੋਵੇਗੀ ਨਵੀਂ ਸਿਟੀ ਗੈਸ ਡਿਸਟ੍ਰੀਬਿਊਸ਼ਨ ਪੋਲਿਸੀ

**ਕੌਮੀ ਪੱਤ੍ਰਿਕਾ**

ਚੰਡੀਗੜ੍ਹ, 29 ਨਵੰਬਰ- ਹਰਿਆਣਾ ਸਰਕਾਰ ਸੂਬੇ ਵਿੱਚ ਕੁਦਰਤੀ ਗੈਸ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਦੇ ਉਦੇਸ਼ ਨਾਲ ਇੱਕ ਆਧੁਨਿਕ ਅਤੇ ਨਿਵੇਸ਼ਕ-ਹਿਤੈਸ਼ੀ ਸਿਟੀ ਗੈਸ ਵੰਡ (ਸੀਜੀਡੀ) ਨੀਤੀ ਲਾਗੂ ਕਰਨ ਦੀ ਤਿਆਰੀ ਕਰ ਰਹੀ ਹੈ। ਉਦਯੋਗ ਅਤੇ ਵਪਾਰ ਵਿਭਾਗ ਅਤੇ ਹੋਰ ਸਬੰਧਿਤ ਵਿਭਾਗਾਂ ਦੇ ਨਾਲ ਇੱਕ ਸਮੀਖਿਆ ਮੀਟਿੰਗ ਦੀ ਅਗਵਾਈ ਕਰਦੇ ਹੋਏ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਅਧਿਕਾਰੀਆਂ ਨੂੰ ਪੈਟਰੋਲਿਅਮ ਅਤੇ ਕੁਦਰਤੀ ਗੈਸ ਰੈਗੂਲੇਟਰੀ ਬੋਰਡ (ਪੀਐਨਜੀਆਰਬੀ) ਤੋਂ ਪ੍ਰਾਪਤ ਸੁਝਾਵਾਂ ਨੂੰ ਇਸ ਨੀਤੀ ਵਿੱਚ ਸ਼ਾਮਿਲ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਨਵੀਂ ਨੀਤੀ ਰਾਸ਼ਟਰੀ ਮਾਨਕਾਂ ਅਤੇ ਉਦਯੋਗ ਦੀ ਜਰੂਰਤਾਂ ਦੇ ਅਨੁਰੂਪ ਹੋਣ। ਮੁੱਖ ਸਕੱਤਰ ਨੇ ਭਰੋਸਾ ਵਿਅਕਤ ਕੀਤਾ ਕਿ ਨਵੀਂ ਸੀਜੀਡੀ ਪੋਲਿਸੀ ਨਾਲ ਹਰਿਆਣਾ ਦੀ ਊਰਜਾ ਸੁਰੱਖਿਆ ਨੂੰ ਮਜਬੂਤੀ ਮਿਲੇਗੀ, ਈਜ਼ ਆਫ ਡੂਇੰਗ ਬਿਜਨੇਸ ਨੂੰ ਪ੍ਰੋਤਸਾਹਨ ਮਿਲੇਗਾ ਅਤੇ ਸਵੱਛ ਅਤੇ ਲਗਾਤਾਰ ਊਰਜਾ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਹਰਿਆਣਾ ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਸ਼ੁਮਾਰ ਹੋਵੇਗਾ। ਪ੍ਰਸਤਾਵਿਤ ਸੀਜੀਡੀ ਪੋਲਿਸੀ ਤੋਂ ਕੁਦਰਤੀ ਗੈਸ ਪਾਇਪਲਾਇਨ ਅਤੇ ਵੰਡ ਨੈਟਵਰਕ ਵਿੱਚ ਪਬਲਿਕ ਅਤੇ ਨਿਜੀ ਖੇਤਰ ਤੋਂ ਨਿਵੇਸ਼ ਲਈ ਮੌਕਾ ਖੁਲਣ ਦੀ ਉਮੀਦ ਹੈ। ਮੁੱਖ ਸਕੱਤਰ ਨੇ ਕਿਹਾ ਕਿ ਇਸ ਨੀਤੀ ਨਾਲ ਪਾਇਪਲਾਇਨ ਢਾਂਚਾ ਦੇ ਨਿਰਮਾਣ ਲਈ ਅਨੁਕੂਲ ਮਾਹੌਲ ਤਿਆਰ ਹੋਵੇਗਾ। ਨਾਲ ਹੀ, ਇਸ ਤੋਂ ਨਿਰਪੱਖ ਮੁਕਾਬਲਾ ਯਕੀਨੀ ਹੋਵੇਗੀ ਅਤੇ ਪਹੁੰਚ ਅਤੇ ਸੁਰੱਖਿਆ ਨਾਲ ਜੁੜੇ ਖਪਤਕਾਰ ਹਿੱਤਾਂ ਦਾ ਵੀ ਪੂਰਾ ਧਿਆਨ ਰੱਖਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸੀਜੀਡੀ ਨੈਟਵਰਕ ਦੇ ਵਿਸਤਾਰ ਨਾਲ ਰਾਜ ਨੂੰ ਉਦਯੋਗਾਂ ਤੇ ਘਰੇਲੂ ਖਪਤਕਾਰਾਂ ਵਿੱਚ ਸਾਫ ਊਰਜਾ ਦੇ ਵਰਤੋ ਨੂੰ ਪ੍ਰੋਤਸਾਹਨ ਦੇ ਕੇ ਕੱਚੇ ਤੇਲ 'ਤੇ ਨਿਰਭਰਤਾ ਘੱਟ ਕਰਨ ਵਿੱਚ ਮਦਦ ਮਿਲੇਗੀ। ਡ੍ਰਾਫਟ ਸੀਜੀਡੀ ਪੋਲਿਸੀ-2025 ਤਹਿਤ ਪੈਟਰੋਲਿਅਮ ਅਤੇ ਕੁਦਰਤੀ ਗੈਸ ਰੈਗੂਲੇਟਰੀ ਬੋਰਡ ਵੱਲੋਂ ਅਥੋਰਾਇਜਡ ਕੰਪਨੀਆਂ ਸੂਬੇ ਦੇ ਸਿੰਗਲ ਵਿੰਡੋ ਪੋਰਟਲ www.investharyana.in ਰਾਹੀਂ ਰਾਇਟ ਆਫ ਯੂਜ਼ (ਆਰਓਯੂ) ਅਤੇ ਰਾਇਟ ਆਫ ਵੇ (ਆਰਓਡਬਲਿਯੂ) ਮੰਜੂਰੀ ਪ੍ਰਾਪਤ ਕਰ ਸਕਣਗੇ। ਬਿਨੈਕਾਰਾਂ ਨੂੰ ਕਾਮਨ ਐਪਲੀਕੇਸ਼ਨ ਫਾਰਮ ਦੇ ਨਾਲ ਜੀਆਈਐਸ-ਅਧਾਰਿਤ ਰੂਟ ਮੈਪ, ਕਾਰਜ ਯੋਜਨਾ, ਭੂਮੀ ਵੰਡ ਅਤੇ ਵਰਤੋ ਕੀਤੇ ਜਾਣ ਵਾਲੀ ਤਕਨੀਕ-ਜਿਵੇਂ ਐਚਡੀਡੀ, ਟ੍ਰੈਂਚਲੈਸ ਬੋਰਿੰਗ ਜਾਂ ਓਪਨ ਟ੍ਰੈਂਚਿੰਗ-ਦਾ ਵੇਰਵਾ ਪੇਸ਼ ਕਰਨਾ ਹੋਵੇਗਾ। ਨੀਤੀ ਵਿੱਚ ਫੀਸ ਢਾਂਚਾ ਨੂੰ ਪਾਰਦਰਸ਼ੀ ਬਣਾਇਆ ਗਿਆ ਹੈ ਅਤੇ ਸਾਰੇ ਵਿੱਤੀ ਪ੍ਰਕ੍ਰਿਆਵਾਂ ਨੂੰ ਸਰਲ ਕਰਦੇ ਹੋਏ ਨਿਰਧਾਰਿਤ ਫੀਸ ਸਪਸ਼ਟ ਰੂਪ ਨਾਲ ਪਰਿਭਾਸ਼ਤ ਕੀਤੇ ਗਏ ਹਨ। ਉਦਯੋਗ ਅਤੇ ਵਪਾਰ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਕੁਮਾਰ ਅਗਰਵਾਲ ਨੇ ਦਸਿਆ ਕਿ ਨਵੀਂ ਨੀਤੀ, ਐਚਐਸਆਈਆਈਡੀਸੀ ਵੱਲੋਂ ਸਾਲ 2010 ਵਿੱਚ ਬਣਾਈ ਗਈ ਸੀਜੀਡੀ ਨੀਤੀ ਦਾ ਅਪਡੇਟ ਰੂਪ ਹੈ, ਜਿਸ ਵਿੱਚ ਆਧੁਨਿਕ ਤਕਨੀਕੀ ਅਤੇ ਪ੍ਰਸ਼ਾਸ਼ਨਿਕ ਜਰੂਰਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਨਵੀਂ ਨੀਤੀ ਦੇ ਲਾਗੂ ਕਰਨ ਅਤੇ ਸਾਰੇ ਹਿੱਤਧਅਰਕ ਵਿਭਾਗਾਂ ਦੇ ਤਾਲਮੇਲ ਲਈ ਉਦਯੋਗ ਅਤੇ ਵਪਾਰ ਵਿਭਾਗ ਨੋਡਲ ਏਜੰਸੀ ਵਜੋ ਕੰਮ ਕਰੇਗਾ।

## ਮੰਦਰ 'ਚ ਚੜ੍ਹ ਗਿਆ ਐਨਾ ਚੜ੍ਹਾਵਾ, ਨੋਟ ਗਿਣਨ ਨੂੰ ਬੰਦੇ ਵੀ ਪੈ ਗਏ ਘੱਟ

ਨੈਸ਼ਨਲ ਡੈਸਕ 29 ਨਵੰਬਰ। ਰਾਜਸਥਾਨ ਦੇ ਚਿਤੌੜਗੜ੍ਹ ਜ਼ਿਲ੍ਹੇ 'ਚ ਸਥਿਤ ਪ੍ਰਸਿੱਧ ਸ਼੍ਰੀ ਸਾਂਵਲੀਆ ਸੇਠ ਮੰਦਰ ਦੇ ਚੜ੍ਹਾਵੇ ਦੀ ਗਿਣਤੀ ਨੇ ਪਿਛਲੇ ਸਾਰੇ ਰਿਕਾਰਡਾਂ ਨੂੰ ਪਿੱਛੇ ਛੱਡ ਦਿੱਤਾ ਹੈ। ਦੀਵਾਲੀ ਤੋਂ ਦੋ ਮਹੀਨਿਆਂ ਬਾਅਦ ਖੋਲ੍ਹੇ ਗਏ ਚੜ੍ਹਾਵੇ ਵਿੱਚੋਂ ਪੰਜ ਪੜਾਵਾਂ ਦੀ ਗਿਣਤੀ ਪੂਰੀ ਹੋ ਚੁੱਕੀ ਹੈ, ਜਿਸ ਵਿੱਚ ਚੜ੍ਹਾਵੇ ਦੀ ਰਕਮ 40 ਕਰੋੜ 33 ਲੱਖ 39 ਹਜ਼ਾਰ ਰੁਪਏ ਤੱਕ ਪਹੁੰਚ ਗਈ ਹੈ। ਵੀਰਵਾਰ ਨੂੰ ਭੰਡਾਰੇ ਦੀ ਗਿਣਤੀ ਦਾ ਛੇਵਾਂ ਪੜਾਅ ਜਾਰੀ ਸੀ, ਅਤੇ ਅਜੇ ਵੀ ਨੋਟਾਂ ਦੇ ਵੱਡੇ ਹਿੱਸੇ ਦੀ ਗਿਣਤੀ ਬਾਕੀ ਹੈ। ਮੰਦਰ ਮੰਡਲ ਦੇ ਅਨੁਸਾਰ, ਇਸ ਵਾਰ ਭੰਡਾਰੇ ਵਿੱਚ ਚੜ੍ਹਾਵਾ ਰਿਕਾਰਡ ਪੱਧਰ 'ਤੇ ਪਹੁੰਚਣ ਦੀ ਸੰਭਾਵਨਾ ਹੈ। ਲਗਭਗ ਹਰ ਵਾਰ ਜਦੋਂ ਭੰਡਾਰ ਖੋਲ੍ਹਿਆ ਜਾਂਦਾ ਹੈ, ਪਿਛਲੀ ਵਾਰ ਦਾ ਰਿਕਾਰਡ ਟੁੱਟ ਜਾਂਦਾ ਹੈ। ਆਮ ਤੌਰ 'ਤੇ, ਹਰ ਮਹੀਨੇ ਖੁੱਲ੍ਹਣ ਵਾਲੇ ਭੰਡਾਰੇ ਤੋਂ ਔਸਤਨ ਛੇ ਪੜਾਵਾਂ ਵਿੱਚ 26 ਤੋਂ 27 ਕਰੋੜ ਰੁਪਏ ਦੀ ਦਾਨ ਰਾਸ਼ੀ ਨਿਕਲਦੀ ਹੈ। ਭੰਡਾਰ ਨੂੰ 19 ਨਵੰਬਰ ਨੂੰ ਭੋਗ ਅਤੇ ਆਰਤੀ ਤੋਂ ਬਾਅਦ ਮੰਦਰ ਮੰਡਲ ਦੀ ਪ੍ਰਬੰਧਕੀ ਅਧਿਕਾਰੀ ਪ੍ਰਭਾ ਗੌਤਮ ਅਤੇ ਪ੍ਰਧਾਨ ਹਜ਼ਾਰੀ ਦਾਸ ਵੈਸ਼ਨਵ ਦੀ ਮੌਜੂਦਗੀ ਵਿੱਚ ਖੋਲ੍ਹਿਆ ਗਿਆ ਸੀ। ਸ਼ਰਧਾਲੂਆਂ ਦੀ ਵਧਦੀ ਭੀੜ ਦੇ ਮੱਦੇਨਜ਼ਰ, ਗਿਣਤੀ ਦੀ ਪ੍ਰਕਿਰਿਆ ਮੰਦਰ ਦੇ ਮੁੱਖ ਚੌਕ ਦੀ ਬਜਾਏ ਪਰਿਸਰ ਵਿੱਚ ਬਣੇ ਸਤਿਸੰਗ ਹਾਲ ਵਿੱਚ ਕੀਤੀ ਗਈ ਹੈ। ਨੋਟਾਂ ਦੀ ਗਿਣਤੀ ਲਈ ਲਗਭਗ 200 ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਭੰਡਾਰੇ ਤੋਂ ਨਕਦੀ ਨੂੰ ਬੋਰਿਆਂ ਵਿੱਚ ਭਰ ਕੇ ਸਤਿਸੰਗ ਹਾਲ ਤੱਕ ਲਿਜਾਇਆ ਜਾਂਦਾ ਹੈ। ਨੋਟਾਂ ਨੂੰ ਪਹਿਲਾਂ 500 ਰੁਪਏ ਦੇ ਬੰਡਲ, ਫਿਰ 200 ਰੁਪਏ ਦੇ ਅਤੇ ਫਿਰ ਛੋਟੇ ਨੋਟਾਂ ਦੀ ਛਾਂਟੀ ਅਤੇ ਗਿਣਤੀ ਕੀਤੀ ਜਾਂਦੀ ਹੈ। ਪੂਰੇ ਗਣਨਾ ਸਥਾਨ 'ਤੇ ਸੀਸੀਟੀਵੀ ਅਤੇ ਮੈਨੂਅਲ ਕੈਮਰਿਆਂ ਨਾਲ ਸਖ਼ਤ ਨਿਗਰਾਨੀ ਰੱਖੀ ਜਾਂਦੀ ਹੈ ਅਤੇ ਪੁਖਤਾ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਗਣਨਾ ਸਥਾਨ 'ਤੇ ਮੋਬਾਈਲ ਅਤੇ ਪਰਸ ਲੈ ਕੇ ਜਾਣਾ ਮਨ੍ਹਾ ਹੈ। ਨਕਦੀ ਦੀ ਗਿਣਤੀ ਤੋਂ ਬਾਅਦ, ਹੁਣ ਦਫ਼ਤਰ, ਭੇਟ ਕਮਰੇ, ਆਨਲਾਈਨ ਅਤੇ ਮਨੀਆਰਡਰ ਰਾਹੀਂ ਪ੍ਰਾਪਤ ਹੋਏ ਚੜ੍ਹਾਵੇ ਦੀ ਗਣਨਾ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਭੰਡਾਰੇ ਵਿੱਚੋਂ ਨਿਕਲੇ ਸੋਨਾ, ਚਾਂਦੀ, ਸਿੱਕਿਆਂ ਅਤੇ ਵਿਦੇਸ਼ੀ ਮੁਦਰਾਵਾਂ ਦੀ ਛਾਂਟੀ ਅਤੇ ਤੋਲ ਵੀ ਬਾਕੀ ਹੈ। ਸਾਂਵਲੀਆ ਸੇਠ ਦੇ ਦਰਬਾਰ ਵਿੱਚ ਰਾਜਸਥਾਨ ਤੋਂ ਇਲਾਵਾ ਦੇਸ਼ ਭਰ ਤੋਂ ਸ਼ਰਧਾਲੂ ਪਹੁੰਚਦੇ ਹਨ।

## ਕੇਰਲ ਦੇ ਇਡੁੱਕੀ 'ਚ ਵੱਡਾ ਹਾਦਸਾ ਟਲਿਆ !

ਇਡੁੱਕੀ 29 ਨਵੰਬਰ। ਕੇਰਲ ਦੇ ਇਡੁੱਕੀ ਜ਼ਿਲ੍ਹੇ ਦੇ ਅਨਚਲ ਖੇਤਰ ਵਿੱਚ ਸ਼ੁੱਕਰਵਾਰ ਨੂੰ ਉਸ ਵੇਲੇ ਹੜਕੰਪ ਮਚ ਗਿਆ, ਜਦੋਂ ਇੱਕ ਨਿੱਜੀ ਸਕਾਈ ਡਾਇਨਿੰਗ ਸੈੱਟਅੱਪ ਵਿੱਚ ਅਚਾਨਕ ਤਕਨੀਕੀ ਖ਼ਰਾਬੀ ਆ ਗਈ। ਕ੍ਰੇਨ 'ਚ ਖ਼ਰਾਬੀ ਆਉਣ ਕਾਰਨ ਰੈਸਟੋਰੈਂਟ ਦਾ ਪਲੇਟਫਾਰਮ ਹਵਾ ਵਿੱਚ ਹੀ ਰੁਕ ਗਿਆ, ਜਿਸ ਕਾਰਨ ਸੈਲਾਨੀ ਅਤੇ ਸਟਾਫ਼ ਡੇਢ ਘੰਟੇ ਤੋਂ ਵੱਧ ਸਮੇਂ ਤੱਕ ਫਸੇ ਰਹੇ। ਇਹ ਘਟਨਾ ਮੁਨਾਰ ਨੇੜੇ ਵਾਪਰੀ। ਜਦੋਂ ਕ੍ਰੇਨ ਅਚਾਨਕ ਖ਼ਰਾਬ ਹੋ ਗਈ, ਤਾਂ ਪਲੇਟਫਾਰਮ ਜ਼ਮੀਨ ਤੋਂ ਲਗਭਗ 150 ਫੁੱਟ (ਕਰੀਬ 120 ਫੁੱਟ ਤੋਂ ਵੱਧ ਉਚਾਈ) ਦੀ ਉਚਾਈ 'ਤੇ ਹਵਾ ਵਿੱਚ ਅਟਕ ਗਿਆ। ਪਲੇਟਫਾਰਮ 'ਤੇ ਕੁੱਲ ਚਾਰ ਸੈਲਾਨੀ ਫਸੇ ਹੋਏ ਸਨ, ਜਿਨ੍ਹਾਂ ਵਿੱਚ ਦੋ ਬੱਚੇ ਵੀ ਸ਼ਾਮਲ ਸਨ, ਨਾਲ ਹੀ ਰੈਸਟੋਰੈਂਟ ਦਾ ਇੱਕ ਸਟਾਫ਼ ਮੈਂਬਰ ਵੀ ਮੌਜੂਦ ਸੀ। ਇਹ ਗਰੁੱਪ ਦੋ ਘੰਟਿਆਂ ਤੋਂ ਵੱਧ ਸਮੇਂ ਤੱਕ ਫਸਿਆ ਰਿਹਾ, ਜਿਸ ਕਾਰਨ ਉੱਥੇ ਦਹਿਸ਼ਤ ਦਾ ਮਾਹੌਲ ਬਣ ਗਿਆ। ਫਾਇਰ ਅਤੇ ਰੈਸਕਿਊ ਸਟਾਫ਼ ਦੀਆਂ ਯੂਨਿਟਾਂ ਮੁਨਾਰ ਅਤੇ ਅਦਿਮਾਲੀ ਤੋਂ ਘਟਨਾ ਵਾਲੀ ਥਾਂ 'ਤੇ ਪਹੁੰਚੀਆਂ। ਸ਼ਾਮ ਕਰੀਬ 4 ਵਜੇ ਬਚਾਅ ਕਰਮਚਾਰੀ ਮੌਕੇ 'ਤੇ ਪਹੁੰਚੇ। ਬਚਾਅ ਕਾਰਜ ਦੇ ਤਹਿਤ, ਸਭ ਤੋਂ ਪਹਿਲਾਂ ਦੋ ਬੱਚਿਆਂ ਅਤੇ ਉਨ੍ਹਾਂ ਦੀ ਮਾਂ ਨੂੰ ਹੇਠਾਂ ਉਤਾਰਿਆ ਗਿਆ। ਇਸ ਤੋਂ ਬਾਅਦ ਪਿਤਾ ਅਤੇ ਰੈਸਟੋਰੈਂਟ ਦੀ ਇੱਕ ਮਹਿਲਾ ਸਟਾਫ਼ ਮੈਂਬਰ ਨੂੰ ਸੁਰੱਖਿਅਤ ਕੱਢਿਆ ਗਿਆ। ਸ਼ਾਮ ਕਰੀਬ 4:30 ਵਜੇ ਤੱਕ, ਸਾਰੇ ਚਾਰ ਸੈਲਾਨੀ ਅਤੇ ਸਟਾਫ਼ ਮੈਂਬਰ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਸਟਾਫ਼ ਮੈਂਬਰ ਨੇ ਟੀਵੀ ਚੈਨਲਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਦੀ ਸਿਖਲਾਈ ਦਿੱਤੀ ਗਈ ਸੀ, ਇਸ ਲਈ ਕੋਈ ਬਹੁਤੀ ਘਬਰਾਹਟ ਨਹੀਂ ਫੈਲੀ। ਇਹ ਪਰਿਵਾਰ ਕੋਝੀਕੋਡ ਦਾ ਰਹਿਣ ਵਾਲਾ ਸੀ।

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### ਪੂਰਵੋਤੱਰ ਰੇਲਵੇ

**ਨਿਵਿਦਾ ਸੂਚਨਾ ਸੰ. 11 ਸਾਲ 2025-26**

ਅਧੋਲਿਖਿਤ ਕਾਰਜਾਂ ਦੇ ਲਈ ਮੁਹਰਬੰਦ ਖੁਲੀ ਨਿਵਿਦਾਂਵਾਂ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਅਤੇ ਉਨ੍ਹਾਂ ਲਈ ਮੰਡਲ ਰੇਲ ਪ੍ਰਬੰਧਕ (ਸਿਗਨਲ ਅਤੇ ਦੂਰਸੰਚਾਰ), ਪੂਰਵੋਤਰ ਰੇਲਵੇ, ਇਜੱਤਨਗਰ ਦਵਾਰਾ ਆਮੰਤਰਿਤ ਕਿਤੀ ਜਾਂਦੀ ਹੈ:- ਕਾਰਜਾਂ ਦਾ ਵੇਰਵਾ: 1. ਟਨਕਪੁਰ ਸਟੇਸ਼ਨ ਤੇ ਇਲੈਕਟ੍ਰੋਨਿਕ ਇੰਟਰਲੋਕਿੰਗ ਅਤੇ ਹੋਰ ਲੂਪ ਅਤੇ ਸਟੇਸਲਿੰਗ ਲਾਇਨ ਲਈ ਸਿਗਨਲ ਅਤੇ ਦੂਰਸੰਚਾਰ ਕੰਮ। ਅਨੁਮਾਨਿਤ ਲਾਗਤ : ਰੁ. 3,72,05,375.06 ਬਿਆਨਾ ਰਾਸ਼ਿ : ਰੁ. 3,36,000 ਕਾਰਜ ਸਮਾਪਨ ਅਵਧਿ: 6 ਮਹੀਨੇ, ਇ-ਨਿਵਿਦਾਂਵਾਂ ਜਮਾ ਕਰਨ ਦੀ ਆਖਰੀ ਮਿਤੀ ਅਤੇ ਸਮਾਂ : 22/12/2025 ਨੂੰ 11:00 ਵਜੇ । • ਪੂਰਾ ਵੇਰਵਾ ਵੇਬਸਾਇਟ http://ww.ireps.gov.in ਤੇ ਅਪਲੋਡ ਕਰ ਦਿੱਤੀ ਗਈ ਹੈ। • ਨਿਵਿਦਾਦਾਤਾ ਦੇ ਕੋਲ ਕਲੱਸ -III ਡਿਜਿਟਲ ਹਸਤਾਕਸ਼ਰ ਪ੍ਰਮਾਣੱਪਤਰ ਹੋਨਾ ਜਰੂਰੀ ਹੈ ਅਤੇ IREPS ਪੋਰਟਲ ਤੇ ਰਜਿਸਟਰ ਹੋਨਾ ਚਾਹਿਦਾ ਹੈ । • ਸਾਰੇ ਜਰੂਰੀ ਦਸਤਤਾਵੇਜ ਈ-ਨਿਵਿਦਾ ਵਿਚ ਭਾਗ ਲੇਨ ਦੇ ਸਮੇ ਚ ਅਪਲੋਡ ਕਿਤੇ ਜਾਨੇ ਚਾਹਿਦੇ ਹਨ।

**ਵਰਿ. ਮੰਡਲ ਸਿਗਨਲ ਅਤੇ ਦੂਰਸੰਚਾਰ ਇੰਜੀਨਿਯਰ,**
**ਮੁਜਾਧਿ/ਸਿਗਨਲ-68 ਪੂਰਵੋਤਰ ਰੇਲਵੇ, ਇੱਜਤਨਗਰ**

ਗੱਡੀਆਂ ਦੀ ਛੱਤਾਂ ਅਤੇ ਪਾਵਦਾਨ ਤੇ ਕਦੇ ਵੀ ਯਾਤ੍ਰਾ ਨਾ ਕਰੋ।

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

सत्यमेव जयते

## ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ
## ਗੁਰਦੁਆਰਾ ਚੋਣ ਨਿਦੇਸ਼ਾਲਾ ਦਾ ਦਫ਼ਤਰ

**ਦੂਜੀ ਮੰਜ਼ਿਲ, ਐਫ-ਬਲੱਾਕ, ਵਿਕਾਸ ਭਵਨ, ਆਈ.ਪੀ. ਇਸਟੇਟ, ਨਵੀਂ ਦਿੱਲੀ-110002**
**ਫੋਨ ਨੰਬਰ 23370225 ਈਮੇਲ ਆਈਡੀ: dge.2011@gmail.com**

**ਜਨਤੱਕ ਸੂਚਨਾ**

ਦਿੱਲੀ ਸਰਕਾਰ ਦੇ ਸਾਰੇ 46 ਗੁਰਦੁਵਾਰਾ ਵਾਰਡਾਂ ਦੀ ਨਵੀਂ ਫੋਟੋਯੁਕਤ ਮਤਦਾਤਾ ਸੂਚੀ ਤਿਆਰ ਕਰਨ ਲਈ ਮਿਤੀ 20.09.2025, 01.10.2025, 20.10.2025 ਅਤੇ 18.11.2025 ਦੀ ਜਨਤੱਕ ਸੂਚਨਾ ਦੇ ਕ੍ਰਮ 'ਚ, ਦਿੱਲੀ ਦੇ ਸਾਰੇ ਸਿਖ ਨਾਗਰਿਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿੱਖ ਮਤਦਾਤਾਵਾਂ ਦੇ ਪੰਜੀਕਰਨ ਲਈ ਆਵੇਦਨ ਪੱਤਰ (ਫੱਾਰਮ-2) ਪ੍ਰਾਪਤ ਕਰਨ ਦੀ ਅੰਤਿਮ ਮਿਤੀ ਜਨਹਿਤ 'ਚ 30.11.2025 ਤੋਂ ਵਧਾਕੇ 31.12.2025 ਕੀਤੀ ਜਾਂਦੀ ਹੈ। ਦਿੱਲੀ ਦੇ ਸਾਰੇ ਸਿੱਖ ਨਾਗਰਿਕਾਂ ਤੋਂ ਅਨੁਰੋਧ ਹੈ ਕਿ ਉਹ ਦਿੱਲੀ ਸਿੱਖ ਗੁਰਦੁਵਾਰਾ ਪ੍ਰਬੰਧਕ ਸਮਿਤੀ ਦੀ ਨਵੀਂ ਫੋਟੋਯੁਕਤ ਮਤਦਾਤਾ ਸੂਚੀ 'ਚ ਆਪਣੇ ਨਾਮ ਦਰਜ ਕਰਾਉਣ ਦੇ ਅਵਸਰ ਦਾ ਲਾਭ ਚੁੱਕਣ।

(ਮਨਵਿੰਦਰ ਸਿੰਘ)
ਨਿਦੇਸ਼ਕ (ਗੁਰਦੁਵਾਰਾ ਚੋਣ)

DIP/Shabdarth/Classified/0354/25-26

# ਰੋਹਤਕ ਤੇ ਝੱਜਰ ਵਿਚ ਬਾਸਕਟਬਾਲ ਪੋਲ ਡਿੱਗਣ ਨਾਲ ਦੋ ਨਾਬਾਲਗਾਂ ਦੀ ਮੌਤ



**ਰੋਹਤਕ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਰੋਹਤਕ ਤੇ ਬਹਾਦਰਗੜ੍ਹ ਕਸਬੇ (ਝੱਜਰ) ਵਿਚ ਦੋ ਵੱਖ ਵੱਖ ਘਟਨਾਵਾਂ ਵਿਚ ਪ੍ਰੈਕਟਿਸ ਦੌਰਾਨ ਬਾਸਕਟਬਾਲ ਪੋਲ ਡਿੱਗਣ ਨਾਲ ਦੋ ਨਾਬਾਲਗ ਲੜਕਿਆਂ ਦੀ ਮੌਤ ਹੋ ਗਈ।

ਪੀੜਤਾਂ ਦੀ ਪਛਾਣ ਬਹਾਦਰਗੜ੍ਹ ਦੇ ਅਮਨ (15) ਤੇ ਰੋਹਤਕ ਦੇ ਲੱਖਣ ਮਾਜਰਾ ਦੇ ਹਾਰਦਿਕ (16) ਵਜੋਂ ਹੋਈ ਹੈ। ਦੋਵੇਂ ਦਸਵੀਂ ਜਮਾਤ ਦੇ ਵਿਦਿਆਰਥੀ ਸਨ।

ਪਹਿਲੀ ਘਟਨਾ ਐਤਵਾਰ ਨੂੰ ਬਹਾਦਰਗੜ੍ਹ ਵਿੱਚ ਵਾਪਰੀ। ਖਬਰਾਂ ਮੁਤਾਬਕ ਅਮਨ ਦੁਪਹਿਰ ਸਮੇਂ ਬਾਸਕਟਬਾਲ ਅਭਿਆਸ ਲਈ ਸਥਾਨਕ ਸਟੇਡੀਅਮ ਗਿਆ ਸੀ ਜਦੋਂ ਅਚਾਨਕ ਖੰਭਾ ਉਸ ’ਤੇ ਡਿੱਗ ਗਿਆ। ਉਸ ਨੂੰ ਤੁਰੰਤ ਸਿਵਲ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿੱਚ ਪੀਜੀਆਈਐਮਐਸ ਰੋਹਤਕ ਰੈਫਰ ਕਰ ਦਿੱਤਾ ਗਿਆ, ਜਿੱਥੇ ਉਸ ਨੇ ਸੋਮਵਾਰ ਰਾਤ ਨੂੰ ਦਮ ਤੋੜ ਦਿੱਤਾ। ਮੰਗਲਵਾਰ ਨੂੰ ਉਸ ਦਾ ਅੰਤਿਮ ਸੰਸਕਾਰ ਕੀਤਾ ਗਿਆ।

ਦੂਜੀ ਘਟਨਾ ਮੰਗਲਵਾਰ ਨੂੰ ਰੋਹਤਕ ਜ਼ਿਲ੍ਹੇ ਦੇ ਲਖਨ ਮਾਜਰਾ ਕਸਬੇ ਦੇ ਇੱਕ ਸਟੇਡੀਅਮ ਵਿੱਚ ਵਾਪਰੀ। ਬਾਸਕਟਬਾਲ ਦਾ ਪੋਲ ਟੁੱਟਣ ਤੋਂ ਬਾਅਦ ਹਾਰਦਿਕ ਨੂੰ ਗੰਭੀਰ ਸੱਟਾਂ ਲੱਗੀਆਂ।

ਜਾਣਕਾਰੀ ਅਨੁਸਾਰ ਹਾਰਦਿਕ ਨੇ ਬਾਸਕਟਬਾਲ ਵਾਲੀ ਟੋਕਰੀ ਛੂਹਣ ਦੀ ਕੋਸ਼ਿਸ਼ ਕੀਤੀ ਤਾਂ ਉਹ ਉਸ ਉੱਤੇ ਡਿੱਗ ਪਿਆ। ਹੋਰ ਨੌਜਵਾਨ ਖਿਡਾਰੀ ਉਸ ਨੂੰ ਖੰਭੇ ਹੇਠ ਫਸਿਆ ਦੇਖ ਕੇ ਮਦਦ ਲਈ ਦੌੜੇ। ਉਸ ਨੂੰ ਫੌਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਇਹ ਘਟਨਾ ਬਾਸਕਟਬਾਲ ਕੋਰਟ ਦੇ ਨੇੜੇ ਲੱਗੇ ਸੀਸੀਟੀਵੀ ਵਿੱਚ ਵੀ ਕੈਦ ਹੋ ਗਈ। ਹਾਰਦਿਕ ਪਹਿਲਾਂ ਸਬ-ਜੂਨੀਅਰ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਹਿੱਸਾ ਲੈ ਚੁੱਕਾ ਸੀ।

# ਫਰੀਦਕੋਟ ਲਗਾਤਾਰ ਤੀਜੇ ਦਿਨ ਸਭ ਤੋਂ ਠੰਡਾ; ਤਾਪਮਾਨ 4 ਡਿਗਰੀ ਸੈਲਸੀਅਸ



**ਚੰਡੀਗੜ੍ਹ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ, ਹਰਿਆਣਾ, ਚੰਡੀਗੜ੍ਹ ਸਣੇ ਪੂਰੇ ਉੱਤਰ ਭਾਰਤ ਵਿੱਚ ਪਿਛਲੇ ਤਿੰਨ-ਚਾਰ ਦਿਨਾਂ ਤੋਂ ਠੰਢ ਵਧਣੀ ਸ਼ੁਰੂ ਹੋ ਗਈ ਹੈ। ਇਸ ਦੌਰਾਨ ਲੋਕਾਂ ਨੂੰ ਸਵੇਰ ਅਤੇ ਰਾਤ ਸਮੇਂ ਘਰੋਂ ਬਾਹਰ ਨਿਕਲਣ ਸਮੇਂ ਗਰਮ ਕੱਪੜਿਆਂ ਦੀ ਵਰਤੋਂ ਕਰਨੀ ਪੈ ਰਹੀ ਹੈ ਪਰ ਪਿਛਲੇ ਦੋ-ਤਿੰਨ ਦਿਨਾਂ ਤੋਂ ਹਰਿਆਣਾ ਨਾਲੋਂ ਪੰਜਾਬ ਵਿੱਚ ਠੰਢ ਵਧੇਰੇ ਵੱਧ ਗਈ ਹੈ। ਪੰਜਾਬ ਵਿੱਚ ਤਾਪਮਾਨ ਹਰਿਆਣਾ ਨਾਲੋਂ 3 ਤੋਂ 4 ਡਿਗਰੀ ਸੈਲਸੀਅਸ ਘੱਟ ਦਰਜ ਕੀਤਾ ਜਾ ਰਿਹਾ ਹੈ।

ਪੰਜਾਬ ਦਾ ਫਰੀਦਕੋਟ ਸ਼ਹਿਰ ਲਗਾਤਾਰ ਤੀਜੇ ਦਿਨ ਸੂਬੇ ਵਿੱਚ ਸਭ ਤੋਂ ਠੰਢਾ ਰਿਹਾ ਹੈ ਜਿੱਥੇ ਘੱਟ ਤੋਂ ਘੱਟ ਤਾਪਮਾਨ 4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸੇ ਤਰ੍ਹਾਂ ਹਰਿਆਣਾ ਦਾ ਹਿਸਾਰ ਸ਼ਹਿਰ ਸਭ ਤੋਂ ਠੰਢਾ ਰਿਹਾ ਹੈ, ਜਿੱਥੇ ਘੱਟ ਤੋਂ ਘੱਟ ਤਾਪਮਾਨ 6.3 ਡਿਗਰੀ ਸੈਲਸੀਅਸ ਦਰਜ ਕੀਤਾ ਹੈ। ਮੌਸਮ ਵਿਭਾਗ ਨੇ ਪੰਜਾਬ ਵਿੱਚ ਅਗਲੇ ਚਾਰ ਦਿਨ ਮੌਸਮ ਸਾਫ ਰਹਿਣ ਅਤੇ 30 ਨਵੰਬਰ ਤੋਂ ਮਾਮੂਲੀ ਬਦਲਾਅ ਦੀ ਪੇਸ਼ੀਨਗੋਈ ਕੀਤੀ ਹੈ। 30 ਨਵੰਬਰ ਨੂੰ ਕਈ ਥਾਵਾਂ ’ਤੇ ਬੱਦਲਵਾਈ ਰਹਿ ਸਕਦੀ ਹੈ, ਜਿਸ ਕਰਕੇ ਦਿਨ ਸਮੇਂ ਤਾਪਮਾਨ ਵਿੱਚ ਗਿਰਾਵਟ ਦਰਜ ਕੀਤੀ ਜਾਵੇਗੀ।

ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਘੱਟ ਤੋਂ ਘੱਟ ਤਾਪਮਾਨ 7.9 ਡਿਗਰੀ ਸੈਲਸੀਅਸ, ਅੰਮ੍ਰਿਤਸਰ ਵਿੱਚ 7.8 ਡਿਗਰੀ ਸੈਲਸੀਅਸ, ਲੁਧਿਆਣਾ ਵਿੱਚ 7.4 ਡਿਗਰੀ ਸੈਲਸੀਅਸ, ਪਟਿਆਲਾ ਵਿੱਚ 8.4 ਡਿਗਰੀ ਸੈਲਸੀਅਸ, ਪਠਾਨਕਾਟ ਵਿੱਚ 7.4 ਡਿਗਰੀ ਸੈਲਸੀਅਸ, ਬਠਿੰਡਾ ਵਿੱਚ 5.6 ਡਿਗਰੀ ਸੈਲਸੀਅਸ, ਗੁਰਦਾਸਪੁਰ ਵਿੱਚ 7 ਡਿਗਰੀ ਸੈਲਸੀਅਸ, ਨਵਾਂ ਸ਼ਹਿਰ ਵਿੱਚ 9 ਡਿਗਰੀ ਸੈਲਸੀਅਸ, ਫਿਰੋਜ਼ਪੁਰ ਵਿੱਚ 6.7 ਡਿਗਰੀ ਸੈਲਸੀਅਸ, ਹੁਸ਼ਿਆਰਪੁਰ ਵਿੱਚ 8 ਡਿਗਰੀ ਸੈਲਸੀਅਸ, ਮਾਨਸਾ ਵਿੱਚ 8 ਡਿਗਰੀ ਸੈਲਸੀਅਸ, ਰੋਪੜ ਵਿੱਚ 6.4 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਹੈ। ਇਹ ਆਮ ਨਾਲੋਂ 1 ਤੋਂ 3 ਡਿਗਰੀ ਸੈਲਸੀਅਸ ਤੱਕ ਘੱਟ ਦਰਜ ਕੀਤਾ ਗਿਆ ਹੈ।

# ਗੁਰਦੁਆਰਾ ਜੋਤੀਸਰ ਸਾਹਿਬ ਵਿੱਚ ਸੂਬਾ ਪੱਧਰੀ ਸਮਾਗਮ

**ਸ਼ਾਹਬਾਦ ਮਾਰਕੰਡਾ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਸੂਬੇ ਭਰ ਵਿੱਚ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਤਰੁਣ ਭੰਡਾਰੀ ਨੇ ਦੱਸਿਆ ਕਿ ਇਸ ਸਬੰਧੀ ਮੁੱਖ ਰਾਜ ਪੱਧਰੀ ਸਮਾਗਮ ਅੱਜ ਕੁਰੂਕਸ਼ੇਤਰ ਦੇ ਜੋਤੀਸਰ ਵਿੱਚ ਕਰਵਾਇਆ ਗਿਆ।

ਇਸ ਤੋਂ ਪਹਿਲਾਂ ਸ੍ਰੀ ਭੰਡਾਰੀ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਖੇ ਮੱਥਾ ਟੇਕਿਆ। ਮਗਰੋਂ ਮਹਿਮਾਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਯਾਤਰਾ ਨੂੰ ਸਮਾਗਮ ਵਾਲੀ ਥਾਂ ਲਈ ਰਵਾਨਾ ਕੀਤਾ। ਭੰਡਾਰੀ ਨੇ ਕਿਹਾ ਕਿ ਗੁਰੂ ਸਾਹਿਬ ਸ਼ਾਂਤੀ ਅਤੇ ਮਨੁੱਖਤਾ ਦੇ ਪ੍ਰਤੀਕ ਹਨ ਜਿਨ੍ਹਾਂ ਨੇ ਜ਼ੁਲਮ ਤੇ ਬੇਇਨਸਾਫ਼ੀ ਅੱਗੇ ਝੁਕਣ ਦੀ ਬਜਾਏ ਕੁਰਬਾਨੀ ਦੇਣ ਨੂੰ ਤਰਜੀਹ ਦਿੱਤੀ।

ਗੁਰਦੁਆਰਾ ਸ੍ਰੀ ਸਿੰਘ ਸਭਾ ਵਿੱਚ ਗੁਰੂ ਤੇਗ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਜਾਏ ਗਏ ਦੀਵਾਨ ਵਿੱਚ ਹਜ਼ੂਰੀ ਰਾਗੀ ਮਲਕੀਤ ਸਿੰਘ ਅਤੇ ਰਣਜੀਤ ਸਿੰਘ ਨੇ ਗੁਰਸਿੱਖੀ ਦਾ ਇਤਿਹਾਸ ਸੁਣਾਉਂਦਿਆਂ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਬਾਰੇ ਚਾਨਣਾ ਪਾਇਆ।

ਬੁਲਾਰਿਆਂ ਨੇ ਦੱਸਿਆ ਕਿ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਤੰਗ ਆਏ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਗੁਰੂ ਸਾਹਿਬ ਨੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਤਿਲਕ ਤੇ ਜੰਜੂ ਦੀ ਰਾਖੀ ਲਈ ਕੁਰਬਾਨੀ ਦਿੱਤੀ। ਇਸ ਦੌਰਾਨ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਨ ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਸਾੜਨ ਅਤੇ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿੱਚ ਪਾ ਕੇ ਸ਼ਹੀਦ ਕੀਤੇ ਜਾਣ ਬਾਰੇ ਵੀ ਦੱਸਿਆ ਗਿਆ।

# ਜੀਂਦ ’ਚ ‘ਭਾਰਤ ਨੂੰ ਜਾਣੋ’ ਮੁਕਾਬਲਾ

**ਜੀਂਦ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਚੌਧਰੀ ਰਣਵੀਰ ਸਿੰਘ ਯੂਨੀਵਰਸਿਟੀ (ਸੀ ਆਰ ਐੱਸ ਯੂ) ਵਿੱਚ ਭਾਰਤ ਵਿਕਾਸ ਪਰਿਸ਼ਦ ਦੀ ‘ਵੀਰ ਸ਼ਾਖਾ’ ਵੱਲੋਂ ਸੂਬਾ ਪੱਧਰੀ ‘ਭਾਰਤ ਨੂੰ ਜਾਣੋ’ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਸੂਬੇ ਭਰ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੀ ਬੌਧਿਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਸਮਾਗਮ ਵਿੱਚ ਹਰਿਆਣਾ ਰਾਜ ਸੂਚਨਾ ਕਮਿਸ਼ਨਰ ਕਰਮਵੀਰ ਸੈਣੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਸੈਣੀ ਨੇ ਕਿਹਾ ਕਿ ਅਜੋਕੇ ਮੁਕਾਬਲੇ ਦੇ ਦੌਰ ਵਿੱਚ ਸਫ਼ਲਤਾ ਲਈ ਜਿੱਥੇ ਗਿਆਨ ਜ਼ਰੂਰੀ ਹੈ, ਉੱਥੇ ਹੀ ਬੱਚਿਆਂ ਵਿੱਚ ਚੰਗੇ ਸੰਸਕਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਹੋਣਾ ਵੀ ਓਨਾ ਹੀ ਲਾਜ਼ਮੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੱਖਿਆ ਸਿਰਫ਼ ਅੰਕਾਂ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੀ ਅਸਲ ਸਿੱਖਿਆ ਦਾ ਮੰਤਵ ਹੈ। ਮੁੱਖ ਮਹਿਮਾਨ ਨੇ ਕਿਹਾ ਕਿ ‘ਭਾਰਤ ਨੂੰ ਜਾਣੋ’ ਵਰਗੇ ਮੁਕਾਬਲੇ ਵਿਦਿਆਰਥੀਆਂ ਲਈ ਬੇਹੱਦ ਲਾਹੇਵੰਦ ਹਨ, ਕਿਉਂਕਿ ਇਹ ਨਵੀਂ ਪੀੜ੍ਹੀ ਨੂੰ ਦੇਸ਼ ਦੇ ਗੌਰਵਮਈ ਇਤਿਹਾਸ, ਸੱਭਿਆਚਾਰ, ਪਰੰਪਰਾਵਾਂ ਅਤੇ ਮਹਾਨ ਸ਼ਖ਼ਸੀਅਤਾਂ ਤੋਂ ਜਾਣੂ ਕਰਵਾਉਂਦੇ ਹਨ।

ਇਸ ਨਾਲ ਨੌਜਵਾਨਾਂ ਵਿੱਚ ਦੇਸ਼ ਭਗਤੀ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਮੌਕੇ ਭਾਰਤ ਵਿਕਾਸ ਪਰਿਸ਼ਦ (ਵੀਰ ਸ਼ਾਖਾ) ਦੇ ਪ੍ਰਧਾਨ ਸੰਜੇ ਵਰਮਾ ਨੇ ਕਿਹਾ ਕਿ ਪਰਿਸ਼ਦ ਦਾ ਮੁੱਖ ਉਦੇਸ਼ ਬੱਚਿਆਂ ਅਤੇ ਨੌਜਵਾਨਾਂ ਵਿੱਚ ਭਾਰਤੀ ਸੱਭਿਆਚਾਰਕ ਮੁੱਲਾਂ ਦਾ ਪ੍ਰਸਾਰ ਕਰਨਾ ਹੈ ਅਤੇ ਭਵਿੱਖ ਵਿੱਚ ਵੀ ਅਜਿਹੇ ਮੁਕਾਬਲੇ ਕਰਵਾ ਕੇ ਬੱਚਿਆਂ ਨੂੰ ਮੰਚ ਪ੍ਰਦਾਨ ਕੀਤਾ ਜਾਵੇਗਾ।

# ਲੋੜਵੰਦ ਬੱਚਿਆਂ ਨੂੰ ਗਰਮ ਕੱਪੜੇ ਵੰਡੇ

**ਸ਼ਾਹਬਾਦ ਮਾਰਕੰਡਾ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਨਰ ਨਰਾਇਣ ਸੇਵਾ ਸੀਮਿਤੀ ਨੇ ਮਾਨਵਤਾ ਦੀ ਸੇਵਾ ਦੀ ਮਿਸਾਲ ਕਾਇਮ ਕਰਦਿਆਂ ਮਹਾਰਿਸ਼ੀ ਵਾਲਮੀਕਿ ਬਾਲ ਸੰਸਕਾਰ ਕੇਂਦਰ ਦੇ ਬੱਚਿਆਂ ਨੂੰ ਸਰਦੀ ਤੋਂ ਬਚਾਉਣ ਲਈ ਗਰਮ ਕੱਪੜੇ ਵੰਡੇ। ਸਮਿਤੀ ਦੇ ਸੰਸਥਾਪਕ ਪ੍ਰਧਾਨ ਮੁਨੀਸ਼ ਭਾਟੀਆ ਨੇ ਦੱਸਿਆ ਕਿ ਇਸ ਦੌਰਾਨ ਤੇ 22 ਲੋੜਵੰਦ ਬੱਚਿਆਂ ਨੂੰ ਸਵੈਟਰ ਅਤੇ ਜਰਸੀਆਂ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਕੇਂਦਰ ਨੂੰ ਦੋ ਕੁਰਸੀਆਂ ਵੀ ਭੇਟ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਹਰ ਸਾਲ ਸਰਦੀਆਂ ਸ਼ੁਰੂ ਹੋਣ ਤੋਂ ਪਹਿਲਾਂ ਜ਼ਰੂਰਤਮੰਦਾਂ ਨੂੰ ਬੂਟ, ਜੁਰਾਬਾਂ ਅਤੇ ਜਰਸੀਆਂ ਵੰਡੀਆਂ ਜਾਂਦੀਆਂ ਹਨ।ੈ। ਇਸ ਮੌਕੇ ਸਮਿਤੀ ਮੈਂਬਰ ਵਿਨੋਦ ਅਰੋੜਾ, ਕਰਨੈਲ ਸਿੰਘ, ਪੰਕਜ ਮਿੱਤਲ, ਅਭਿਸ਼ੇਕ ਥਾਬੜਾ, ਅਮਿਤ ਕਾਲੜਾ ਸਮੇਤ ਬਾਲ ਭਾਰਤੀ ਦੇ ਨਗਰ ਪ੍ਰਧਾਨ ਰਣਬੀਰ ਸਿੰਘ, ਖਜ਼ਾਨਚੀ ਰਾਜੇਸ਼ ਸਿੰਗਲਾ, ਮਹਿਲਾ ਪ੍ਰਧਾਨ ਸਵੀਤਾ ਮਦਾਨ, ਕੁਲਜੀਤ ਕੌਰ ਤੇ ਸੋਨੀਆ ਮੌਜੂਦ ਸਨ।

# ਗੀਤਾ ਜੈਯੰਤੀ ਮੌਕੇ ਬਾਲ ਸੰਵਾਦ ਤੇ ਅੰਤਰ-ਸਕੂਲ ਮੁਕਾਬਲੇ



**ਸ਼ਾਹਬਾਦ ਮਾਰਕੰਡਾ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਾਤ ਭੂਮੀ ਸੇਵਾ ਮਿਸ਼ਨ ਵੱਲੋਂ ਕੌਮਾਂਤਰੀ ਗੀਤਾ ਜੈਯੰਤੀ ਮੌਕੇ 18 ਰੋਜ਼ਾ ਪ੍ਰੋਗਰਾਮ ਤਹਿਤ 11ਵੇਂ ਦਿਨ ਮਾਤ ਭੂਮੀ ਸੇਵਾ ਸਿੱਖਿਆ ਮੰਦਿਰ ਵਿੱਚ ਅੰਤਰ-ਸਕੂਲ ਮੁਕਾਬਲੇ ਅਤੇ ਗੀਤਾ ਬਾਲ ਸੰਵਾਦ ਕਰਵਾਇਆ ਗਿਆ। ਸਮਾਗਮ ਵਿੱਚ ਹਰਿਆਣਾ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਪਵਨ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰੋਗਰਾਮ ਦੀ ਪ੍ਰਧਾਨਗੀ ਮਿਸ਼ਨ ਦੇ ਸੰਸਥਾਪਕ ਡਾ. ਪ੍ਰਕਾਸ਼ ਮਿਸ਼ਰਾ, ਹਰਿਆਣਾ ਸ਼ੂਗਰ ਫੈੱਡ ਦੇ ਚੇਅਰਮੈਨ ਧਰਮਵੀਰ ਡਾਗਰ ਅਤੇ ਸਮਾਜ ਸੇਵੀ ਰਮੇਸ਼ਵਰ ਦਾਸ ਗਰਗ ਨੇ ਕੀਤੀ। ਆਗਾਜ਼ ਮੌਕੇ ਮਹਿਮਾਨਾਂ ਨੇ ਭਗਵਾਨ ਕ੍ਰਿਸ਼ਨ ਤੇ ਭਾਰਤ ਮਾਤਾ ਦੀਆਂ ਤਸਵੀਰਾਂ ’ਤੇ ਹਾਰ ਪਾਏ ਅਤੇ ਸ਼ਮ੍ਹਾ ਰੌਸ਼ਨ ਕੀਤੀ।

ਡਾ. ਪਵਨ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੀਤਾ ਪੜ੍ਹਨ ਨਾਲ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਹੁਲਾਰਾ ਮਿਲਦਾ ਹੈ ਅਤੇ ਇਹ ਗ੍ਰੰਥ ਪੂਰੀ ਦੁਨੀਆ ਵਿੱਚ ਸਤਿਕਾਰਤ ਹੈ। ਉਨ੍ਹਾਂ ਕਿਹਾ ਕਿ ਗੀਤਾ ਵਿਅਕਤੀਗਤ ਵਿਕਾਸ ਰਾਹੀਂ ਰਾਸ਼ਟਰ ਨਿਰਮਾਣ ਦਾ ਸਬਕ ਸਿਖਾਉਂਦੀ ਹੈ ਇਸ ਲਈ ਦੇਸ਼ ਭਰ ਦੇ ਵਿੱਦਿਅਕ ਅਦਾਰਿਆਂ ਵਿੱਚ ਗੀਤਾ ਦੀ ਪੜ੍ਹਾਈ ਦੀ ਲੋੜ ਹੈ। ਡਾ. ਮਿਸ਼ਰਾ ਨੇ ਗੀਤਾ ਬਾਲ ਸੰਵਾਦ ਦੌਰਾਨ ਕਿਹਾ ਕਿ ਗੀਤਾ ਨਾ ਸਿਰਫ਼ ਭਾਰਤ ਸਗੋਂ ਵਿਸ਼ਵ ਦਾ ਮਹਾਨ ਦਾਰਸ਼ਨਿਕ ਗ੍ਰੰਥ ਹੈ ਜੋ ਮਨੁੱਖਤਾ ਨੂੰ ਉਦਾਸੀ ਤੋਂ ਆਨੰਦ ਵੱਲ ਲੈ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੀਤਾ ਦੀਆਂ ਸਿੱਖਿਆਵਾਂ ਅੱਜ ਦੇ ਬੱਚਿਆਂ ਤੇ ਨੌਜਵਾਨਾਂ ਲਈ ਬਹੁਤ ਢੁਕਵੀਆਂ ਹਨ। ਇਸ ਮੌਕੇ ਡਾ ਮਿਸ਼ਰਾ ਨੇ ਸਿੱਖਿਆ ਖੇਤਰ ਵਿੱਚ ਸ਼ਾਨਦਾਰ ਕੰਮ ਕਰਨ ਬਦਲੇ ਡਾ ਪਵਨ ਸ਼ਰਮਾ ਨੂੰ ਸਨਮਾਨਿਤ ਵੀ ਕੀਤਾ।

ਅੰਤਰ-ਸਕੂਲ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਮੀਨ ਨੇ ਪੇਂਟਿੰਗ ਵਿੱਚ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਨੀਪਲਾ ਨੇ ਦੂਜਾ ਅਤੇ ਨਿਵੇਦਿਤਾ ਪਬਲਿਕ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ। ਸੋਲੋ ਡਾਂਸ ਵਿੱਚ ਕੇ ਡੀ ਕਾਨਵੈਂਟ ਸਕੂਲ ਅਮੀਨ ਪਹਿਲੇ, ਸਰਕਾਰੀ ਸਕੂਲ ਖੇੜੀ ਰਾਮ ਨਗਰ ਦੂਜੇ ਅਤੇ ਨਿਵੇਦਿਤਾ ਪਬਲਿਕ ਸਕੂਲ ਤੀਜੇ ਸਥਾਨ ’ਤੇ ਰਿਹਾ। ਗੀਤਾ ਸ਼ਲੋਕ ਉਚਾਰਨ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਖੇੜੀ ਰਾਮ ਨਗਰ ਨੇ ਪਹਿਲਾ ਤੇ ਅਮੀਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਸ਼ਾਹਬਾਦ ਮਾਰਕੰਡਾ (ਪੱਤਰ ਪ੍ਰੇਰਕ): ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਸੋਮਨਾਥ ਸਚਦੇਵਾ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਗੀਤਾ ਮਹੋਤਸਵ ਵਿੱਚ ਸਥਾਪਤ ਕੀਤਾ ਗਿਆ ‘ਹਰਿਆਣਾ ਪੈਵੇਲੀਅਨ’ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

ਇਸ ਪੈਵੇਲੀਅਨ ਨੂੰ ਯੂਨੀਵਰਸਿਟੀ ਦੇ ਯੁਵਾ ਤੇ ਸੱਭਿਆਚਾਰਕ ਵਿਭਾਗ ਅਤੇ ਜਨ ਸੰਚਾਰ ਤੇ ਮੀਡੀਆ ਤਕਨਾਲੋਜੀ ਸੰਸਥਾਨ ਵੱਲੋਂ ਤਿਆਰ ਕੀਤਾ ਗਿਆ ਹੈ ਜਿੱਥੇ ਪ੍ਰਸਿੱਧ ਕਲਾਕਾਰ ਹਰਿਆਣਵੀ ਸੱਭਿਆਚਾਰ ਪਕਵਾਨਾਂ ਅਤੇ ਪਰੰਪਰਾਵਾਂ ਨੂੰ ਸ਼ਾਨਦਾਰ ਢੰਗ ਨਾਲ ਪੇਸ਼ ਕਰ ਰਹੇ ਹਨ।

ਮੀਡੀਆ ਤਕਨਾਲੋਜੀ ਦੇ ਡਾਇਰੈਕਟਰ ਪ੍ਰੋ ਮਹਾਂ ਸਿੰਘ ਪੂਨੀਆ ਮੁਤਾਬਕ ਇਹ ਉਤਸਵ ਵਿਦਿਆਰਥੀਆਂ ਵਿੱਚ ਸਵੈ-ਨਿਰਭਰਤਾ ਦੀ ਭਾਵਨਾ ਨੂੰ ਮਜ਼ਬੂਤ ਕਰੇਗਾ ਅਤੇ ਹਰਿਆਣਵੀ ਸੱਭਿਆਚਾਰ ਨੂੰ ਦੇਸ਼-ਵਿਦੇਸ਼ ਤੱਕ ਪਹੁੰਚਾਉਣ ਵਿੱਚ ਅਹਿਮ ਰੋਲ ਅਦਾ ਕਰੇਗਾ।

# ਦਿੱਲੀ ਦੇ ਇਸ਼ਾਰਿਆਂ ’ਤੇ ਚੱਲ ਰਹੀ ਹੈ ਸਰਕਾਰ: ਜੈ ਪ੍ਰਕਾਸ਼

**ਜੀਂਦ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਸੰਸਦ ਮੈਂਬਰ ਜੈ ਪ੍ਰਕਾਸ਼ ਨੇ ਐਲਾਨ ਕੀਤਾ ਹੈ ਕਿ ਕਾਂਗਰਸ ਪਾਰਟੀ 14 ਦਸੰਬਰ ਨੂੰ ਦਿੱਲੀ ਵਿੱਚ ਵੱਡੀ ਰੈਲੀ ਕਰਨ ਜਾ ਰਹੀ ਹੈ। ਇਸ ਰੈਲੀ ਵਿੱਚ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇਸ਼ ਦੀ ਜਨਤਾ ਨੂੰ ਸੰਬੋਧਨ ਕਰਨਗੇ ਅਤੇ ਦੱਸਣਗੇ ਕਿ ਜਦੋਂ ਧਨ, ਮਸ਼ੀਨਰੀ ਅਤੇ ਸੱਤਾ ਦੇ ਜ਼ੋਰ ’ਤੇ ਸਰਕਾਰਾਂ ਬਣਾਈਆਂ ਜਾਂਦੀਆਂ ਹਨ, ਤਾਂ ਲੋਕਤੰਤਰ ਖਤਰੇ ਵਿੱਚ ਪੈ ਜਾਂਦਾ ਹੈ। ਜੈ ਪ੍ਰਕਾਸ਼ ਨੇ ਭਾਜਪਾ ਸਰਕਾਰ ’ਤੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਹਰਿਆਣਾ ਸਰਕਾਰ ਦਾ ਆਪਣਾ ਕੋਈ ਫੈਸਲਾ ਨਹੀਂ ਹੈ, ਸਗੋਂ ਹਰ ਫੈਸਲੇ ਲਈ ਘੰਟੀ ਦਿੱਲੀ ਤੋਂ ਵੱਜਦੀ ਹੈ। ਉਨ੍ਹਾਂ ਨੇ ਜਜਪਾ ਦੀ ਰੈਲੀ ’ਤੇ ਤਨਜ਼ ਕੱਸਦਿਆਂ ਕਿਹਾ ਕਿ ਜਦੋਂ ਉਨ੍ਹਾਂ ਕੋਲ ਸੱਤਾ ਸੀ, ਉਦੋਂ ਜੇ ਉਨ੍ਹਾਂ ਨੇ ਜੀਂਦ ਅਤੇ ਉਚਾਨਾ ਨੂੰ ਯਾਦ ਕੀਤਾ ਹੁੰਦਾ, ਤਾਂ ਅੱਜ ਉਨ੍ਹਾਂ ਦੀ ਇਹ ਦੁਰਦਸ਼ਾ ਨਾ ਹੁੰਦੀ। ਉਨ੍ਹਾਂ ਕਿਹਾ ਕਿ ਹੁਣ ਲੋਕ ਇਨ੍ਹਾਂ ਦੇ ਬਹਿਕਾਵੇ ਵਿੱਚ ਨਹੀਂ ਆਉਣ ਵਾਲੇ। ‘ਲਾਡੋ ਲਕਸ਼ਮੀ’ ਯੋਜਨਾ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਇਸ ਯੋਜਨਾ ਦੀਆਂ ਸ਼ਰਤਾਂ ਵਿੱਚ ਬਾਰ-ਬਾਰ ਬਦਲਾਅ ਕਰ ਰਹੀ ਹੈ। ਚੋਣਾਂ ਵੇਲੇ ਕੁਝ ਹੋਰ ਕਿਹਾ ਗਿਆ ਸੀ ਅਤੇ ਹੁਣ ਕੁਝ ਹੋਰ ਕੀਤਾ ਜਾ ਰਿਹਾ ਹੈ। ਜੈ ਪ੍ਰਕਾਸ਼ ਨੇ ਕਿਹਾ ਕਿ 2014 ਵਿੱਚ ਜਦੋਂ ਭਾਜਪਾ ਸੱਤਾ ਵਿੱਚ ਆਈ ਤਾਂ ਭੁਪਿੰਦਰ ਸਿੰਘ ਹੁੱਡਾ ਸਰਕਾਰ ਸੂਬੇ ’ਤੇ 65 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਛੱਡ ਕੇ ਗਈ ਸੀ, ਜਿਸ ਵਿੱਚ ਐਕਸਪ੍ਰੈਸ-ਵੇ, 8 ਮੈਡੀਕਲ ਕਾਲਜ, 5 ਪਾਵਰ ਪਲਾਂਟ ਅਤੇ ਆਈ ਆਈ ਟੀ, ਆਈ ਆਈ ਐਮ ਵਰਗੇ ਵੱਡੇ ਪ੍ਰਾਜੈਕਟ ਸ਼ਾਮਲ ਸਨ। ਪਰ ਹੁਣ ਭਾਜਪਾ ਦੇ ਰਾਜ ਵਿੱਚ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਤੇ ਮਨਰੇਗਾ ਤੋਂ ਮਜ਼ਦੂਰੀ ਬੰਦ ਹੋ ਰਹੀ ਹੈ।

# ਚੋਣ ਕਮਿਸ਼ਨ ਕੇਂਦਰ ਦੀ ਕਠਪੁਤਲੀ: ਹੁੱਡਾ



**ਜੀਂਦ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਹੈ ਕਿ ਹਰਿਆਣਾ ਵਿੱਚ ਵੋਟਾਂ ਦੀ ਸੁਧਾਈ (ਐੱਸ ਐੱਸ ਆਰ) ਲਈ ਕਾਂਗਰਸ ਪੂਰੀ ਤਰ੍ਹਾਂ ਤਿਆਰ ਹੈ। ਪਾਰਟੀ ਨੇ ਸੂਬੇ ਵਿੱਚ ਵੋਟਾਂ ਕੱਟਣ ਅਤੇ ਜਾਅਲੀ ਵੋਟਾਂ ਬਣਨ ਤੋਂ ਰੋਕਣ ਲਈ ਬੀ ਐੱਲ ਏ-2 (ਬੂਥ ਲੈਵਲ ਏਜੰਟ) ਨਿਯੁਕਤ ਕਰ ਦਿੱਤੇ ਹਨ, ਜੋ ਹਰ ਵੋਟ ’ਤੇ ਬਾਰੀਕੀ ਨਾਲ ਨਜ਼ਰ ਰੱਖਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਹੁੱਡਾ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਵੋਟਾਂ ਵਿੱਚ ਹੁੰਦੀ ਗੜਬੜੀ ਬਾਰੇ ਹਰਿਆਣਾ ਦੀ ਤਸਵੀਰ ਸਾਫ਼ ਕਰ ਦਿੱਤੀ ਹੈ।

ਕਾਂਗਰਸ ਇਸ ਗੱਲ ਨੂੰ ਯਕੀਨੀ ਬਣਾ ਰਹੀ ਹੈ ਕਿ ਭਵਿੱਖ ਵਿੱਚ ਵੋਟਾਂ ਦੀ ਚੋਰੀ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਕਾਂਗਰਸ ਈ ਵੀ ਐੱਮ ਦੀ ਥਾਂ ਬੈਲਟ ਪੇਪਰ ਨਾਲ ਚੋਣ ਕਰਵਾਉਣ ਦੇ ਹੱਕ ਵਿੱਚ ਹੈ ਅਤੇ ਇਸ ਵਿੱਚ ਕੁਝ ਵੀ ਗਲਤ ਨਹੀਂ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਚੋਣ ਕਮਿਸ਼ਨ ਪੂਰੀ ਤਰ੍ਹਾਂ ਨਿਰਪੱਖ ਹੁੰਦਾ ਸੀ ਅਤੇ ਉਸ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਵੀ ਨਹੀਂ ਬਖ਼ਸ਼ਿਆ ਸੀ ਪਰ ਅੱਜ ਚੋਣ ਕਮਿਸ਼ਨ ਕੇਂਦਰ ਦੀ ਕਠਪੁਤਲੀ ਬਣ ਕੇ ਰਹਿ ਗਿਆ ਹੈ। ਹਰਿਆਣਾ ਦੇ ਹਾਲਾਤ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਅੱਜ ਸਕੂਲਾਂ ਵਿੱਚ ਅਧਿਆਪਕ, ਹਸਪਤਾਲਾਂ ਵਿੱਚ ਡਾਕਟਰ ਅਤੇ ਥਾਣਿਆਂ ਵਿੱਚ ਸਿਪਾਹੀ ਨਹੀਂ ਹਨ। ਸੂਬੇ ਵਿੱਚ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਰਹੀ ਅਤੇ ਅਮਨ-ਕਾਨੂੰਨ ਦਾ ਜਨਾਜ਼ਾ ਨਿਕਲ ਚੁੱਕਾ ਹੈ। ਹਰ ਰੋਜ਼ ਚੋਰੀ, ਡਕੈਤੀ, ਕਤਲ ਅਤੇ ਫਿਰੌਤੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਸਫ਼ੀਦੋਂ ਤੋਂ ਭਾਜਪਾ ਵਿਧਾਇਕ ਰਾਮ ਕੁਮਾਰ ਵੱਲੋਂ ਕੀਤੀਆਂ ਜਾ ਰਹੀਆਂ ਟਿੱਪਣੀਆਂ ਬਾਰੇ ਹੁੱਡਾ ਨੇ ਕਿਹਾ ਕਿ ਉਹ ਬਹੁਤ ਬਜ਼ੁਰਗ ਵਿਅਕਤੀ ਹਨ, ਇਸ ਲਈ ਉਹ ਉਨ੍ਹਾਂ ਬਾਰੇ ਕੁਝ ਨਹੀਂ ਕਹਿਣਗੇ। ਉਨ੍ਹਾਂ ਸਿਰਫ਼ ਇੰਨਾ ਕਿਹਾ ਕਿ ਰਾਮ ਕੁਮਾਰ ਦਾ ਕੋਈ ਪੱਕਾ ਭਰੋਸਾ ਨਹੀਂ, ਉਹ ਕਦੇ ਕਿਧਰੇ ਹੁੰਦੇ ਹਨ ਤੇ ਕਦੇ ਕਿਧਰੇ। ਇਸ ਮੌਕੇ ਉਨ੍ਹਾਂ ਨਾਲ ਸੋਨੀਪਤ ਤੋਂ ਸੰਸਦ ਮੈਂਬਰ ਸਤਪਾਲ ਬ੍ਰਹਮਚਾਰੀ, ਜ਼ਿਲ੍ਹਾ ਕਾਂਗਰਸ ਪ੍ਰਧਾਨ ਰਿਸ਼ੀਪਾਲ ਹੈਬਤਪੁਰ, ਸਾਬਕਾ ਵਿਧਾਇਕ ਸੁਭਾਸ਼ ਗੰਗੋਲੀ, ਰਾਜੂ ਲਖੀਨਾ ਅਤੇ ਦੀਪਕ ਪਿੰਡਾਰਾ ਆਦਿ ਹਾਜ਼ਰ ਸਨ।

# ਹਰਿਆਣਾ ਦੇ ਬਹਾਦਰਗੜ੍ਹ ਵਿੱਚ ਬੱਸ ਪਲਟੀ; 15 ਜ਼ਖਮੀ

**ਚੰਡੀਗੜ੍ਹ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਝੱਜਰ ਜ਼ਿਲ੍ਹੇ ਵਿੱਚ ਅੱਜ ਸ਼ਾਮ ਵੇਲੇ ਇੱਕ ਪ੍ਰਾਈਵੇਟ ਬੱਸ ਸੜਕ ’ਤੇ ਡਿਵਾਈਡਰ ਨਾਲ ਟਕਰਾਉਣ ਤੋਂ ਬਾਅਦ ਪਲਟ ਗਈ, ਜਿਸ ਕਾਰਨ 15 ਸਵਾਰੀਆਂ ਜ਼ਖਮੀ ਹੋ ਗਈਆਂ।

ਇਹ ਘਟਨਾ ਅਸੌਂਦਾ ਥਾਣਾ ਖੇਤਰ ਅਧੀਨ ਬਹਾਦੁਰਗੜ੍ਹ ਵਿੱਚ ਵਾਪਰੀ ਜਦੋਂ ਬੱਸ ਹਰਿਆਣਾ ਦੇ ਸੋਨੀਪਤ ਤੋਂ ਦਿੱਲੀ ਜਾ ਰਹੀ ਸੀ।

ਸਟੇਸ਼ਨ ਹਾਊਸ ਅਫਸਰ (ਐਸ.ਐਚ.ਓ.) ਇੰਸਪੈਕਟਰ ਰਾਜੇਸ਼ ਨੇ ਦੱਸਿਆ ਕਿ ਮੁੱਢਲੀ ਜਾਣਕਾਰੀ ਅਨੁਸਾਰ ਪਤਾ ਲੱਗਿਆ ਹੈ ਕਿ ਜਦੋਂ ਬੱਸ ਡਿਵਾਈਡਰ ਨਾਲ ਟਕਰਾਈ ਤਾਂ ਬੱਸ ਦਾ ਸੰਤੁਲਨ ਵਿਗੜ ਗਿਆ ਤੇ ਬੱਸ ਪਲਟ ਗਈ।

# ਆਰੀਆ ਕਾਲਜ ’ਚ ਐੱਨ ਸੀ ਸੀ ਦਿਵਸ ਮਨਾਇਆ




**ਸ਼ਾਹਬਾਦ ਮਾਰਕੰਡਾ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਵਨ ਹਰਿਆਣਾ ਗਰਲਜ਼ ਬਟਾਲੀਅਨ ਅੰਬਾਲਾ ਛਾਉਣੀ ਦੇ ਸਾਂਝੇ ਪ੍ਰਬੰਧ ਹੇਠ ਐੱਨ ਸੀ ਸੀ ਯੂਨਿਟ ਵੱਲੋਂ ਆਰੀਆ ਕੰਨਿਆ ਕਾਲਜ ਵਿੱਚ ਐੱਨ ਸੀ ਸੀ ਦਿਵਸ ਮਨਾਇਆ ਗਿਆ। ਕਾਲਜ ਦੀ ਪ੍ਰਿੰਸੀਪਲ ਪ੍ਰੋ. ਡਾ. ਆਰਤੀ ਤ੍ਰੇਹਨ ਨੇ ਪ੍ਰੋਗਰਾਮ ਵਿੱਚ ਪ੍ਰਧਾਨ ਦਾ ਅਹੁਦਾ ਸੰਭਾਲਿਆ। ਐੱਨ ਸੀ ਸੀ ਐਸੋਸੀਏਟ ਅਫਸਰ ਕੈਪਟਨ ਡਾ. ਜੋਤੀ ਸ਼ਰਮਾ ਨੇ ਪ੍ਰਿੰਸੀਪਲ ਨੂੰ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਵਨ ਹਰਿਆਣਾ ਗਰਲਜ਼ ਬਟਾਲੀਅਨ ਅੰਬਾਲਾ ਤੋਂ ਹੌਲਦਾਰ ਅਸ਼ੋਕ ਕੁਮਾਰ ਦਾ ਵੀ ਪ੍ਰਿੰਸੀਪਲ ਨੇ ਸਵਾਗਤ ਕੀਤਾ। ਐੱਨ ਸੀ ਸੀ ਦਿਵਸ ’ਤੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਪ੍ਰਿੰਸੀਪਲ ਨੇ ਕਿਹਾ ਕਿ ਸਾਰੇ ਕੈਡਿਟ ਕਾਲਜ ਵਿੱਚ ਪੂਰੀ ਲਗਨ ਨਾਲ ਕੰਮ ਕਰਦੇ ਹਨ ਅਤੇ ਪੁਰਸਕਾਰ ਵੀ ਪ੍ਰਾਪਤ ਕਰਦੇ ਹਨ। ਉਨ੍ਹਾਂ ਡਾ. ਜੋਤੀ ਸ਼ਰਮਾ ਨੂੰ ਇਸ ਸਮਾਗਮ ਲਈ ਵਧਾਈ ਦਿੱਤੀ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਸਮਾਗਮ ਪੇਸ਼ ਕੀਤਾ ਗਿਆ। ਕੈਡਿਟਾਂ ਨੇ ਐੱਨ ਸੀ ਸੀ ਗੀਤ ਗਾਏ, ਕੈਡਿਟ ਪਵਨੀ ਅਤੇ ਕੈਡਿਟ ਸ਼ੋਭਿਤਾ ਨੇ ਨਾਚ ਕੀਤਾ। ਪਿਛਲੇ ਸਾਲ ਰਾਜ ਅਤੇ ਰਾਸ਼ਟਰੀ ਪੱਧਰ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਕੈਡਿਟਾਂ ਦਾ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਪ੍ਰਿੰਸੀਪਲ ਵੱਲੋਂ ਸਾਲ 2025-2026 ਦੇ ਰੈਂਕ ਹੋਲਡਰ ਕੈਡਿਟਾਂ ਨੂੰ ਰੈਂਕ ਦਿੱਤੇ ਗਏ। ਇਸ ਮੌਕੇ ਡਾ. ਅੰਜੂ, ਡਾ. ਭਾਰਤੀ ਸ਼ਰਮਾ, ਡਾ. ਹੇਮਾ ਸੁਖੀਜਾ, ਡਾ. ਸਵਾਤੀ ਅਤਰੀ, ਨਮਰਤਾ, ਸ਼ਿਵਾਨੀ ਸ਼ਰਮਾ, ਅਤੇ ਅਮਿਤਾ ਆਦਿ ਮੌਜੂਦ ਸਨ।

# ਫਰੀਦਾਬਾਦ ਪੁਲਿਸ ਨੇ ਤਲਾਸ਼ੀ ਮੁਹਿੰਮ ਚਲਾਈ



**ਫਰੀਦਾਬਾਦ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਫਰੀਦਾਬਾਦ ਪੁਲੀਸ ਨੇ ਅੱਜ ਸਵੇਰ ਤੋਂ ਹੀ ਧੌਜ, ਪੱਲਾ, ਸਰਾਏ ਖਵਾਜ਼ਾ, ਸਿਟੀ ਬੱਲਭਗੜ੍ਹ ਅਤੇ ਸੂਰਜਕੁੰਡ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਖੇਤਰਾਂ ਵਿੱਚ ਤਲਾਸ਼ੀ ਮੁਹਿੰਮ ਚਲਾਈ। ਇਹ ਇਲਾਕੇ ਮੁਸਲਿਮ ਬਹੁਤ ਗਿਣਤੀ ਵਾਲੇ ਹਨ।

ਧਾਰਮਿਕ ਸਥਾਨਾਂ, ਕਿਰਾਏਦਾਰਾਂ, ਵਰਤੀਆਂ ਹੋਈਆਂ ਕਾਰਾਂ ਦੇ ਖਰੀਦਦਾਰਾਂ ਅਤੇ ਵੇਚਣ ਵਾਲਿਆਂ, ਸਿਮ ਕਾਰਡ ਵੇਚਣ ਵਾਲਿਆਂ, ਹੋਟਲਾਂ ਅਤੇ ਧਰਮਸ਼ਾਲਾਵਾਂ ਸਮੇਤ ਹੋਰ ਥਾਵਾਂ ’ਤੇ ਜਾਂਚ ਕੀਤੀ ਜਾ ਰਹੀ ਹੈ। ਇਹ ਪ੍ਰਕਿਰਿਆ ਹਾਈ ਅਲਰਟ ਦੇ ਐਲਾਨ ਤੋਂ ਬਾਅਦ ਜਾਰੀ ਹੈ।‘ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਹਾਈ ਅਲਰਟ ਦੇ ਕਰਕੇ ਇਹ ਚੌਕਸੀ ਜਾਰੀ ਹੈ ਅਤੇ ਵੱਖ ਵੱਖ ਇਲਾਕਿਆਂ ਵਿੱਚ ਪੁਲੀਸ ਟੀਮਾਂ ਵੱਲੋਂ ਘਰਾਂ, ਹੋਟਲਾਂ ਅਤੇ ਜਨਤਕ ਥਾਵਾਂ ਦੀ ਤਲਾਸ਼ੀ ਲਈ ਗਈ।

ਜ਼ਿਕਰਯੋਗ ਹੈ ਕਿ ਫਰੀਦਾਬਾਦ ਦੀ ਇੱਕ ਨਿੱਜੀ ਯੂਨੀਵਰਸਿਟੀ ਦੇ ਡਾਕਟਰਾਂ ਦੀ ਲਾਲ ਕਿਲਾ ਬੰਬ ਧਮਾਕੇ ਵਿੱਚ ਕਥਿਤ ਸ਼ਮੂਲੀਅਤ ਮਗਰੋਂ ਫਰੀਦਾਬਾਦ ਪੁਲੀਸ ਉੱਪਰ ਖਾਸਾ ਦਬਾਅ ਹੋਣ ਕਰਕੇ ਉਹ ਚੌਕਸੀ ਵਰਤ ਰਹੀ ਹੈ।

ਸ਼ਹਿਰ ਦੀਆਂ ਹੱਦਾਂ ’ਤੇ ਸ਼ੱਕੀ ਗੱਡੀਆਂ ਦੀ ਅਕਸਰ ਹੀ ਜਾਂਚ ਕੀਤੀ ਜਾਂਦੀ ਹੈ ਪੁਲੀਸ ਦਾ ਖੁਫੀਆ ਤੰਤਰ ਵੀ ਸਰਗਰਮ ਹੋ ਚੁੱਕਾ ਹੈ। ਹਾਲਾਂਕਿ ਤਲਾਸ਼ੀ ਮੁਹਿੰਮ ਦੌਰਾਨ ਕੁਝ ਵੀ ਸ਼ੱਕੀ ਨਹੀਂ ਮਿਲਿਆ ਪਰ ਪੁਲੀਸ ਕੋਈ ਕਸਰ ਨਹੀਂ ਛੱਡਣਾ ਚਾਹੁੰਦੀ।

# ਚੋਣ ਵਾਅਦੇ ਪੂਰੇ ਕਰ ਰਹੀ ਹੈ ਸਰਕਾਰ: ਮਿੱਢਾ



**ਜੀਂਦ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਡਿਪਟੀ ਸਪੀਕਰ ਡਾ. ਕ੍ਰਿਸ਼ਨ ਮਿੱਢਾ ਨੇ ਕਿਹਾ ਹੈ ਕਿ ਕੇਂਦਰ ਅਤੇ ਸੂਬਾ ਸਰਕਾਰ ਹਰ ਵਰਗ ਲਈ ਭਲਾਈ ਕਾਰਜ ਕਰ ਰਹੀ ਹੈ। ਕਿਸਾਨਾਂ ਹਿੱਤ ਸੂਬਾ ਸਰਕਾਰ ਵੱਲੋਂ ਕਈ ਅਹਿਮ ਕਦਮ ਚੁੱਕੇ ਗਏ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਚੋਣ ਵਾਅਦੇ ਪੂਰ ਕਰ ਰਹੀ ਹੈ। ਡਿਪਟੀ ਸਪੀਕਰ ਅੱਜ ਨਵੀਂ ਅਨਾਜ ਮੰਡੀ ਵਿੱਚ ਮਾਰਕੀਟ ਕਮੇਟੀ ਦੇ ਚੇਅਰਮੈਨ ਮਨੀਸ਼ ਗੋਇਲ, ਵਾਈਸ ਚੇਅਰਮੈਨ ਹਰੀ ਦਾਸ ਸੈਣੀ ਅਤੇ ਹੋਰ ਮੈਂਬਰਾਂ ਦੇ ਤਾਜਪੋਸ਼ੀ ਸਮਾਗਮ ਵਿੱਚ ਸੰਬੋਧਨ ਕਰ ਰਹੇ ਸਨ।

ਇਸ ਦੌਰਾਨ ਡਿਪਟੀ ਸਪੀਕਰ ਮਿੱਢਾ ਨੇ ਕਿਹਾ ਕਿ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜ਼ਿਲ੍ਹੇ 1.31 ਲੱਖ ਦੇ ਕਰੀਬ ਕਿਸਾਨਾਂ ਦੇ ਖਾਤੇ ਵਿੱਚ ਲਗਪਗ 26 ਕਰੋੜ ਰੁਪਏ ਦੀ ਰਾਸ਼ੀ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿੱਧੀ ਯੋਜਨਾ ਤਹਿਤ ਪਾਈ ਹੈ। ਇਸ ਮੌਕੇ ਉਨ੍ਹਾਂ ਮਾਰਕੀਟ ਕਮੇਟੀ ਦੇ ਚੇਅਰਮੈਨ ਤੇ ਹੋਰ ਅਹੁਦੇਦਾਰਾਂ ਦੀ ਨਿਯੁਕਤੀ ਲਈ ਮੁੱਖ ਮੰਤਰੀ ਨਾਇਬ ਸੈਣੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮਾਰਕੀਟ ਕਮੇਟੀ ਦੇ ਅਹੁਦੇਦਾਰ ਲਗਾਤਾਰ ਸੇਵਾ ਭਾਵ ਨਾਲ ਕੰਮ ਕਰਦੇ ਹਨ। ਪਹਿਲਾਂ ਦੀ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਮੁਆਵਜ਼ੇ ਦੇ ਤੌਰ ’ਤੇ 5-5 ਰੁਪਏ ਦੇਕੇ ਮਜ਼ਾਕ ਕੀਤਾ ਜਾਂਦਾ ਸੀ, ਜਦੋਂਕਿ ਵਰਤਮਾਨ ਸਰਕਾਰਾਂ ਕਿਸਾਨਾਂ ਨੂੰ ਢੁਕਵੇਂ ਮੁਆਵਜ਼ੇ ਦੇ ਰਹੀ ਹੈ। ਇਸ ਮੌਕੇ ਖੇਤੀ ਵਿਭਾਗ ਦੇ ਉਪ-ਨਿਦੇਸ਼ਕ ਡਾ. ਗਿਰੀਸ਼ ਨਾਗਪਾਲ, ਭਾਜਪਾ ਆਗੂ ਡਾ. ਰਾਜ ਸੈਣੀ, ਭਾਰਤ ਭੂਸ਼ਨ ਟਾਂਕ, ਬੱਬਲ ਸੈਣੀ, ਰਾਮਫਲ ਸ਼ਰਮਾ, ਸੱਤ ਪ੍ਰਕਾਸ਼ ਗੋਇਲ, ਮੰਡੀ ਪ੍ਰਧਾਨ ਸੁਸ਼ੀਲ ਸਿਹਾਗ ਤੇ ਰਾਮ ਅਵਤਾਰ ਆਦਿ ਹਾਜ਼ਰ ਸਨ।

# ਫਿਲਮ ‘ਹਿੰਦ ਦੀ ਚਾਦਰ’ ਦੀ 21 ਨਵੰਬਰ ਦੀ ਰਿਲੀਜ਼ ਰੁਕੀ

**ਅੰਮ੍ਰਿਤਸਰ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਫਿਲਮ ‘ਹਿੰਦ ਦੀ ਚਾਦਰ-ਗੁਰੂ ਲਾਧੋ ਰੇ’ ਦੇ ਵਿਵਾਦ ਦੇ ਚਲਦਿਆਂ ਫਿਲਮ ਦੇ ਪ੍ਰਬੰਧਕਾਂ ਵੱਲੋਂ ਭਲਕੇ 21 ਨਵੰਬਰ ਨੂੰ ਰਿਲੀਜ਼ ਕਰਨ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ ਹੈ। ਇਹ ਫਿਲਮ ਬਵੇਜਾ ਸਟੂਡੀਓ ਵੱਲੋਂ ਬਣਾਈ ਗਈ ਹੈ, ਜੋ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਸ਼ਤਾਬਦੀ ਮੌਕੇ ਰਿਲੀਜ਼ ਕੀਤੀ ਜਾ ਰਹੀ ਸੀ।

ਕੁਝ ਦਿਨ ਪਹਿਲਾਂ ਇਸ ਮਾਮਲੇ ਵਿੱਚ ਮਿਲੀਆਂ ਸ਼ਿਕਾਇਤਾਂ ਦੇ ਆਧਾਰ ’ਤੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਸ ਫਿਲਮ ’ਤੇ ਰੋਕ ਲਾਈ ਗਈ ਸੀ ਅਤੇ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਵਿੱਚ ਰਾਜ ਅਤੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਇਸ ਫਿਲਮ ਨੂੰ ਹਰ ਹੀਲੇ ਰੋਕਣ ਵਾਸਤੇ ਆਦੇਸ਼ ਦਿੱਤਾ ਗਿਆ ਸੀ।

ਇਸ ਮਾਮਲੇ ਵਿੱਚ ਅੱਜ ਬਵੇਜਾ ਸਟੂਡੀਓ ਅਤੇ ਟੀਮ ਵੱਲੋਂ ਸ੍ਰੀ ਅਕਾਲ ਤਖਤ ਨੂੰ ਸੂਚਿਤ ਕੀਤਾ ਗਿਆ ਹੈ ਕਿ ਇਸ ਫਿਲਮ ਨੂੰ ਰਿਲੀਜ਼ ਹੋਣ ਤੋਂ ਫਿਲਹਾਲ ਰੋਕ ਦਿੱਤਾ ਗਿਆ ਹੈ। ਇਸ ਸਬੰਧ ਵਿੱਚ ਉਨ੍ਹਾਂ ਇਹ ਜਾਣਕਾਰੀ ਸੋਸ਼ਲ ਮੀਡੀਆ ਮੰਚ ’ਤੇ ਵੀ ਅਪਡੇਟ ਕੀਤੀ ਹੈ। ਫਿਲਮ ਦੇ ਪ੍ਰਬੰਧਕਾਂ ਵੱਲੋਂ ਸੰਗਤ ਨੂੰ ਸੂਚਿਤ ਕੀਤਾ ਗਿਆ ਹੈ ਕਿ ਇਸ ਫਿਲਮ ਨੂੰ ਭਲਕੇ 21 ਨਵੰਬਰ ਨੂੰ ਰਿਲੀਜ਼ ਹੋਣ ਤੋਂ ਫਿਲਹਾਲ ਰੋਕ ਦਿੱਤਾ ਗਿਆ ਹੈ।ਦੂਜੇ ਪਾਸੇ ਸ੍ਰੀ ਅਕਾਲ ਤਖਤ ਵਿਖੇ ਭੇਜੇ ਪੱਤਰ ਵਿੱਚ ਪ੍ਰਬੰਧਕ ਬਵੇਜਾ ਸਟੂਡੀਓ ਵੱਲੋਂ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਆਖਿਆ ਗਿਆ ਹੈ ਕਿ ਇਸ ਫਿਲਮ ਦੀਆਂ ਖਾਮੀਆਂ ਦੱਸਣ।

ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਵੱਲੋਂ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ ’ਤੇ ਇਸ ਫਿਲਮ ਨੂੰ ਰੋਕਣ ਲਈ ਆਖਿਆ ਗਿਆ ਸੀ। ਰਿਪੋਰਟ ਵਿੱਚ ਇਸ ਫਿਲਮ ਵਿੱਚ ਕਈ ਖਾਮੀਆਂ ਹੋਣ ਬਾਰੇ ਸੰਕੇਤ ਕੀਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਅਕਾਲ ਤਖਤ ਅਤੇ ਧਰਮ ਪ੍ਰਚਾਰ ਕਮੇਟੀ ਦੋਵਾਂ ਵੱਲੋਂ ਹੀ ਗੁਰੂ ਸਾਹਿਬਾਨ ਅਤੇ ਗੁਰੂਆਂ ਦੇ ਪਰਿਵਾਰ ਸਬੰਧੀ ਕਿਸੇ ਵੀ ਰੂਪ ਵਿੱਚ ਫਿਲਮਾਂਕਣ ਕਰਨ ’ਤੇ ਰੋਕ ਲਾਈ ਗਈ ਹੈ।

# ਪੰਜਾਬ ਪੁਲੀਸ ਵੱਲੋਂ ਵਿਸਫੋਟਕ ਸਮੱਗਰੀ ਸਮੇਤ ਦੋ ਕਾਬੂ

**ਅੰਮ੍ਰਿਤਸਰ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**



ਖੁਫੀਆ ਜਾਣਕਾਰੀ ’ਤੇ ਅਧਾਰਿਤ ਇੱਕ ਕਾਰਵਾਈ ਵਿੱਚ ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਦੋ ਵਿਅਕਤੀਆਂ ਨੂੰ ਵਿਸਫੋਟਕ ਸਮੱਗਰੀ ਆਈਈਡੀ ਸਮੇਤ ਕਾਬੂ ਕੀਤਾ ਹੈ। ਇਸ ਦਾ ਖੁਲਾਸਾ ਡੀਜੀਪੀ ਗੌਰਵ ਯਾਦਵ ਵੱਲੋਂ ਆਪਣੇ ਸੋਸ਼ਲ ਮੀਡੀਆ ਖਾਤੇ ‘ਐਕਸ’ ਤੇ ਕੀਤਾ ਗਿਆ। ਉਨਾਂ ਦਾਅਵਾ ਕੀਤਾ ਕਿ ਇਸ ਕਾਰਵਾਈ ਤਹਿਤ ਪੁਲੀਸ ਨੇ ਇੱਕ ਸਰਹੱਦ ਪਾਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ। ਜਿਸ ਵਿੱਚ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਦਿਆਂ ਉਨ੍ਹਾਂ ਪਾਸੋਂ ਆਈਈਡੀ ਅਤੇ ਦੋ ਮੋਬਾਈਲ ਫੋਨ ਬਰਾਮਦ ਕੀਤੇ ਗਏ ਹਲ।

ਅਧਿਕਾਰੀ ਅਨੁਸਾਰ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਦੋਵੇਂ ਪਾਕਿਸਤਾਨ ਸਥਿਤ ਇੱਕ ਹੈਂਡਲਰ ਦੇ ਸੰਪਰਕ ਵਿੱਚ ਹਨ, ਜੋ ਕਿ ਸਾਜ਼ਿਸ਼ ਪਿੱਛੇ ??ਸਰਹੱਦ ਪਾਰ ਸਬੰਧਾਂ ਨੂੰ ਉਜਾਗਰ ਕਰਦਾ ਹੈ। ਫਿਲਹਾਲ ਇਸ ਮਾਮਲੇ ਵਿੱਚ ਅਗਲੇਰੀ ਜਾਂਚ ਜਾਰੀ ਹੈ। ਮਿਲੀ ਜਾਣਕਾਰੀ ਦੇ ਮੁਤਾਬਕ ਇਹ ਵਿਸਫੋਟਕ ਸਮਗਰੀ ਆਈਈਡੀ ਸਰਹੱਦ ਪਾਰੋਂ ਡਰੋਨ ਰਾਹੀ ਮੰਗਵਾਈ ਗਈ ਸੀ ,ਜਿਸ ਨੂੰ ਭਾਰਤ ਵਾਲੇ ਪਾਸੇ ਦੋ ਨੌਜਵਾਨਾਂ ਵੱਲੋਂ ਪ੍ਰਾਪਤ ਕੀਤਾ ਗਿਆ ਸੀ ਅਤੇ ਪੁਲੀਸ ਨੇ ਇਹਨਾਂ ਨੌਜਵਾਨਾਂ ਨੂੰ ਕਾਬੂ ਕਰਕੇ ਇਹ ਵਿਸਫੋਟਕ ਸਮਗਰੀ ਬਰਾਮਦ ਕੀਤੀ।

ਡੀਜੀਪੀ ਨੇ ਆਖਿਆ ਕਿ ਪੰਜਾਬ ਪੁਲੀਸ ਸਰਹੱਦ ਪਾਰ ਤਸਕਰੀ ਮਾਡਿਊਲਾਂ ਅਤੇ ਸੰਗਠਿਤ ਅਪਰਾਧਿਕ ਸਿੰਡੀਕੇਟਾਂ ਨੂੰ ਬੇਅਸਰ ਇਸ ਦਾ ਖੁਲਾਸਾ ਡੀਜੀਪੀ ਗੌਰਵ ਯਾਦਵ ਵੱਲੋਂ ਆਪਣੇ ਸੋਸ਼ਲ ਮੀਡੀਆ ਖਾਤੇ ‘ਐਕਸ’ ਤੇ ਕੀਤਾ ਗਿਆ। ਉਨਾਂ ਦਾਅਵਾ ਕੀਤਾ ਕਿ ਇਸ ਕਾਰਵਾਈ ਤਹਿਤ ਪੁਲੀਸ ਨੇ ਇੱਕ ਸਰਹੱਦ ਪਾਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ। ਜਿਸ ਵਿੱਚ ਕਰਕੇ ਇੱਕ ਸੁਰੱਖਿਅਤ ਪੰਜਾਬ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਨਗਰ ਕੌਂਸਲ ਦੀ ਮੀਟਿੰਗ ’ਚ ਹੰਗਾਮਾ

**ਨੰਗਲ, 29 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਨੰਗਲ ਦੀ ਮਹੀਨੇਵਾਰ ਮੀਟਿੰਗ ਨੂੰ ਵਿਚਾਲੇ ਹੀ ਛੱਡਦਿਆਂ ਹੋਏ ਕਾਂਗਰਸੀ ਕੌਂਸਲਰ ਅਤੇ ਬੁਲਾਰੇ ਐਡਵਕੇਟ ਪਰਮਜੀਤ ਸਿੰਘ ਪੰਮਾ ਨੇ ਅੱਜ ਨਗਰ ਕੌਂਸਲ ਨੰਗਲ ਦੇ ਅਧਿਕਾਰੀਆਂ ਤੇ ਇਲਾਕੇ ਦੇ ਵਿਕਾਸ ਕਾਰਜਾਂ ਵਿੱਚ ਰੋੜੇ ਅਟਕਾਉਣ ਦੇ ਕਥਿਤ ਤੌਰ ’ਤੇ ਗੰਭੀਰ ਦੋਸ਼ ਲਗਾਏ।

ਪ੍ਰਧਾਨ ਸੰਜੇ ਸਾਹਨੀ ਦੀ ਅਗਵਾਈ ਵਿਚ ਸ਼ੁਰੂ ਹੋਈ ਮਹੀਨਵਾਰ ਮੀਟਿੰਗ ਦਾ ਬਾਇਕਾਟ ਕਰਨ ਮਗਰੋਂ ਉਨ੍ਹਾਂ ਕਿਹਾ ਕਿ ਸਮੂਹ ਕੌਂਸਲਰ ਲੋਕਾਂ ਦੇ ਮਸਲੇ ਲੈ ਕੇ ਆਉਂਦੇ ਹਨ

ਪਰ ਕੁਝ ਕੌਂਸਲ ਅਧਿਕਾਰੀ ਜਾਣ-ਬੁੱਝ ਕੇ ਵਿਕਾਸ ਕੰਮਾਂ ਵਿੱਚ ਅੜਿਕੇ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਦੇ ਕੁਝ ਆਗੂ ਨਗਰ ਕੌਂਸਲ ਨੰਗਲ ਦੇ ਕੰਮਾਂ ਵਿੱਚ ਬੇਲੋੜੀ ਦਖਲਅੰਦਾਜ਼ੀ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਸ਼ਹਿਰ ਦੀ ਦੁਰਦਸ਼ਾ ਲਈ ਸਿਰਫ਼ ਤੇ ਸਿਰਫ਼ ਨਗਰ ਕੌਂਸਲ ਨੰਗਲ ਦੇ ਅਧਿਕਾਰੀ ਜ਼ਿੰਮੇਵਾਰ ਹਨ।

ਇਸ ਸਬੰਧੀ ਨਗਰ ਕੌਂਸਲ ਨੰਗਲ ਦੇ ਕਾਰਜਸਾਧਕ ਅਧਿਕਾਰੀ ਅਸ਼ੋਕ ਪਥਰੀਆ ਨੇ ਐਡਵੋਕੇਟ ਪਰਮਜੀਤ ਸਿੰਘ ਪੰਮਾ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਹ ਕੌਂਸਲ ਵੱਲੋਂ ਪਾਸ ਕੀਤੇ ਗਏ ਮਤਿਆਂ ਵਾਲੇ ਹੀ ਕੰਮ ਕਰ ਸਕਦੇ ਹਨ ਉਸ ਤੋਂ ਬਾਹਰ ਨਹੀਂ ਜਾ ਸਕਦੇ। ਉਨ੍ਹਾਂ ਕਿਹਾ ਕਿ ਕੋਈ ਇਕ ਵੀ ਅਜਿਹਾ ਕੰਮ ਦੱਸਿਆ ਜਾਵੇ ਜੋ ਕੌਂਸਲ ਤੋਂ ਬਾਹਰ ਕੀਤਾ ਹੋਵੇ।

ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।

## ਸੋਨ ਸੁਨਹਿਰੀ ਕਲਮਾਂ

# ਕਵਿਤਾਵਾਂ ਰਾਹੀਂ ਜਾਗਰੂਕ ਕਰਨ ਵਾਲੀ ਲੇਖਿਕਾ



ਸੁੱਖ ਘੁੰਮਣ
98777-10248

ਸੁੱਖ ਘੁੰਮਣ ਪੰਜਾਬੀ ਸਾਹਿਤ ਵਿਚ ਨਵੀਂ ਅਤੇ ਉੱਭਰਦੀ ਲੇਖਿਕਾ ਹੈ। ਜਿਸ ਨੇ ਕਵਿਤਾਵਾਂ, ਕਹਾਣੀਆਂ, ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਅਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਅਲਾਮਤਾਂ ਤੋਂ ਬਚਣ ਦਾ ਸਨੇਹਾ ਦਿੱਤਾ। ਉਂਝ ਤਾਂ ਉਸ ਦਾ ਪੂਰਾ ਨਾਂ ਸੁੱਖਪ੍ਰੀਤ ਕੌਰ ਘੁੰਮਣ ਹੈ। ਉਸ ਦਾ ਜਨਮ 27 ਅਕਤੂਬਰ 1997 ਨੂੰ ਪਿਤਾ ਹਰਦੇਵ ਸਿੰਘ ਅਤੇ ਮਾਤਾ ਰਣਜੀਤ ਕੌਰ ਦੇ ਘਰ ਜ਼ਿਲ੍ਹਾ ਬਠਿੰਡਾ 'ਚ ਵਸਦੇ ਪਿੰਡ ਘੁੰਮਣ ਕਲਾਂ ਵਿਖੇ ਹੋਇਆ। ਸੁੱਖ ਨੇ ਦਸਵੀਂ ਦੀ ਪੜ੍ਹਾਈ ਪਿੰਡ ਪੂਹਲੀ ਕਲਾਂ ਦੇ ਸਕੂਲ ਤੋਂ ਕੀਤੀ ਅਤੇ ਬਾਰ੍ਹਵੀਂ ਐੱਸਐੱਸ ਮਾਨ ਗਰਲਜ਼ ਸਕੂਲ ਤੋਂ ਕੀਤੀ। ਸੁੱਖ ਘੁੰਮਣ ਅੱਜ ਕੱਲ੍ਹ ਪਿੰਡ ਪੂਹਲੀ ਕਲਾਂ ਜ਼ਿਲਾ ਬਠਿੰਡਾ ਵਿਖੇ ਰਹਿ ਰਹੀ ਹੈ। ਉਸ ਨੇ ਬੀਏ ਦੀ ਪੜ੍ਹਾਈ ਬਾਬਾ ਮੌਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਤੋਂ ਕੀਤੀ। ਸੁੱਖ ਹੁਣ ਐੱਮਏ ਪੰਜਾਬੀ ਦਿ ਰੋਇਲ ਕਾਲਜ ਬੋੜਾਵਾਲ (ਮਾਨਸਾ) ਤੋਂ ਕਰ ਰਹੀ ਹੈ। ਆਉ, ਸੁੱਖ ਘੁੰਮਣ ਦੀਆਂ ਰਚਨਾ ਦਾ ਅਨੰਦ ਮਾਣਦੇ ਹਾਂ।

• **ਹਰਮਨ ਸੂਫ਼ੀ ਲਹਿਰਾ**

### ਕਵਿਤਾ

## ਖੋ ਲਏ ਪੁੱਤ

ਘਰ ਵਾਰ ਸਭ ਨੇ,
ਵਿਕਾਤੇ ਚਿੱਟੇ ਨੇ।
ਮਾਪਿਆ ਦੇ ਸਿਰੋਂ,
ਖੋ ਲਏ ਪੁੱਤ ਨੇ।
ਨਸ਼ਿਆਂ ਨੇ ਖਾ ਲਈ,
ਜਵਾਨੀ ਤੇਰੀ ਪੁੱਤਰਾ।
ਸਰੀਰ ਕਰ ਦਿੱਤੇ,
ਥੋਥੇ ਚਿੱਟੇ ਨੇ।
ਕੈਸੀ ਖੇਡ ਏ ਬਣਾਈ,
ਰੱਬਾ ਲੋਕਾਂ ਨੇ।
ਕਈ ਰਿਸ਼ਤੇ ਨੇ,
ਮਾਰੇ ਚਿੱਟੇ ਨੇ।
ਚਾਰ ਦਿਨ ਖ਼ੁਸ਼ੀ ਪਿੱਛੇ,
ਨਸ਼ੇ ਕਾਰਨ !
ਜ਼ਿੰਦਗੀ 'ਚੋ ਹੱਥ ਧੋਂਦੇ ਦੇਖੇ ਮੈਂ ।
ਨਸ਼ਿਆਂ ਦੀ ਲੱਤ ਪਿੱਛੇ ,
ਬਾਪ ਦੀ ਕਮਾਈ ਪੁੱਤਾ
ਚਿੱਟੇ ਵਿੱਚ ਰੋਲ 'ਤੀ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

## ਕੁਝ ਕੰਮ ਦੀਆਂ ਗੱਲਾਂ

- ਮੌਤ ਦਾ ਡਰ ਸਭ ਤੋਂ ਭਿਆਨਕ ਡਰ ਮੰਨਿਆ ਜਾਂਦਾ ਹੈ, ਜਦੋਂ ਇਹ ਡਰ ਖ਼ਤਮ ਫਿਰ ਬਾਕੀ ਡਰ ਵੀ ਖ਼ਤਮ ਹੋ ਜਾਂਦੇ ਹਨ ।
- ਸੋਚ ਬਦਲੇਗੀ ਤਾਂ ਕਰਮ ਬਦਲੇਗਾ, ਕਰਮ ਬਦਲੇਗਾ ਤਾਂ ਜ਼ਿੰਦਗੀ ਬਦਲੇਗੀ।
- ਜਦੋਂ ਸੁੱਖ-ਦੁੱਖ, ਹਾਨੀ- ਲਾਭ ,ਚੰਗਾ- ਬੁਰਾ, ਇੱਕੋ ਲੱਗਦਾ ਹੈ ਤਾਂ ਸੱਚ ਮੁੱਚ ਜ਼ਿੰਦਗੀ ਅਨੰਦਮਈ ਹੋ ਜਾਂਦੀ ਹੈ।
- ਤੁਸੀਂ ਜਿੰਨੀ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਕਰਾਂਗੇ ਫਲ ਵੀ ਓਨਾ ਹੀ ਬਿਹਤਰ ਅਤੇ ਮਿੱਠਾ ਹੋਵੇਗਾ।
- ਕੁਦਰਤ ਕੋਲ ਹਰ ਬੀਮਾਰੀ ਦਾ ਇਲਾਜ ਹੈ ਅਤੇ ਹਰ ਸਮੱਸਿਆ ਦਾ ਹੱਲ ।
- ਜਿਵੇਂ ਸਾਗਰ ਲਹਿਰਾਂ ਤੋਂ ਬਿਨਾਂ ਨਹੀਂ ਹੁੰਦਾ ਜ਼ਿੰਦਗੀ ਵੀ ਸੁੱਖ ਦੁੱਖ ਤਕਲੀਫਾਂ ਆਦਿ ਤੋਂ ਬਿਨਾਂ ਨਹੀਂ ਹੁੰਦੀ ।
- ਕੁਦਰਤ ਕੋਲ ਹਰ ਸਮੱਸਿਆ ਦਾ ਹੱਲ ਹੈ ।



# ਸੱਭਿਅਕ ਬਣਨ ਦੀ ਕੋਸ਼ਿਸ਼

ਦਵਿੰਦਰ ਕੌਰ

ਅਸੀਂ ਸਭ ਜਾਣਦੇ ਹਾਂ ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ ਅਤੇ ਯੁੱਗ ਬਦਲਣ ਨਾਲ ਜ਼ਮਾਨਾ ਵੀ ਬਦਲ ਗਿਆ ਹੈ। ਜੀਵਨ ਵਿਚ ਅਸੀਂ ਬਹੁਤ ਤਰੱਕੀਆਂ ਕਰ ਲਈਆਂ ਹਨ। ਨਵੀਆਂ-ਨਵੀਆਂ ਦਵਾਈਆਂ ਨਾਲ ਕਈ ਮਾਰੂ ਬਿਮਾਰੀਆਂ 'ਤੇ ਵੀ ਹੁਣ ਕਾਬੂ ਪੈ ਗਿਆ ਹੈ। ਅਨਪੜ੍ਹਤਾ ਵੀ ਘੱਟ ਹੁੰਦੀ ਜਾ ਰਹੀ ਹੈ। ਸਾਨੂੰ ਜੀਵਨ ਜਿਊਣ ਦੀ ਸੋਝੀ ਆ ਗਈ ਹੈ। ਹੁਣ ਜ਼ਮਾਨੇ ਦੇ ਨਾਲ ਰਲਣ ਲਈ ਅਸੀਂ ਸਾਰੇ ਯਤਨ ਕਰਦੇ ਹਾਂ। ਕੋਈ ਵੀ ਇਨਸਾਨ ਖ਼ੁਦ ਨੂੰ ਨੀਵਾਂ ਨਹੀਂ ਦਿਖਾਉਣਾ ਚਾਹੁੰਦਾ। ਇਸੇ ਦੌੜ ਵਿਚ ਜੀਵਨ ਦਾ ਹਰ ਪੱਖ ਬਦਲ ਗਿਆ।

### ਪਹਿਰਾਵਾ ਅਤੇ ਸੁੰਦਰਤਾ

ਖਾਣ-ਪੀਣ, ਬੋਲਣ, ਬੈਠਣ-ਉੱਠਣ, ਪਹਿਰਾਵਾ ਅਤੇ ਸੁੰਦਰਤਾ ਦੇ ਪੱਖ ਤੋਂ ਲੋਕਾਂ ਵਿਚ ਕਾਫ਼ੀ ਜਾਗਰੂਕਤਾ ਆਈ ਹੈ ਤੇ ਸਾਰੇ ਢੰਗ ਬਦਲ ਗਏ ਹਨ ਪਰ ਇਨ੍ਹਾਂ ਬਦਲਦੇ ਹੋਏ ਢੰਗਾਂ ਨੇ ਕਿਤੇ ਨਾ ਕਿਤੇ ਸਾਡੀ ਸਿਹਤ, ਸੁੰਦਰਤਾ ਅਤੇ ਸਰੀਰ ਨਾਲ ਕਾਫ਼ੀ ਖਿਲਵਾੜ ਕੀਤਾ ਹੈ। ਸਾਡੀਆਂ ਆਦਤਾਂ ਵਿਚ ਘੁਟਣ ਜਿਹੀ ਸਮਾ ਗਈ ਹੈ। ਜ਼ਿੰਦਗੀ ਜਿਊਣ ਦੇ ਢੰਗ ਵੀ ਨਿਯਮਿਤ ਅਤੇ ਸੀਮਿਤ ਜਿਹੇ ਹੋ ਗਏ ਹਨ। ਖੁੱਲ੍ਹ ਕੇ ਹੱਸਣ ਨੂੰ ਹੁਣ ਅਸੱਭਿਅਕ ਮੰਨਿਆ ਜਾਂਦਾ ਹੈ ਪਰ ਬਿਮਾਰੀਆਂ ਦੂਰ ਕਰਨ ਲਈ ਖੁੱਲ੍ਹਾ ਹਾਸਾ ਜਾਂ ਤਾਂ ਯੋਗਾ ਕਲਾਸਾਂ ਦੇ ਵਿਚ ਮਿਲਦਾ ਹੈ ਜਾਂ ਸਪੈਸ਼ਲ ਕਸਰਤ ਹੀ ਬਣ ਗਿਆ ਹੈ। ਪਿੰਡਾਂ ਦੇ ਮਾਹੌਲ 'ਤੇ ਵੀ ਸ਼ਹਿਰੀ ਰੰਗ ਚੜ੍ਹਦਾ ਜਾਂਦਾ ਹੈ ਅਤੇ ਆਪਣਾ ਦੇਸੀਪਨ ਖ਼ਤਮ ਹੁੰਦਾ ਜਾ ਰਿਹਾ ਹੈ। ਆਧੁਨਿਕ ਬਣਨਾ ਵੀ ਜ਼ਰੂਰੀ ਹੈ ਪਰ ਆਪਣੀ ਅਸਲੀਅਤ ਤੋਂ ਦੂਰ ਭੱਜਣਾ ਸਾਨੂੰ ਮਹਿੰਗਾ ਪੈਂਦਾ ਹੈ। ਜੀਵਨ ਜਾਚ ਵਿਚ ਬਹੁਤ ਕੁਝ ਬਦਲ ਚੁੱਕਾ ਹੈ ਜਿਸ ਨੇ ਹਰ ਆਦਮੀ ਦੀ ਸਿਹਤ, ਮਨ, ਦਿਮਾਗ਼, ਸਾਦਗੀ, ਭੋਲਾਪਨ ਅਤੇ ਕੁਦਰਤੀ ਸੁੰਦਰਤਾ ਨੂੰ ਪ੍ਰਭਾਵਿਤ ਕੀਤਾ ਹੈ।

### ਪੁਰਾਣੀਆਂ ਖ਼ੁਰਾਕਾਂ

ਪਹਿਲਾਂ ਲੋਕ ਦੇਸੀ ਖ਼ੁਰਾਕਾਂ ਖਾਂਦੇ ਸਨ। ਖਾਣ-ਪੀਣ ਦਾ ਸਮਾਂ ਵੀ ਸਹੀ ਅਤੇ ਬੱਝਵਾਂ ਹੁੰਦਾ ਸੀ। ਉਹ ਸੂਰਜ ਰਹਿੰਦਿਆਂ ਖਾਣਾ ਖਾ ਲੈਂਦੇ ਸਨ। ਹੋਰ ਵੀ ਸਾਰੇ ਭੋਜਨ ਪਦਾਰਥ ਘਰੇਲੂ ਅਤੇ ਪੌਸ਼ਟਿਕ ਹੁੰਦੇ ਸਨ। ਸਭ ਕੁਝ ਖਾ ਪੀ ਕੇ ਵੀ ਇੰਨੀਆਂ ਬਿਮਾਰੀਆਂ ਨਹੀਂ ਸਨ ਜਿੰਨੀਆਂ ਅੱਜ ਕੱਲ੍ਹ ਹਨ ਪਰ ਹੁਣ ਵੰਨ-ਸੁਵੰਨੇ ਮਸਾਲੇਦਾਰ ਅਤੇ ਚਟਪਟੇ ਭੋਜਨ ਅਤੇ ਜੰਕ-ਫੂਡ ਤੇ ਹੋਰ ਪੀਣ ਵਾਲੇ ਬਣਾਵਟੀ ਪਦਾਰਥ ਚੱਲ ਪਏ ਹਨ ਜੋ ਸਿੱਧੇ ਤੌਰ 'ਤੇ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਦੁੱਧ-ਲੱਸੀ ਦੀ ਥਾਂ ਹੁਣ ਕੋਲਡਰਿੰਕ ਨੇ ਲੈ ਲਈ ਤੇ ਪੁਰਾਣੀਆਂ ਖ਼ੁਰਾਕਾਂ ਕਿਸੇ ਦੇ ਹਜ਼ਮ ਨਹੀਂ ਹੁੰਦੀਆਂ।

### ਖੁੱਲ੍ਹ ਕੇ ਵਿਚਾਰ ਪ੍ਰਗਟ ਕਰਨਾ

ਪਹਿਲਾਂ ਲੋਕ ਸਾਦਗੀ ਭਰਪੂਰ ਆਪਣੇ ਦਿਲ ਦੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰਦੇ ਸਨ। ਕੁਝ ਕਹਿ ਲੈਂਦੇ ਸਨ ਤੇ ਕੁਝ ਸੁਣ ਲੈਂਦੇ ਸਨ ਪਰ ਹੁਣ ਅਸੀਂ ਸੱਭਿਅਕ ਬਣਨ ਦੀ ਕੋਸ਼ਿਸ਼ ਕਰਦੇ-ਕਰਦੇ ਵਿਚਾਰਾਂ ਅਤੇ ਹਾਵ-ਭਾਵ ਨੂੰ ਦਬਾ ਕੇ ਰਸਮੀ ਤੌਰ 'ਤੇ ਬੋਲਣ ਲੱਗ ਗਏ ਹਾਂ ਕਿ ਕਿਸੇ ਨੂੰ ਬੁਰਾ ਨਾ ਲੱਗੇ। ਜਿਸ ਨਾਲ ਅਸੀਂ ਮਾਨਸਿਕ ਤੌਰ 'ਤੇ ਬਿਮਾਰ ਹੁੰਦੇ ਜਾ ਰਹੇ ਹਾਂ ਅਤੇ ਵਿਚਾਰਾਂ ਦਾ ਤਾਣਾ-ਬਾਣਾ ਦਿਮਾਗ਼ ਦੇ ਅੰਦਰ ਹੀ ਉਲਝਿਆ ਰਹਿੰਦਾ ਹੈ ਜੋ ਸੁਭਾਅ ਨੂੰ ਚਿੜਚਿੜਾ ਬਣਾਉਂਦਾ ਹੈ।



### ਮਾਪਦੰਡ

ਬੋਲਣ-ਚੱਲਣ ਦੇ ਵਾਂਗ ਹੁਣ ਬੈਠਣਾ-ਉਠਣਾ ਵੀ ਸੱਭਿਅਕ ਰੂਪ ਦੇ ਮਾਪਦੰਡ ਮਾਪਦਾ ਰਹਿੰਦਾ ਹੈ। ਰਸਮੀ ਤੌਰ 'ਤੇ ਬੈਠਣਾ, ਉੱਠਣਾ ਜਾਂ ਤੁਰਨਾ ਵੀ ਸਾਡੇ ਸਰੀਰ 'ਤੇ ਕਾਫ਼ੀ ਪ੍ਰਭਾਵ ਪਾਉਂਦਾ ਹੈ। ਪਹਿਲਾਂ ਲੋਕ ਖੁੱਲ੍ਹ ਕੇ ਮਨਮਰਜ਼ੀ ਨਾਲ ਆਪਣੇ ਆਪ ਨੂੰ ਸੁਖਾਵਾਂ ਕਰ ਕੇ ਬਹਿੰਦੇ ਉੱਠਦੇ ਅਤੇ ਚਲਦੇ ਸਨ। ਹੁਣ ਜੋ ਤਬਦੀਲੀ ਆਈ ਹੈ ਉਸ ਅਨੁਸਾਰ ਲੋੜ ਤੋਂ ਵੱਧ ਰਸਮੀਪਨ ਸਰੀਰ ਨੂੰ ਤਕਲੀਫ਼ ਦਿੰਦਾ ਹੈ। ਅਸੀਂ ਇਸ ਚਿੰਤਾ ਵਿਚ ਹੀ ਰਹਿੰਦੇ ਹਾਂ ਕਿ ਵੇਖਣ ਵਾਲੇ ਨੂੰ ਕਿਵੇਂ ਲੱਗੇਗਾ।

### ਆਧੁਨਿਕ ਯੁੱਗ

ਪੁਰਾਣੇ ਸਮੇਂ ਅਤੇ ਆਧੁਨਿਕ ਯੁੱਗ ਦੇ ਪਹਿਰਾਵੇ ਵਿਚ ਹੁਣ ਬਹੁਤ ਫ਼ਰਕ ਆ ਗਿਆ ਹੈ। ਸਮੇਂ ਦੇ ਹਾਣੀ ਹੋਣ ਦੇ ਨਾਤੇ ਸਾਨੂੰ ਆਪਣਾ ਪਹਿਰਾਵਾ ਬਦਲਣਾ ਚਾਹੀਦਾ ਹੈ ਅਤੇ ਵਧੀਆ ਦਿੱਖ ਹੋਣੀ ਜ਼ਰੂਰੀ ਹੈ ਪਰ ਜੇਕਰ ਉਹ ਸਰੀਰ ਨੂੰ ਤਕਲੀਫ਼ ਜਾਂ ਘੁਟਣ ਦਿੰਦਾ ਹੈ ਤਾਂ ਅਸੀਂ ਅਜਿਹੇ ਅਣਸੁਖਾਵੇਂ ਪਹਿਰਾਵੇ ਤੋਂ ਪਰਹੇਜ਼ ਵੀ ਕਰ ਸਕਦੇ ਹਾਂ। ਜ਼ਿਆਦਾ ਘੁਟਵੇ ਜਾਂ ਅਣਸੁਖਾਵੇ ਕੱਪੜੇ ਸਾਡੇ ਸਰੀਰ ਦੇ ਨਾਲ-ਨਾਲ ਸਾਡੇ ਸੁਭਾਅ ਨੂੰ ਵੀ ਖ਼ਰਾਬ ਕਰਦੇ ਹਨ।

### ਬਣਾਵਟੀ ਸੁੰਦਰਤਾ

ਅੱਜ ਦੇ ਜ਼ਮਾਨੇ ਵਿਚ ਹਰ ਇਨਸਾਨ ਬਣਾਵਟੀ ਸੁੰਦਰਤਾ ਦੀ ਦੌੜ ਵਿਚ ਲੱਗਾ ਹੋਇਆ ਹੈ ਜਿਸ ਦੇ ਥੱਲੇ ਸਾਡਾ ਅਸਲੀ ਚਿਹਰਾ ਗੁੰਮ ਹੋ ਗਿਆ ਹੈ। ਅੱਜ ਦਾ ਯੁੱਗ ਫ਼ੈਸ਼ਨ ਦਾ ਯੁੱਗ ਹੈ। ਹਰ ਕੋਈ ਮਾਡਰਨ ਬਣ ਕੇ ਰਹਿਣਾ ਚਾਹੁੰਦਾ ਹੈ। ਕਈ ਵਾਰ ਸਾਦੇ ਬੰਦੇ ਨੂੰ ਜ਼ਮਾਨਾ ਪੱਛੜਿਆ ਹੋਇਆ ਵੀ ਸਮਝਦਾ ਹੈ। ਹਰ ਇਨਸਾਨ ਬਣਾਵਟੀ ਸੁੰਦਰਤਾ ਦੇ ਜਾਲ ਵਿਚ ਫ਼ਸ ਕੇ ਮਜਬੂਰ ਹੋ ਚੁੱਕਾ ਹੈ। ਇਸ ਦਾ ਪ੍ਰਭਾਵ ਇਹ ਪੈਂਦਾ ਹੈ ਕਿ ਸੁੰਦਰਤਾ ਜਾਂ ਮੇਕਅੱਪ ਦੀਆਂ ਸਭ ਚੀਜ਼ਾਂ ਕਈ ਪ੍ਰਕਾਰ ਦੇ ਕਾਸਮੈਟਿਕਸ ਸਾਨੂੰ ਖ਼ੂਬਸੂਰਤ ਬਣਾ ਦਿੰਦੀਆਂ ਹਨ ਪਰ ਉਸ ਦਾ ਸਾਡੀ ਚਮੜੀ ਤੇ ਬੁਰਾ ਪ੍ਰਭਾਵ ਪੈਂਦਾ ਹੈ ਜਿਸ ਨਾਲ ਅਸੀਂ ਆਪਣੀ ਕੁਦਰਤੀ ਸੁੰਦਰਤਾ ਵੀ ਹੌਲੀ-ਹੌਲੀ ਗਵਾ ਬੈਠਦੇ ਹਾਂ ਅਤੇ ਸਾਡੇ ਚਿਹਰੇ ਮੁਰਝਾ ਜਾਂਦੇ ਹਨ। ਪੁਰਾਣੇ ਸਮਿਆਂ ਵਿਚ ਲੋਕਾਂ ਕੋਲ ਘਰੇਲੂ ਨੁਸਖੇ ਹੁੰਦੇ ਸਨ ਜਿਸ ਨਾਲ ਚਿਹਰੇ 'ਤੇ ਰੌਣਕ ਬਣੀ ਰਹਿੰਦੀ ਸੀ।

### ਅਜੋਕੀ ਪੀੜ੍ਹੀ

ਹੁਣ ਨੌਜਵਾਨ ਵਰਗ ਦਾ ਸਾਰਾ ਧਿਆਨ ਵਾਲਾਂ ਨੇ ਖਿਚਿਆ ਹੋਇਆ ਹੈ। ਤਰ੍ਹਾਂ-ਤਰ੍ਹਾਂ ਦੇ ਵਾਲਾਂ ਦੇ ਡਿਜ਼ਾਇਨ ਅਤੇ ਰੰਗ ਅਜੋਕੀ ਪੀੜ੍ਹੀ ਨੂੰ ਆਕਰਸ਼ਿਤ ਤਾਂ ਕਰਦੇ ਹਨ ਪਰ ਇਸ ਦੇ ਪ੍ਰਭਾਵ ਬਹੁਤ ਨੁਕਸਾਨਦਾਇਕ ਹਨ ਜੋ ਸਰੀਰਕ ਅਤੇ ਮਾਨਸਿਕ ਪੱਖ ਤੋਂ ਵਿਨਾਸ਼ ਕਰਦੇ ਹਨ। ਉਮਰ ਤੋਂ ਪਹਿਲਾਂ ਵਾਲ ਕਮਜ਼ੋਰ ਹੋ ਜਾਂਦੇ ਨੇ ਤੇ ਦਿਮਾਗ਼ ਵਾਲ ਸਵਾਰਨ ਵਿਚ ਲੱਗਿਆ ਹੋਣ ਕਾਰਨ ਬੰਦਾ ਆਪਣੇ ਕੰਮਾਂ ਵਿਚ ਧਿਆਨ ਨਹੀਂ ਦੇ ਸਕਦਾ। ਸੋ ਇਸ ਸਭ ਕੁਝ ਸੋਚਣ ਦੇ ਬਾਅਦ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਆਧੁਨਿਕਤਾ ਅਤੇ ਸ਼ੌਕੀਨੀ ਦੇ ਰੰਗ ਵਿਚ ਰੰਗੇ ਹੋਏ ਇਨਸਾਨ ਨੂੰ ਇਸ ਦੇ ਨਤੀਜਿਆ ਬਾਰੇ ਸੋਚ ਕੇ ਹੀ ਕਿਸੇ ਨਵੀਂ ਚੀਜ਼ ਨੂੰ ਅਪਣਾਉਣਾ ਚਾਹੀਦਾ ਹੈ। ਆਧੁਨਿਕ ਚੀਜ਼ਾ ਅਪਣਾਉਣੀਆਂ ਚਾਹੀਦੀਆਂ ਹਨ ਤਾਂ ਹੀ ਸਮੇਂ ਦਾ ਹਾਣੀ ਵੀ ਬਣਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਆਪਣੇ ਆਪ ਨੂੰ ਵੀ ਸੰਭਾਲੀ ਰੱਖਣਾ ਜ਼ਰੂਰੀ ਹੈ ਕਿਉਂਕਿ ਕਿਸੇ ਵੀ ਚੀਜ਼ ਦੀ ਘਾਟ ਮਾੜੀ ਹੁੰਦੀ ਹੈ ਅਤੇ ਬਹੁਤਾਤ ਵੀ। ਸਾਨੂੰ ਪੁਰਾਤਨ ਵਿਰਸੇ ਦੀਆਂ ਚੀਜ਼ਾਂ ਨੂੰ ਨਾਲ ਲੈ ਕੇ ਚਲਦੇ ਹੋਏ ਆਧੁਨਿਕ ਸਮੇਂ ਵਿਚ ਸ਼ਾਮਿਲ ਹੋਣਾ ਚਾਹੀਦਾ ਹੈ ਅਤੇ ਦੇਸੀ ਚੀਜ਼ਾਂ ਦੀ ਵਰਤੋਂ ਕਰਦੇ ਸਮੇਂ ਸ਼ਰਮ ਨਹੀਂ ਮਹਿਸੂਸ ਕਰਨੀ ਚਾਹੀਦੀ। •

82838-32839



## ਪੱਤਰ ਹਰੇ ਕਚੂਰ

# ਬਹੁਪੱਖੀ ਸ਼ਖ਼ਸੀਅਤ



ਤਰਸੇਮ ਬੁੱਟਰ
81465-82152

ਤਰਸੇਮ ਬੁੱਟਰ ਬਹੁਪੱਖੀ ਸ਼ਖ਼ਸੀਅਤ ਦਾ ਨਾਂ ਹੈ। ਉਹ ਇਲਾਕੇ ਦਾ ਉੱਘਾ ਸਮਾਜ ਸੇਵਕ, ਖ਼ੂਨਦਾਨੀ, ਅਦਾਕਾਰ, ਰੇਡੀਓ ਅਨਾਊਂਸਰ, ਸਫਲ ਮੰਚ ਸੰਚਾਲਕ, ਲੇਖਕ ਤਾਂ ਹੈ ਹੀ ਇਸ ਦੇ ਨਾਲ-ਨਾਲ ਉਹ ਵਧੀਆ ਇਨਸਾਨ ਵੀ ਹੈ। ਬੁੱਟਰ ਕਿੱਤੇ ਵਜੋਂ ਸਰਕਾਰੀ ਅਧਿਆਪਕ ਤੇ ਐੱਫਐੱਮ ਰੇਡੀਓ ਬਠਿੰਡਾ 'ਤੇ ਬਤੌਰ ਅਨਾਊਂਸਰ ਕੰਮ ਵੀ ਕਰ ਰਿਹਾ ਹੈ। ਅਦਾਕਾਰੀ ਪੱਖੋਂ ਉਹ ਅਨੇਕਾਂ ਹੀ ਟੈਲੀ ਫ਼ਿਲਮਾਂ ਤੋਂ ਇਲਾਵਾ ਇਕ ਵੱਡੇ ਪਰਦੇ ਦੀ ਫਿਲਮ ਵੀ ਕਰ ਚੁੱਕਾ ਹੈ। ਤਰਸੇਮ ਆਪਣੇ ਪਿੰਡ ਦੇ ਮਾਲਵਾ ਵੈੱਲਫੇਅਰ ਕਲੱਬ ਦਾ ਜਨਰਲ ਸਕੱਤਰ ਹੈ, ਜਿਸ ਦੇ ਜ਼ਰੀਏ ਉਹ ਅਨੇਕਾਂ ਹੀ ਸਮਾਜ ਸੇਵੀ ਕੰਮਾਂ ਤੋਂ ਇਲਾਵਾ ਹੁਣ ਤਕ ਵੀਹ ਵਾਰ ਖ਼ੂਨਦਾਨ ਕਰ ਚੁੱਕਾ ਹੈ। ਬੁੱਟਰ ਇਲਾਕੇ ਦੀਆਂ ਨਾਮਵਰ ਸਾਹਿਤਕ ਸਭਾਵਾਂ ਦਾ ਸਰਗਰਮ ਕਾਰਕੁਨ ਅਤੇ ਅਹੁਦੇਦਾਰ ਹੋਣ ਕਰਕੇ ਉਸ ਨੂੰ ਮੰਚ ਸੰਚਾਲਕ ਦੀ ਭੂਮਿਕਾ ਨਿਭਾਉਂਦੇ ਆਮ ਵੇਖਿਆ ਜਾਂਦਾ ਹੈ। ਜੇਕਰ ਉਸ ਦੀ ਲੇਖਣੀ ਦੀ ਗੱਲ ਕਰੀਏ ਤਾਂ ਉਹ ਲਿਖਤਾਂ ਜ਼ਰੀਏ ਪੰਜਾਬੀ ਦੇ ਪ੍ਰਸਿੱਧ ਰਸਾਲਿਆਂ, ਮੈਗਜ਼ੀਨਾਂ, ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ, ਸੋਸ਼ਲ ਮੀਡੀਆ ਆਦਿ 'ਤੇ ਆਪਣੀ ਭਰਵੀਂ ਹਾਜ਼ਰੀ ਲਵਾ ਰਿਹਾ ਹੈ । ਫ਼ਖ਼ਰ ਵਾਲੀ ਗੱਲ ਹੈ ਕਿ ਉਸ ਦੀਆਂ ਲਿਖਤਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਗਿਆ ਹੈ। ਮਾਣਦੇ ਹਾਂ ਉਸ ਦੀ ਰਚਨਾ ਦਾ ਅਨੰਦ।

• **ਕੁਲਦੀਪ ਸਿੰਘ ਬੰਗੀ**
94174-07778

### ਨਜ਼ਮ

## ਰੁੱਖੀ ਮਿੱਸੀ

ਨਾ ਵੇਖ ਸ਼ਾਹੀ ਪਕਵਾਨਾ ਨੂੰ ਜੀਅ ਲਲਚਾਈ ਜਾ।
ਖਾ ਕੇ ਰੁੱਖੀ ਮਿੱਸੀ ਰੱਬ ਦਾ ਸ਼ੁਕਰ ਮਨਾਈ ਜਾ।

ਚੈਨ ਖ਼ੁਸ਼ੀ, ਅਨੰਦ, ਤਸੱਲੀ ਆਪ ਮੁਹਾਰੇ ਆਵਣਗੇ,
ਆਪ ਤੋਂ ਨੀਵੇਂ ਵੇਖ ਆਪਣਾ ਵਕਤ ਲੰਘਾਈ ਜਾ

ਮੁਸ਼ਕਿਲ, ਭੀੜਾਂ, ਬਿਪਤਾ, ਸੰਕਟ ਜ਼ਰਨੇ ਪੈਂਦੇ ਬੰਦਿਆਂ ਨੂੰ,
ਦੁੱਖ, ਦਲਿੱਦਰ, ਸਰਵ ਵਿਆਪਕ ਮਨ ਸਮਝਾਈ ਜਾ।

ਟੋਏ ਟਿੱਬੇ, ਪਰਬਤ, ਸਾਗਰ, ਜੰਗਲ ਰਾਹ ਵਿਚ ਅੜਨਾ ਨਾ,
ਮੰਜ਼ਿਲ ਪਾਉਣੀ ਹੱਥ 'ਚ ਤੇਰੇ ਨਾ ਘਬਰਾਈ ਜਾ।

ਮੰਦਰ, ਮਸਜਿਦ, ਗੁਰਦੁਆਰੇ ਹਰ ਮਾਨਵ ਲਈ ਸਾਂਝੇ ਨੇ,
ਧਰਮ ਦੇ ਨਾਂ 'ਤੇ ਲੋਕਾਂ ਵਿਚ ਨਾ ਵੰਡੀਆਂ ਪਾਈ ਜਾ।

ਕੈਂਚੀ ਵਾਂਗੂ ਕੱਟਣ ਦੀ ਥਾਂ ਸੂਈ ਵਾਂਗੂ ਸਿਆਉਣਾ ਸਿੱਖ,
ਬੁੱਟਰ ਵੰਡੀਆਂ ਪਾ-ਪਾ ਕੇ ਤੂੰ ਨਾ ਲੋਕ ਨੂੰ ਲੜਾਈ ਜਾ।

### ਗ਼ਜ਼ਲ



ਗੁਰਪ੍ਰੀਤ ਕੌਰ ਧਾਲੀਵਾਲ
98798-002110

ਘਰ ਤਾਂ ਆਖ਼ਰ ਘਰ ਹੁੰਦੇ ਨੇ।
ਘਰਾਂ 'ਚ ਕਾਹਦੇ ਡਰ ਹੁੰਦੇ ਨੇ।
ਉੱਤੋਂ ਖ਼ੁਸ਼ੀਆਂ ਵੰਡਦੇ ਹਾਂ ਪਰ,
ਹੌਂਕੇ ਲੁੱਕ-ਲੁੱਕ ਭਰ ਹੁੰਦੇ ਨੇ।
ਆਪਣਿਆਂ ਦੀ ਓਟ ਦੇ ਸਦਕਾ,
ਜਗ ਦੇ ਤਾਹਨੇ ਜ਼ਰ ਹੁੰਦੇ ਨੇ।
ਹੱਕਾਂ ਲਈ ਲੜਨਾ ਨਹੀਂ ਮਾੜਾ,
ਲੜ ਕੇ ਈ ਸੁਪਨੇ ਸਰ ਹੁੰਦੇ ਨੇ।
ਪਿਆਰ ਦੇ ਬੂਟੇ ਮਹਿਕਣ ਉੱਥੇ,
ਤਿੱਤਲੀ ਜਿਹੇ ਜੋ ਦਰ ਹੁੰਦੇ ਨੇ।
ਮਰਨ ਮਿਟਣ ਦੇ ਜਜ਼ਬੇ ਨਾਲ ਹੀ,
ਸੀਸ ਤਲੀ 'ਤੇ ਧਰ ਹੁੰਦੇ ਨੇ।
'ਪ੍ਰੀਤ' ਜੋ ਪਿਆਰ ਵਫ਼ਾ ਨੂੰ ਪਾਲਣ,
ਬੰਦੇ ਓਹੀ ਨਰ ਹੁੰਦੇ ਨੇ।

# ਕਿਸ ਨੇ ਖੋਹ ਲਿਆ ਨਾਨਕੇ ਜਾਣ ਦਾ ਚਾਅ

ਜੂਨ ਦੀਆਂ ਛੁੱਟੀਆਂ ਵਿਚ ਬੱਚਿਆਂ ਨੂੰ ਨਾਨਕੇ ਜਾਣ ਦਾ ਚਾਅ ਇੰਨਾ ਜ਼ਿਆਦਾ ਹੁੰਦਾ ਸੀ ਕਿ ਇਕ ਮਹੀਨੇ ਵਿਚ ਕਰਨ ਵਾਲਾ ਸਕੂਲ ਦਾ ਕੰਮ, ਯਾਨਿ ਕਿ ਜੂਨ ਦੀਆਂ ਛੁੱਟੀਆਂ ਦਾ ਕੰਮ ਇਕ ਹਫ਼ਤੇ ਵਿਚ ਹੀ ਪੂਰਾ ਕਰ ਲਿਆ ਜਾਂਦਾ ਸੀ ਤਾਂ ਕਿ ਨਾਨਕੇ ਜਾ ਕੇ ਪੜ੍ਹਾਈ ਦਾ ਕੋਈ ਫ਼ਿਕਰ ਨਾ ਰਹਿ ਜਾਵੇ। ਬੱਚਿਆਂ ਨੂੰ ਤਾਂ ਖੇਡਣ ਮੱਲਣ ਦਾ ਹੀ ਚਾਅ ਹੁੰਦਾ ਏ ਪੜ੍ਹਨ ਪੜ੍ਹਾਉਣ ਦੀਆਂ ਤਾਂ ਬਾਅਦ ਦੀਆਂ ਗੱਲਾਂ ਹੁੰਦੀਆਂ ਨੇ। ਅੱਜ ਕੱਲ੍ਹ ਜੂਨ ਦੀਆਂ ਛੁੱਟੀਆਂ ਵਿਚ ਨਾਨਕੀ ਜਾਣ ਦੀ ਬਜਾਏ ਠੰਢੀਆਂ ਥਾਵਾਂ 'ਤੇ ਜਾਣੀ ਕਿ ਕੁੱਲੂ, ਮਨਾਲੀ, ਸ਼ਿਮਲੇ ਜਾਂ ਫਿਰ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਨੇ । ਇਹੀ ਮੋਹ ਪਿਆਰ ਘਟਨ ਦੇ ਸਬੂਤ ਨੇ। ਪਿਛਲੇ ਸਮਿਆਂ ਵਿਚ ਭਾਵੇਂ ਟੈਲੀਫੋਨ ਨਹੀਂ ਸੀ ਹੁੰਦੇ ਪਰ ਫਿਰ ਵੀ ਮਾਮੇ ਮਾਸੀਆਂ ਨੂੰ ਆਪਣੇ ਭਾਣਜੇ, ਭਾਣਜੀਆਂ ਦੇ ਆਉਣ ਦੀ ਪੂਰੀ ਉਡੀਕ ਹੁੰਦੀ ਸੀ ਕਿਉਂਕਿ ਜੂਨ ਦੀਆਂ ਛੁੱਟੀਆਂ ਵਿਚ ਹਰ ਇਕ ਨੇ ਆਪਣੇ ਨਾਨਕੇ ਜ਼ਰੂਰ ਆਉਣਾ ਜਾਣਾ ਹੁੰਦਾ ਸੀ ਪਰ ਅੱਜ ਕੱਲ੍ਹ ਇਹ ਸਭ ਚਾਅ ਘਟਦੇ ਜਾ ਰਹੇ ਨੇ। ਅੱਜ ਨਾ ਤਾਂ ਕੋਈ ਪਹਿਲਾਂ ਵਾਂਗੂ ਉਡੀਕ ਕਰਦਾ ਤੇ ਨਾ ਹੀ ਬਹੁਤੀ ਨਾਨਕੇ ਜਾਣ ਨੂੰ ਤਰਜੀਹ ਦੇ ਦਿੰਦਾ ਹੈ ਜਿਵੇਂ ਹਰ ਥਾਂ 'ਤੇ ਬੱਚਿਆਂ ਨੂੰ ਪਿਤਾ ਦੇ ਨਾਂ 'ਤੇ ਜਾਣਿਆ ਜਾਂਦਾ ਹੈ ਪਰ ਨਾਨਕੀ ਜਾ ਕੇ ਬੱਚਿਆਂ ਦੀ ਵੱਖਰੀ ਪਛਾਣ ਹੁੰਦੀ ਹੈ। ਇੱਥੇ ਉਨ੍ਹਾਂ ਨੂੰ ਮਾਵਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਨਾਨਕਿਓਂ ਆਉਣ ਲੱਗਿਆਂ ਨੂੰ ਨਾਨੀ ਵੱਲੋਂ ਕੱਪੜੇ, ਨਗਦੀ, ਹੋਰ ਖਾਣ ਪੀਣ ਦੇ ਸਮਾਨ ਵਿਚ ਘਰ ਦੇ ਬਣਾਏ ਹੋਏ ਬਿਸਕੁਟ, ਸੇਵੀਆਂ ਆਦਿ ਦਿੱਤੇ ਜਾਂਦੇ ਸਨ। ਜ਼ਿਆਦਾ ਤਰ ਪਹਿਲੇ ਬੱਚੇ ਨੂੰ ਨਾਨਕਿਆ ਵੱਲੋਂ ਹੀ ਪਾਲਿਆ ਜਾਂਦਾ ਸੀ। ਇਸ ਦੇ ਨਾਲ-ਨਾਲ 7 ਜਾਂ 9 ਸਾਲ ਦੀ ਉਮਰ ਵਿਚ ਪੱਗ ਬਣਾਈ ਦੀ ਰਸਮ ਵੀ ਨਾਨਕਿਆਂ ਵੱਲੋਂ ਹੀ ਕੀਤੀ ਜਾਂਦੀ ਸੀ। ਪਹਿਲੇ ਵਿਆਹ ਦੇ ਖ਼ਰਚ ਦਾ ਕੁਝ ਹਿੱਸਾ ਨਾਨਕਿਆਂ ਵੱਲੋਂ ਕੀਤਾ ਜਾਂਦਾ ਸੀ । ਜਿਸ ਨੂੰ ਨਾਨਕੀ ਸ਼ੱਕ ਆਖਦੇ ਸਨ ਪਰ ਅੱਜ ਕੱਲ੍ਹ ਸਾਡੀਆਂ ਲੋੜਾਂ, ਮਜਬੂਰੀਆਂ, ਮਹਿਗਾਈ ਤੇ ਲਾਲਚਾ ਨੇ ਸਾਡੇ ਰਿਸ਼ਤਿਆਂ ਨੂੰ ਤਹਿਸ-ਨਹਿਸ ਕਰ ਕੇ ਸਾਡੇ ਪੱਕੇ ਪਵਿੱਤਰ ਰਿਸ਼ਤਿਆਂ ਵਿਚ ਭਾਈਚਾਰਕ ਸਾਂਝ ਵਰਗੇ ਵਰਤਾਰੇ ਤੇ ਪਿਆਰ ਨੂੰ ਜਿਉਂਦਾ ਨਹੀਂ ਰਹਿਣ ਦਿੱਤਾ। ਲੱਗਦਾ ਏ ਹੁਣ ਸਾਡੀ ਆਪ ਮੋਹਾਰੀ ਜ਼ਿੰਦਗੀ ਵਿਚ ਸਾਡੇ ਵਰਤਾਰੇ ਤੇ ਪਿਆਰ ਸਾਥੋਂ ਕੋਹਾਂ ਦੂਰ ਚਲੇ ਗਏ ਹਨ।



• **ਰੇਸ਼ਮ ਸਿੰਘ**, 98151-53111

# ਜੁੱਤੀ ਕਸੂਰੀ ਪੈਰੀਂ ਨਾ ਪੂਰੀ...

ਜੇ. ਐੱਸ. ਬਲਿਆਲਵੀ

ਪੰਜਾਬੀ ਜੁੱਤੀ ਦਾ ਗੜ੍ਹ ਰਿਹਾ ਅਣਵੰਡੇ ਪੰਜਾਬ ਵੇਲੇ ਦਾ ਕਸੂਰ ਸ਼ਹਿਰ। ਲੋਕ ਬੋਲੀਆ ਵਿਚ ਇਸ ਦਾ ਜ਼ਿਕਰ ਅਜੇ ਵੀ ਕਾਇਮ ਹੈ। 'ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ਤੋਰਨਾ ਪਿਆ' ਗੀਤ ਤੁਸੀਂ ਸੁਣਿਆ ਹੀ ਹੋਵੇਗਾ। ਕਿੰਨਾ ਮਿੱਠਾ ਹੈ ਇਹ ਗੀਤ। ਮਨ ਦੇ ਵਲਵਲੇ ਕਿਸ ਤਰ੍ਹਾਂ ਦਰਸਾਏ ਗਏ ਨੇ ਇਸ ਗੀਤ ਵਿਚ। ਜੁੱਤੀ ਨਾਲ ਜੁੜਿਆ ਇਹ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਨੂੰ ਚੰਗਾ ਲੱਗਦਾ ਹੈ। ਭਾਵੇਂ ਜੁੱਤੀ ਦਾ ਰਿਵਾਜ ਪਹਿਲਾ ਦੇ ਮੁਕਾਬਲੇ ਬਹੁਤ ਘੱਟ ਰਿਹੈ ਤੇ ਜੁੱਤੀ ਲੋੜ ਦੀ ਥਾਂ ਫ਼ੈਸ਼ਨ ਦਾ ਹਿੱਸਾ ਬਣਦੀ ਜਾ ਰਹੀ ਹੈ ਪਰ ਕਿਸੇ ਵੇਲੇ ਕਸੂਰ ਸ਼ਹਿਰ ਤੋਂ ਇਲਾਵਾ ਮੁਕਤਸਰ, ਪਟਿਆਲਾ, ਕਪੂਰਥਲਾ ਤੇ ਅੰਮ੍ਰਿਤਸਰ ਦੀ ਬਣੀ ਜੁੱਤੀ ਦੀ ਵੀ ਵਧੇਰੇ ਅਹਿਮੀਅਤ ਹੁੰਦੀ ਸੀ। ਕੋਈ ਵੇਲਾ ਸੀ ਜਦੋਂ ਇੱਥੋਂ ਦੀ ਬਣੀ ਲਾਲ ਸੂਹੇ ਰੰਗ ਦੀ ਕੱਢਵੀ ਜੁੱਤੀ ਦੂਰ-ਦੂਰ ਤਕ ਮਸ਼ਹੂਰ ਸੀ। ਚੀਕੂੰ-ਚੀਕੂੰ ਕਰਦੀ ਉਹ ਜੁੱਤੀ ਦੂਜਿਆ ਉੱਪਰ ਪਹਿਨਣ ਵਾਲੇ ਦੇ ਵਿਅਕਤੀਤਵ ਦਾ ਵੱਖਰਾ ਪ੍ਰਭਾਵ ਛੱਡਦੀ ਸੀ ਤੇ ਸਾਰਿਆਂ ਦਾ ਧਿਆਨ ਆਪਣੇਂ ਵੱਲ ਖਿੱਚਦੀ ਸੀ। ਮਰਦ ਹੀ ਨਹੀਂ ਔਰਤਾਂ ਦੀ ਵੀ ਇਹ ਪਹਿਲੀ ਪਸੰਦ ਵਿਚ ਸ਼ਾਮਲ ਸੀ। ਅੱਜ ਦੇ ਸਮੇਂ ਇਹ ਵਿਰਲੇ ਟਾਵੇਂ ਨੌਜਵਾਨਾਂ ਦੇ ਸ਼ੌਕ ਤਕ ਹੀ ਸੀਮਤ ਹੋ ਕੇ ਰਹਿ ਗਈ ਹੈ। ਕਿਉਂਕਿ ਹੁਣ ਦੀ ਨਵੀਂ ਪਨੀਰੀ ਤੋਂ ਲੈ ਕੇ ਕਿਸੇ ਅਧੇੜ੍ਹ ਉਮਰ ਦੇ ਮਰਦ ਤਕ ਕੁੜਤੇ-ਪਜਮੇ ਦੀ ਥਾਂ ਫੈਸ਼ਨ ਮੁਤਾਬਕ ਪੈਂਟ-ਸ਼ਰਟ ਪਉਂਦੇ ਹਨ ਤੇ ਪੈਂਟ-ਸ਼ਰਟ ਨਾਲ ਜੁੱਤੀ ਦਾ ਕੀ ਮੇਲ, ਇਸ ਕਰਕੇ ਵੀ ਸ਼ਾਇਦ ਜੁੱਤੀ ਪਹਿਨਣ ਦਾ ਸ਼ੌਕ ਘੱਟਦਾ ਜਾ ਰਿਹਾ ਹੈ।



ਪਹਿਲੇਂ ਸਮਿਆਂ 'ਚ ਵਿਆਹ-ਸ਼ਾਦੀਆਂ, ਮੇਲਿਆਂ ਜਾਂ ਹੋਰ ਦਿਨਾਂ ਤਿਉਹਾਰਾਂ 'ਤੇ ਜੁੱਤੀ ਨੂੰ ਤੋਹਫ਼ੇ ਵੱਜੋਂ ਘਰ ਲਿਆਂਦਾ ਜਾਂਦਾ ਸੀ। ਇਹ ਮੌਕਿਆਂ 'ਤੇ ਗੱਭਰੂਆਂ ਦੇ ਪੈਰਾਂ ਵਿਚ ਸਜੀ ਕੱਢਵੀ ਜੁੱਤੀ ਇੰਨੀਂ ਜੱਚਦੀ ਹੈ ਕਿ ਦੇਖਣ ਵਾਲੇ ਦੇਖਦੇ ਹੀ ਰਹਿ ਜਾਂਦੇ। ਉਸ ਵੇਲੇ ਦੇ ਕਰੀਗਰ ਸਾਦੀਆਂ, ਵੱਖ-ਵੱਖ ਕਲਾਕਿਰਤੀਆਂ ਵਾਲੀਆਂ ਅਨੇਕਾਂ ਹੀ ਕਿਸਮ ਦੀਆਂ ਜੁੱਤੀਆਂ ਤਿਆਰ ਕਰਦੇ ਰਹੇ ਹਨ। ਪੰਜਾਬੀਆਂ ਵੱਲੋਂ ਜ਼ਿਆਦਾਤਰ ਮੌਜਾ, ਨੋਕ ਵਾਲੀ ਜੁੱਤੀ ਅਤੇ ਉਲਟਵੀ ਨੋਕ ਵਾਲੀ ਜੁੱਤੀ ਪਸੰਦ ਕੀਤੀ ਜਾਂਦੀ ਸੀ। ਤਿੱਲੇਦਾਰ ਜੁੱਤੀ ਦੀ ਮੰਗ ਅੱਜ ਵੀ ਗੱਭਰੂਆਂ ਵੱਲੋਂ ਕੀਤੀ ਜਾਂਦੀ ਹੈ। ਮਲਵਈ ਜੁੱਤੀਆਂ ਮੱਧਵਰਗੀ ਪਰਿਵਾਰਾਂ ਵੱਲੋਂ ਪਸੰਦ ਕੀਤੀਆਂ ਜਾਂਦੀਆਂ ਸਨ। ਇਹ ਜੁੱਤੀਆਂ ਤਿੱਲੇਦਾਰ ਜੁੱਤੀ ਨਾਲੋਂ ਵਧੇਰੇ ਮਜ਼ਬੂਤ ਅਤੇ ਮਹਿੰਗੀਆਂ ਹੁੰਦੀਆਂ ਸਨ। ਰਾਜੇ-ਮਹਾਰਾਜੇ ਜੁੱਤੀਆਂ ਉਪਰ ਕਾਰੀਗਰਾਂ ਪਾਸੋਂ ਤਿੱਲੇ ਦੀ ਥਾਂ ਸੋਨੇਂ ਅਤੇ ਚਾਂਦੀ ਦੀਆਂ ਤਾਰਾਂ ਦੀ ਕੱਢਵਾਈ ਕਰਵਾਉਦੇ ਸਨ। ਇਕ ਜੋੜੀ ਜੁੱਤੀ ਨੂੰ ਤਿਆਰ ਕਰਨ ਵਿਚ ਇਕ ਕਾਰੀਗਰ ਦੇ 30 ਤੋਂ 40 ਦਿਨ ਲੱਗ ਜਾਂਦੇ ਸਨ। ਅੱਜ ਮਹਿੰਗਾਈ ਦੇ ਦੌਰ 'ਚ ਦੇਸੀ ਜੁੱਤੀਆ ਦੀ ਬਹੁਤੀ ਕਦਰ ਨਹੀਂ ਰਹੀ। ਭਾਵੇਂ ਕੁਝ ਲੋਕ ਅੱਜ ਵੀ ਬੂਟਾਂ ਦੇ ਤਸਮੇ ਖੋਲਣ-ਬੰਨ੍ਹਣ ਨਾਲੋਂ ਜੁੱਤੀ ਪਹਿਨਣਾ ਪਸੰਦ ਕਰਦੇ ਹਨ। ਬੀਤੇ ਸਮਿਆਂ 'ਚ ਜੁੱਤੀਆਂ ਤਿਆਰ ਕਰਨ ਵਾਲਿਆ ਦੀਆਂ ਦੁਕਾਨਾਂ ਵਿਚ ਰੌਣਕਾਂ ਲੱਗੀਆਂ ਰਹਿੰਦੀਆਂ ਸਨ ਪਰ ਅੱਜ ਉਨ੍ਹਾਂ 'ਤੇ ਇੱਕੜ-ਦੁੱਕੜ ਲੋਕ ਹੀ ਨਜ਼ਰ ਆਉਂਦੇ ਹਨ। •

99886-68608

# ਦੁੱਖ-ਸੁੱਖ ਦੀ ਸਾਂਝ

ਦੁਨੀਆ ਦੀ ਸਭ ਤੋਂ ਪਿਆਰੀ ਜਗ੍ਹਾ ਘਰ ਹੁੰਦੀ ਹੈ। ਘਰ ਵਿਚ ਪਿਆਰੇ ਰਿਸ਼ਤੇ ਤੇ ਇਨ੍ਹਾਂ ਰਿਸ਼ਤਿਆਂ ਵਿਚ ਅਸੀਂ ਆਪਸੀ ਪਿਆਰ ਅਤੇ ਦੁੱਖ-ਸੁੱਖ ਦੀ ਸਾਂਝ ਕਰਕੇ ਜੁੜੇ ਰਹਿੰਦੇ ਹਾਂ। ਘਰ ਵਿਚ ਕਈ ਇਨਸਾਨ ਰਹਿੰਦੇ ਹਨ। ਉਨ੍ਹਾਂ ਵਿੱਚੋਂ ਜੇਕਰ ਕਿਸੇ ਇਕ ਨੂੰ ਤਕਲੀਫ਼ ਹੁੰਦੀ ਸੀ ਤਾਂ ਸਿਸਕਦੇ ਸਾਰੇ ਸਨ। ਅੱਥਰੂ ਹਰ ਇਕ ਦੀ ਅੱਖ ਵਿੱਚੋਂ ਝਲਕਦਾ ਸੀ। ਸ਼ਾਇਦ ਇਹ ਹੀ ਕਾਰਨ ਹੈ ਕਿ ਸਾਡੇ ਪੂਰਵਜ ਆਰੀਅਨ ਲੋਕ ਲੰਮੀ ਉਮਰ ਪਾਉਣ ਤੇ ਇਸ ਘਰ ਦੇ ਨਿੱਘ ਨੂੰ ਮਾਣਨ ਲਈ ਯੱਗ ਤੇ ਬਲੀਆਂ ਕਰਦੇ ਸਨ। ਉਹ ਸੰਸਾਰ ਤੇ ਇਸ ਦੇ ਰਿਸ਼ਤਿਆਂ ਨੂੰ ਮਾਣਨਾ ਚਾਹੁੰਦੇ ਸਨ। ਸ਼ਾਇਦ ਇਸ ਕਰਕੇ ਬਾਅਦ ਵਿਚ ਮਨੁੱਖ ਨੇ ਆਪਣੇ ਪੂਰਵਜਾਂ ਦੀ ਪੂਜਾ ਕਰਨੀ ਸ਼ੁਰੂ ਕੀਤੀ ਕਿ ਉਹ ਉਨ੍ਹਾਂ ਨੂੰ ਸੰਸਾਰਿਕ ਸੁੱਖ ਪ੍ਰਦਾਨ ਕਰਨਗੇ ਕਿਉਂਕਿ ਉਨ੍ਹਾਂ ਦੀ ਆਪਣੇ ਪੂਰਵਜਾਂ ਨਾਲ ਖ਼ੂਨ ਦੀ ਸਾਂਝ ਦੇ ਨਾਲ-ਨਾਲ ਦੁੱਖ-ਸੁੱਖ ਦੀ ਸਾਂਝ ਵੀ ਹੈ। ਦੁਨੀਆ ਦੀ ਇਸ ਪਿਆਰੀ ਜਗ੍ਹਾ ਘਰ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ। ਜਿੱਥੇ ਖ਼ੂਨ ਦੇ ਤੌਰ 'ਤੇ ਸਾਡੀ ਸਾਂਝ ਹੈ ਪਰ ਦੁੱਖ-ਸੁੱਖ ਵਿਚ ਅਸੀਂ ਅਲੱਗ ਹਾਂ। ਇਹੀ ਕਾਰਨ ਹੈ ਕਿ ਅੱਜ ਕੱਲ੍ਹ ਘਰ ਟੁੱਟ ਰਹੇ ਹਨ, ਰਿਸ਼ਤੇ ਤਿੜਕਦੇ ਜਾਂ ਰਹੇ ਹਨ। ਇਕ ਘਰ ਦੇ ਮੈਂਬਰ ਵੀ ਆਪਸ ਵਿਚ ਫੋਨ 'ਤੇ ਮਿਲਦੇ ਹਨ। ਸਾਰੇ ਰਿਸ਼ਤਿਆਂ ਵਿਚ ਕੇਵਲ ਰਸਮੀ ਸਾਂਝ ਤੇ ਅਪਣੱਤ ਰਹਿ ਗਈ ਹੈ। ਅਜੋਕੇ ਸਮੇਂ ਘਰਾਂ ਵਿਚਲੀ ਸਾਂਝ ਤੇ ਪਿਆਰ ਦੀ ਥਾਂ ਈਰਖਾ ਤੇ ਗੁੱਸੇ ਨੇ ਲੈ ਲਈ ਹੈ। ਜੇ ਦੇਖਿਆ ਜਾਵੇ ਤਾਂ ਇਹ ਸਾੜਾ ਕੇਵਲ ਭੈਣ ਭਰਾ ਦੇ ਰਿਸ਼ਤੇ ਵਿਚ ਹੀ ਨਹੀਂ ਸਗੋਂ ਮਾਪਿਆਂ ਤੇ ਬੱਚਿਆਂ ਵਿਚਕਾਰ ਵੀ ਪਾਇਆ ਜਾਂਦਾ ਹੈ। ਪਹਿਲਾਂ ਘਰ ਦਾ ਮੁੱਢ ਇਸ ਦਾ ਸ਼ਿਕਾਰ ਹੁੰਦਾ ਹੈ। ਬੱਚੇ ਉਨ੍ਹਾਂ ਨੂੰ ਦੇਖ ਕੇ ਉਹੋ ਜਿਹਾ ਰੂਪ ਗ੍ਰਹਿਣ ਕਰਦੇ ਹਨ। ਤਿੜਕੇ ਰਿਸ਼ਤਿਆਂ ਵਾਲੇ ਘਰਾਂ ਵਿਚ ਪੈਦਾ ਹੋਏ ਬੱਚਿਆਂ ਲਈ ਇਨ੍ਹਾਂ ਤ੍ਰੇੜਾਂ ਨੂੰ ਭਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਉਹ ਸ਼ੁਰੂ ਤੋਂ ਇਕੱਲੇ ਰਹਿਣ ਦੇ ਆਦੀ ਹੋ ਚੁੱਕੇ ਹੁੰਦੇ ਹਨ ਫਿਰ ਉਹ ਕਿਸ ਤਰੀਕੇ ਨਾਲ ਆਪਣੀ ਸਾਂਝ ਸਥਾਪਿਤ ਕਰਨ। ਸ਼ਾਇਦ ਇਸ ਕਰਕੇ ਸੰਯੁਕਤ ਪਰਿਵਾਰ ਖ਼ਤਮ ਹੋ ਰਹੇ ਹਨ ਅਤੇ ਇਥੋਂ ਤੱਕ ਕਿ ਮਾਪੇ ਤੇ ਬੱਚੇ ਵੀ ਅਲੱਗ ਰਹਿ ਰਹੇ ਹਨ ਪਰ ਸੋਚਣ ਵਾਲੀ ਗੱਲ ਹੈ ਕਿ ਇਸ ਸਾਂਝ ਨੂੰ ਤੋੜਨ ਲਈ ਕੌਣ ਜ਼ਿੰਮੇਵਾਰ ਹੈ, ਸਮਾਜ, ਮਾਪੇ ਜਾ ਬੱਚੇ। ਅਕਸਰ ਸਮਾਜ ਤੇ ਬੱਚਿਆਂ ਨੂੰ ਇਸ ਦੇ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਪਰ ਕੀ ਕਦੇ ਅਸੀਂ ਇਹ ਸੋਚਣ ਦੀ ਕੋਸ਼ਿਸ਼ ਕੀਤੀ ਹੈ ਕਿ ਸਮਾਜ ਸਾਡੇ ਨਾਲ ਬਣਦਾ ਹੈ ਤੇ ਬੱਚਿਆਂ ਦੀ ਪਰਵਰਿਸ਼ ਵੀ ਅਸੀਂ ਕਰਦੇ ਹਾਂ ਫਿਰ ਇਸ ਸਭ ਲਈ ਜ਼ਿੰਮੇਵਾਰ ਕੌਣ? ਜੇਕਰ ਅਸੀਂ ਵੀ ਆਪਣੇ ਪੂਰਵਜਾਂ ਦੀ ਤਰ੍ਹਾਂ ਘਰ ਦੇ ਪਿਆਰ ਤੇ ਸਾਂਝ ਨੂੰ ਮਾਣਨਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਪਹਿਲਾਂ ਅਸੀਂ ਆਪਣੇ ਬਜ਼ੁਰਗਾਂ ਨਾਲ ਸਾਂਝ ਪਾਈਏ ਜਿਸ ਨਾਲ ਸਾਡੇ ਬੱਚਿਆਂ ਦੀ ਸੋਚ ਬਦਲੇਗੀ ਤੇ ਫਿਰ ਸਮਾਜ। ਇਸ ਤਰ੍ਹਾਂ ਸਾਂਝੇ ਘਰਾਂ ਵੱਲ ਆਪਣੇ ਕਦਮ ਵਧਾਈਏ ਤੇ ਫਿਰ ਤੋਂ ਘਰ ਦੀ ਨਿੱਘ ਨੂੰ ਮਾਣੀਏ।

• **ਰੁਪਿੰਦਰ ਕੌਰ ਕੰਗ**
94175-60707

# ਪੰਜਾਬੀ ਸੱਭਿਆਚਾਰ ਦੀਆਂ ਨਿਸ਼ਾਨੀਆਂ

ਪੰਜਾਬ ਦੀ ਅਮੀਰ ਸੱਭਿਅਤਾ ਦੀਆਂ ਅਨੇਕਾਂ ਵਰਤੋਂ ਵਾਲੀਆਂ ਨਿਸ਼ਾਨੀਆਂ ਲੋਪ ਹੁੰਦੀਆਂ ਜਾ ਰਹੀਆਂ ਹਨ। ਲੋਕ ਸਾਰੰਗੀਆਂ, ਅਲਗੋਜ਼ੇ, ਅਖਾੜੇ, ਝੂਮਰ, ਸੰਮੀ, ਫੁਲਕਾਰੀਆਂ, ਚਰਖੇ, ਪੱਖੀਆਂ, ਖੂਹ, ਲੋਕ ਗੀਤ, ਪਹਿਰਾਵਾ ਆਦਿ ਨਾਲੋਂ ਅਜੋਕਾ ਪੰਜਾਬੀ ਵੱਖ ਹੁੰਦਾ ਜਾ ਰਿਹਾ ਹੈ। ਅਸੀਂ ਦਿਨੋ-ਦਿਨ ਕੰਮਾਂ ਵਿਚ ਰੁੱਝੇ ਹੋਣ ਕਰਕੇ ਸੱਭਿਆਚਾਰ ਨੂੰ ਭੁੱਲ ਰਹੇ ਹਾਂ। ਅੱਜ ਕਲ੍ਹ ਦੀ ਨੌਜਵਾਨ ਪੀੜ੍ਹੀ ਬਰਗਰ, ਨੂਡਲਸ, ਪੀਜੇ ਵਰਗੀਆਂ ਚੀਜਾਂ ਖਾ ਕੇ ਬਿਮਾਰੀ ਨੂੰ ਸੱਦਾ ਦੇ ਰਹੀ ਹੈ। ਘਰੇਲੂ ਖਾਣੇ ਦੀ ਮਹੱਤਤਾ ਇਨ੍ਹਾਂ ਨੂੰ ਪਤਾ ਨਹੀਂ। ਗੱਲ ਕਰੀਏ ਫੁਲਕਾਰੀ, ਖੂਹ,ਟਿੰਡਾਂ, ਪਿੱਤਲ ਦੇ ਭਾਂਡੇ, ਦਰੀਆਂ, ਖੇਸ ਤੇ ਪੱਖੀਆਂ ਆਦਿ ਦੀ ਤਾਂ ਅੱਜ ਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਚੀਜ਼ਾਂ ਦੇ ਨਾਂ ਤਕ ਨਹੀਂ ਪਤਾ। ਮਨੁੱਖੀ ਜੀਵਨ ਵਿਚ ਤਕਨੀਕੀ ਵਿਕਾਸ ਨੇ ਜਿੱਥੇ ਇਕ ਪਾਸੇ ਜੀਵਨ ਸੌਖਾ ਕੀਤਾ ਹੈ ਉੱਥੇ ਹੀ ਕੁਦਰਤ ਤੋਂ ਮਨੁੱਖ ਦੀ ਦੂਰੀ ਵੀ ਵਧਾਈ ਹੈ। ਨਵੀਂ ਤਕਨਾਲੋਜੀ ਦੇ ਆਉਣ ਨਾਲ ਪੱਖੀ ਸਾਡੇ ਜੀਵਨ ਵਿੱਚੋਂ ਲਗਪਗ ਲੋਪ ਹੋ ਗਈ ਹੈ। ਡਿਨਰ ਸੈੱਟ 'ਤੇ ਵਧੀਆਂ ਭਾਂਡਿਆਂ ਦੀ ਵਰਤੋਂ ਘਰ ਵਿਚ ਹੋਣ ਨਾਲ ਪਿੱਤਲ ਦੇ ਭਾਂਡਿਆਂ ਨੂੰ ਕੋਈ ਨਹੀਂ ਪੁੱਛਦਾ। ਸਰਦੀਆਂ ਵਿਚ ਕਮਰਿਆਂ ਵਿਚ ਹੀਟਰ ਹੋਣਗੇ, ਗਰਮ ਕੰਬਲ ਹੋਣਗੇ ਤੇ ਖੇਸਾਂ ਦੀ ਪਛਾਣ ਕਿੱਥੋਂ ਹੋਵੇਗੀ? ਅੱਜ ਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਤੋਂ ਇਲਾਵਾ ਕਣਕ ਦੇ ਸਿੱਟਿਆਂ ਤਕ ਦਾ ਪਤਾ ਨਹੀਂ ਹੈ।ਹੁਣ ਗੱਲ ਕਰੀਏ ਮਾਂ-ਬੋਲੀ ਦੀ, ਲੋਕ ਆਪਣੀ ਮਾਂ-ਬੋਲੀ ਨੂੰ ਦਿਨੋ-ਦਿਨ ਵਿਸਾਰਦੇ ਜਾ ਰਹੇ ਹਨ। ਬੱਚੇ ਤੇ ਨੌਜਵਾਨ ਸਭ ਘਰੋਂ ਬਾਹਰ ਜਾ ਕੇ ਪੰਜਾਬੀ ਬੋਲਣ ਵਿਚ ਹੇਠੀ ਮਹਿਸੂਸ ਕਰਦੇ ਹਨ। ਮਾਤਾ-ਪਿਤਾ ਵੀ ਦੇਖੋ-ਦੇਖੀ ਸਮਾਜਿਕ ਪ੍ਰਭਾਵ ਅਧੀਨ ਆਪਣੇ ਬੱਚਿਆਂ ਨੂੰ ਅੰਗਰੇਜ਼ੀ, ਹਿੰਦੀ ਬੋਲਣ ਲਈ ਪ੍ਰੇਰਿਤ ਕਰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮਾਂ-ਬੋਲੀ ਨਾਲ ਜੋੜੀ ਰੱਖਣ ਤਾਂ ਹੀ ਬੱਚਿਆਂ ਵਿਚ ਮਾਂ-ਬੋਲੀ ਪ੍ਰਤੀ ਹੀਣ ਭਾਵਨਾ ਪੈਦਾ ਨਹੀਂ ਹੋਵੇਗੀ। ਮਾਂ-ਬੋਲੀ ਦੇ ਨਾਲ-ਨਾਲ ਸਾਡੇ ਰਹਿਣ-ਸਹਿਣ, ਪਹਿਰਾਵੇ ਅਤੇ ਖੇਡਾਂ ਵਿਚ ਵੀ ਤਬਦੀਲੀ ਆ ਰਹੀ ਹੈ। ਅਜੋਕੇ ਸਮੇਂ ਬੱਚਿਆਂ, ਨੌਜਵਾਨਾਂਨੂੰ ਕੋਟਲਾ ਛਪਾਕੀ, ਗੁੱਲੀ ਡੰਡਾ ਵਰਗੀਆਂ ਖੇਡਾਂ ਬਾਰੇ ਕੁਝ ਵੀ ਪਤਾ ਨਹੀਂ ਹੈ। ਪੁਰਾਤਨ ਯੁੱਗ ਦੇ ਪਹਿਰਾਵੇ ਤੇ ਆਧੁਨਿਕ ਯੁੱਗ ਦੇ ਪਹਿਰਾਵੇ ਵਿਚ ਢੇਰ ਸਾਰਾ ਅੰਤਰ ਆ ਗਿਆ ਹੈ। ਪਹਿਲਾਂ ਸਲਵਾਰ-ਕਮੀਜ਼ ਤੇ ਧੋਤੀ-ਕੁੜ੍ਹਤੇ, ਪੈਂਟ-ਕਮੀਜ਼ ਦਾ ਰਿਵਾਜ ਸੀ ਨੌਜਵਾਨ ਪੀੜ੍ਹੀ ਦਾ ਪਹਿਰਾਵਾ ਵੱਖਰੀ ਕਿਸਮ ਦਾ ਹੈ। ਉਨ੍ਹਾਂ ਲਈ ਪਹਿਰਾਵਾ ਇਕ ਹੁਨਰ ਬਣ ਗਿਆ ਹੈ। ਅਜਿਹੇ ਮਾਹੌਲ ਵਿਚ ਉਹ ਸੱਭਿਆਚਾਰ ਤੇ ਪੰਜਾਬੀ ਪਹਿਰਾਵੇ ਬਾਰੇ ਕਿੱਥੋਂ ਜਾਣੂ ਹੋਣਗੇ? ਹੁਣ ਕੋਈ ਵੀ ਪਰਿਵਾਰ ਬਜ਼ੁਰਗਾਂ ਦੀ ਗੱਲ ਨੂੰ ਨਹੀਂ ਸਹਾਰਦਾ। ਉਨ੍ਹਾਂ ਨੂੰ ਪਹਿਲਾ ਵਰਗਾ ਸਤਿਕਾਰ ਨਹੀਂ ਦਿੱਤਾ ਜਾਂਦਾ।



ਅਜੋਕੇ ਸਮੇਂ ਵਿਚ ਲੋੜ ਹੈ ਜਾਗਰੂਕਤਾ ਦੀ ਕਿਉਂਕਿ ਆਧੁਨਿਕ ਤਬਦੀਲੀ ਨੇ ਸਾਡੇ ਸੱਭਿਆਚਾਰ ਦੀ ਮਹੱਤਤਾ ਨੂੰ ਘਟਾ ਦਿੱਤਾ ਹੈ। ਸੰਸਾਰ ਭਰ ਦੇ ਵਿਦਵਾਨ ਮੰਨਦੇ ਹਨ ਕਿ ਬੱਚੇ ਦੀ ਸ਼ਖ਼ਸੀਅਤ ਦਾ ਤਾਂ ਹੀ ਸਹੀ ਵਿਕਾਸ ਹੋਵੇਗਾ, ਜੇ ਉਨ੍ਹਾਂ ਦੀ ਮੁੱਢਲੀ ਸਿੱਖਿਆ ਮਾਂ-ਬੋਲੀ ਵਿਚ ਹੋਵੇਗੀ। ਜੇ ਇਸੇ ਤਰ੍ਹਾਂ ਅਸੀਂ ਸੱਭਿਆਚਾਰ ਨੂੰ ਵਿਸਾਰਦੇ ਗਏ ਤਾਂ ਇਕ ਦਿਨ ਅਸੀਂ ਸੱਭਿਆਚਾਰ ਪੱਛਮੀ ਪ੍ਰਭਾਵ ਹੇਠ ਗੁਆ ਕੇ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਵਾਂਗੇ। ਤਰੱਕੀ ਹਰ ਸਮਾਜ ਲਈ ਜ਼ਰੂਰੀ ਹੈ ਪਰ ਸਾਨੂੰ ਆਪਣਾ ਸੱਭਿਆਚਾਰ ਵੀ ਸੰਭਾਲ ਕੇ ਰੱਖਣਾ ਜ਼ਰੂਰੀ ਹੈ। ਕੋਈ ਦਰਖ਼ਤ ਆਪਣੀ ਜੜ੍ਹ ਤੋਂ ਉੱਖੜ ਕੇ ਵਧ ਫੁੱਲ ਨਹੀਂ ਸਕਦਾ ਤੇ ਨਾ ਹੀ ਕੋਈ ਪੰਛੀ ਟੁੱਟੇ ਖੰਭਾਂ ਨਾਲ ਪਰਵਾਜ਼ ਭਰ ਸਕਦਾ ਹੈ।

• **ਸੰਦੀਪ ਕੌਰ ਹਿਮਾਂਯੂੰਪੁਰਾ**
97816-60021

ਕੌਮੀ ਪਤ੍ਰਿਕਾ

## ਸੰਪਾਦਕੀ

# ਨਸ਼ੀਲੇ ਪਦਾਰਥਾਂ ਵਿਰੁੱਧ ਚੱਲ ਰਹੀ ਲੜਾਈ ਵਿੱਚ ਇੱਕ ਚਿੰਤਾਜਨਕ ਵਿਸ਼ਾ

ਪੰਜਾਬ ਦਾ ਸਰਹੱਦੀ ਖੇਤਰ ਨਸ਼ੀਲੇ ਪਦਾਰਥਾਂ ਵਿਰੁੱਧ ਭਾਰਤ ਦੀ ਲੰਮੇ ਸਮੇਂ ਤੋਂ ਚੱਲ ਰਹੀ ਲੜਾਈ ਵਿੱਚ ਇੱਕ ਚਿੰਤਾਜਨਕ ਅਤੇ ਬਹੁਤ ਹੀ ਮਾੜਾ ਰੁਝਾਨ ਦੇਖ ਰਿਹਾ ਹੈ, ਜਿੱਥੇ ਪਾਕਿਸਤਾਨ ਦੇ ਨਸ਼ਾ ਤਸਕਰ ਗਰੋਹ ਵਿਆਪਕ ਪੱਧਰ 'ਤੇ ਨਾਬਾਲਗਾਂ ਨੂੰ ਆਪਣੇ ਮਕਸਦ ਲਈ ਵਰਤ ਰਹੇ ਹਨ। ਇਹ ਕੋਈ ਮਾਮੂਲੀ ਗੱਲ ਨਹੀਂ ਸਗੋਂ ਬਹੁਤ ਖ਼ਤਰਨਾਕ ਸਥਿਤੀ ਹੈ, ਜਿਸ ਵਿੱਚ ਦਿਨੋ-ਦਿਨ ਵਧ ਰਹੀ ਤਕਨੀਕੀ ਸਮਰੱਥਾ, ਕਾਨੂੰਨੀ ਚੋਰ-ਮੋਰੀਆਂ ਅਤੇ ਸਭ ਤੋਂ ਵੱਧ ਬੱਚਿਆਂ ਦੇ ਭੋਲੇਪਣ ਨੂੰ ਆਪਣੇ ਫ਼ਾਇਦੇ ਲਈ ਵਰਤਿਆ ਜਾ ਰਿਹਾ ਹੈ। ਅੰਮ੍ਰਿਤਸਰ, ਤਰਨ ਤਾਰਨ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਦੇ ਨੌਜਵਾਨ- ਜਿਨ੍ਹਾਂ ਵਿੱਚੋਂ ਕਈ ਆਰਥਿਕ ਤੰਗੀ ਵਾਲੇ ਪਰਿਵਾਰਾਂ ਤੋਂ ਹਨ, ਨੂੰ ਕੁਝ ਹਜ਼ਾਰ ਰੁਪਏ, ਸਮਾਰਟਫੋਨ ਜਾਂ ਇਸ ਤੋਂ ਵੀ ਵੱਧ ਖ਼ਤਰਨਾਕ ਮੁਫ਼ਤ ਨਸ਼ਿਆਂ ਦਾ ਲਾਲਚ ਦਿੱਤਾ ਜਾਂਦਾ ਹੈ। ਇਨ੍ਹਾਂ ਨਾਬਾਲਗਾਂ ਦਾ ਕੰਮ ਸਾਧਾਰਨ ਪਰ ਖ਼ਤਰਨਾਕ ਹੁੰਦਾ ਹੈ: ਡਰੋਨ ਰਾਹੀਂ ਸੁੱਟੇ ਗਏ ਹੈਰੋਇਨ ਦੇ ਪੈਕੇਟਾਂ ਜਾਂ ਕੁਝ ਮਾਮਲਿਆਂ ਵਿੱਚ ਗ਼ੈਰ-ਕਾਨੂੰਨੀ ਹਥਿਆਰਾਂ ਨੂੰ ਇਕੱਠਾ ਕਰਨਾ। ਰਿਕਾਰਡ ਸਾਫ਼-ਸੁਥਰਾ ਹੋਣ ਕਰ ਕੇ ਇਹ ਜ਼ਿਆਦਾਤਰ ਪੁਲੀਸ ਤੇ ਹੋਰ ਸਰਹੱਦੀ ਸੁਰੱਖਿਆ ਏਜੰਸੀਆਂ ਦੀ ਨਿਗ੍ਹਾ ਤੋਂ ਬਚੇ ਰਹਿੰਦੇ ਹਨ। ਇਨ੍ਹਾਂ ਦੀ ਉਮਰ ਹੀ ਅਜਿਹੀ ਹੁੰਦੀ ਹੈ ਕਿ ਇਹ ਸਰਹੱਦ ਪਾਰ ਸੁਰੱਖਿਅਤ ਬੈਠੇ ਹੈਂਡਲਰਾਂ ਵੱਲੋਂ ਸੌਖਿਆਂ ਹੀ ਵਰਤ ਲਏ ਜਾਂਦੇ ਹਨ। ਇਹ ਅੱਲ੍ਹੜ ਬੱਚੇ ਅਪਰਾਧੀ ਨਹੀਂ ਸਗੋਂ ਪੀੜਤ ਹਨ। ਉਹ ਸੌਖੇ ਨਿਸ਼ਾਨੇ ਹਨ, ਜੋ ਸਰਹੱਦ ਪਾਰ ਬੁਣੇ ਗਏ ਅਪਰਾਧਕ ਢਾਂਚੇ ਦੇ ਜਾਲ ਵਿੱਚ ਫਸੇ ਹੋਏ ਹਨ। ਸਾਡੇ ਆਪਣੇ ਤੰਤਰ ਦੀਆਂ ਕਮਜ਼ੋਰੀਆਂ ਇਸ ਢਾਂਚੇ ਨੂੰ ਹੋਰ ਪਕੇਰਾ ਕਰਦੀਆਂ ਹਨ।

ਜੁਵੇਨਾਈਲ ਜਸਟਿਸ ਐਕਟ ਨਾਬਾਲਗਾਂ ਨੂੰ ਸੁਧਾਰਨ ਅਤੇ ਉਨ੍ਹਾਂ ਦੀ ਰੱਖਿਆ ਕਰਨ ਲਈ ਹੈ, ਪਰ ਇਸ ਦੀ ਭਾਵਨਾ ਨੂੰ ਸੰਗਠਿਤ ਗਰੋਹਾਂ ਦੁਆਰਾ ਹਥਿਆਰ ਬਣਾਇਆ ਜਾ ਰਿਹਾ ਹੈ ਜਿਹੜੇ ਜਾਣਦੇ ਹਨ ਕਿ ਬੱਚਿਆਂ ਨੂੰ ਗੰਭੀਰ ਸਿੱਟੇ ਨਹੀਂ ਭੁਗਤਣੇ ਪੈਣਗੇ। ਭਾਰਤ 20ਵੀਂ ਸਦੀ ਦੇ ਢੰਗ ਤਰੀਕਿਆਂ ਨਾਲ 21ਵੀਂ ਸਦੀ ਦੀ ਨਸ਼ਾ ਤਸਕਰੀ ਦਾ ਮੁਕਾਬਲਾ ਨਹੀਂ ਕਰ ਸਕਦਾ। ਕਦੇ-ਕਦਾਈਂ ਗ੍ਰਿਫ਼ਤਾਰੀਆਂ, ਛਾਪੇਮਾਰੀ ਅਤੇ ਮਹਿਜ਼ ਚਿਤਾਵਨੀਆਂ ਕਾਫ਼ੀ ਨਹੀਂ ਹਨ। ਜਵਾਬੀ ਕਾਰਵਾਈ ਖ਼ਤਰੇ ਦੇ ਪੈਮਾਨੇ ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ। ਸਰਹੱਦੀ ਨਿਗਰਾਨੀ ਉਪਕਰਨਾਂ ਦੇ ਫ਼ੌਰੀ ਆਧੁਨਿਕੀਕਰਨ ਦੀ ਲੋੜ ਹੈ। ਸਕੂਲਾਂ, ਪੰਚਾਇਤਾਂ, ਸਮਾਜਿਕ ਪ੍ਰਤੀਨਿਧੀਆਂ ਅਤੇ ਸਿਵਿਲ ਸੁਸਾਇਟੀ ਨੂੰ ਸ਼ੁਰੂਆਤੀ ਦੌਰ ਵਿੱਚ ਹੀ ਅੱਲ੍ਹੜ ਉਮਰ ਦੇ ਨੌਜਵਾਨਾਂ ਨੂੰ ਲੁਭਾਉਣ ਦੀਆਂ ਕੋਸ਼ਿਸ਼ਾਂ ਦੀ ਸ਼ਨਾਖ਼ਤ ਕਰਨ ਲਈ ਚਿਤਾਵਨੀ ਤੰਤਰ ਵਿਕਸਤ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮਾਪਿਆਂ ਨੂੰ ਜਾਗਰੂਕ ਅਤੇ ਸਮਾਜ ਨੂੰ ਚੌਕਸ ਕਰਨ ਦੀ ਲੋੜ ਹੈ। ਜਿਨ੍ਹਾਂ ਨੌਜਵਾਨਾਂ ਨੂੰ ਖ਼ਤਰਾ ਹੈ, ਉਨ੍ਹਾਂ ਲਈ ਬਿਹਤਰ ਸਿੱਖਿਆ, ਹੁਨਰ ਅਤੇ ਵਿੱਤੀ ਸਹਾਇਤਾ ਯਕੀਨੀ ਬਣਾਈ ਜਾਵੇ ਤਾਂ ਜੋ ਉਨ੍ਹਾਂ ਕਮਜ਼ੋਰੀਆਂ ਨੂੰ ਦੂਰ ਕੀਤਾ ਜਾ ਸਕੇ ਜਿਨ੍ਹਾਂ ਦਾ ਨਸ਼ਾ ਤਸਕਰੀ ਗਰੋਹ ਲਾਹਾ ਲੈਂਦੇ ਹਨ।

ਨਾਬਾਲਗਾਂ ਦੀ ਇਸ ਤਰ੍ਹਾਂ ਦੀ ਵਰਤੋਂ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਅਤੇ ਭਾਰਤ ਦੀ ਸੁਰੱਖਿਆ 'ਤੇ ਹਮਲਾ ਹੈ। ਇਸ ਨਾਲ ਇੱਕ ਪੂਰੀ ਪੀੜ੍ਹੀ ਦੇ ਅਪਰਾਧ, ਨਸ਼ਿਆਂ ਤੇ ਬਦਨਾਮੀ ਦੇ ਚੱਕਰ ਵਿੱਚ ਉਲਝਣ ਦਾ ਖ਼ਤਰਾ ਪੈਦਾ ਹੁੰਦਾ ਹੈ। ਖ਼ਤਰੇ ਦੀ ਜ਼ਦ 'ਚ ਆਏ ਇਨ੍ਹਾਂ ਬੱਚਿਆਂ ਨੂੰ ਬਾਹਰ ਬੈਠੇ ਨਸ਼ੇ ਦੇ ਤਸਕਰਾਂ ਦੀ ਜਕੜ ਵਿੱਚੋਂ ਕੱਢਣ ਲਈ ਗੰਭੀਰਤਾ ਨਾਲ ਕੋਸ਼ਿਸ਼ਾਂ ਹੋਣੀਆਂ ਚਾਹੀਦੀਆਂ ਹਨ।

## ਕਾਂਟਰ ਬ੍ਰਾਂਡਸ ਦੀ ਭਾਰਤ ਦੇ ਸਭ ਤੋਂ ਕੀਮਤੀ ਬ੍ਰਾਂਡਾਂ 2025 ਦੀ ਸੂਚੀ ਵਿੱਚ ਐਚਡੀਐਫਸੀ ਬੈਂਕ ਪਹਿਲੇ ਸਥਾਨ 'ਤੇ ਹੈ

**ਚੰਡੀਗੜ੍ਹ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ, ਐਚਡੀਐਫਸੀ ਬੈਂਕ ਨੂੰ ਕਾਂਟਰ ਬ੍ਰਾਂਡਸ ਦੀ ਚੋਟੀ ਦੇ 100 ਸਭ ਤੋਂ ਕੀਮਤੀ ਭਾਰਤੀ ਬ੍ਰਾਂਡਾਂ ਦੀ ਰਿਪੋਰਟ ਦੇ ਅਨੁਸਾਰ ਦੇਸ਼ ਦੇ ਸਭ ਤੋਂ ਕੀਮਤੀ ਬ੍ਰਾਂਡ ਵਜੋਂ ਦਰਜਾ ਦਿੱਤਾ ਗਿਆ ਹੈ। ਇਹ ਮੁਲਾਂਕਣ ਬੈਂਕ ਦੀ ਡਿਜੀਟਲ ਨਵੀਨਤਾ ਅਤੇ ਗਾਹਕ-ਕੇਂਦ੍ਰਿਤ ਰਣਨੀਤੀ ਪ੍ਰਤੀ ਵਚਨਬੱਧਤਾ ਦੇ ਕਾਰਨ ਹੈ। ਐਚਡੀਐਫਸੀ ਬੈਂਕ ਦਾ ਬ੍ਰਾਂਡ ਮੁੱਲ 2024 ਵਿੱਚ £38.3 ਬਿਲੀਅਨ ਤੋਂ 18 ਪ੍ਰਤੀਸ਼ਤ ਵਧਣ ਦਾ ਅਨੁਮਾਨ ਹੈ, ਜੋ ਕਿ 2014 ਵਿੱਚ ਪਹਿਲੀ ਬ੍ਰਾਂਡਸ ਇੰਡੀਆ ਰਿਪੋਰਟ ਜਾਰੀ ਹੋਣ ਤੋਂ ਬਾਅਦ 377 ਪ੍ਰਤੀਸ਼ਤ ਵਾਧਾ ਦਰਸਾਉਂਦਾ ਹੈ। ਰਿਪੋਰਟ ਦੇ 12 ਸਾਲਾਂ ਵਿੱਚੋਂ ਅੱਠ ਵਿੱਚ ਬੈਂਕ ਨੂੰ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ। ਰੈਂਕਿੰਗ 'ਤੇ ਟਿੱਪਣੀ ਕਰਦੇ ਹੋਏ, ਸ਼੍ਰੀ ਰਵੀ ਸੰਥਾਨਮ, ਗਰੁੱਪ ਹੈੱਡ (ਬ੍ਰਾਂਡ, ਰਿਟੇਲ ਮਾਰਕੀਟਿੰਗ ਅਤੇ ਗਾਹਕ ਵਿਸ਼ਲੇਸ਼ਣ) ਅਤੇ ਮੁੱਖ ਮਾਰਕੀਟਿੰਗ ਅਫਸਰ, ਐਚਡੀਐਫਸੀ ਬੈਂਕ ਨੇ ਕਿਹਾ, ਸਾਨੂੰ ਦੁਆਰਾ ਦੇਸ਼ ਦੇ ਚੋਟੀ ਦੇ ਬ੍ਰਾਂਡਾਂ ਵਿੱਚੋਂ ਇੱਕ ਵਜੋਂ ਮਾਨਤਾ ਪ੍ਰਾਪਤ ਕਰਕੇ ਖੁਸ਼ੀ ਹੋ ਰਹੀ ਹੈ। ਸਾਡਾ ਮੰਤਰ ਆਪਣੇ ਸਿਧਾਂਤਾਂ ਪ੍ਰਤੀ ਸੱਚਾ ਰਹਿਣਾ, ਗਾਹਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਅਤੇ ਗਾਹਕ ਅਨੁਭਵ, ਸੁਰੱਖਿਆ ਅਤੇ ਵਿਸ਼ਵਾਸ 'ਤੇ ਮਿਆਰ ਨੂੰ ਵਧਾਉਣਾ ਜਾਰੀ ਰੱਖਣਾ ਹੈ। ਅਸੀਂ ਪਿਛਲੇ ਤਿੰਨ ਦਹਾਕਿਆਂ ਤੋਂ ਇਸ ਮਾਰਗ 'ਤੇ ਚੱਲ ਰਹੇ ਹਾਂ, ਗਾਹਕਾਂ ਨੂੰ ਪਹਿਲ ਦਿੰਦੇ ਹੋਏ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਵਿਕਾਸ ਕਰਦੇ ਹੋਏ। ਸਾਡੀਆਂ ਮੁਹਿੰਮਾਂ ਸੁਰੱਖਿਅਤ ਡਿਜੀਟਲ ਬੈਂਕਿੰਗ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ ਗਾਹਕ ਜਾਗਰੂਕਤਾ ਅਤੇ ਸਿੱਖਿਆ 'ਤੇ ਵੀ ਕੇਂਦ੍ਰਿਤ ਹਨ। ਇਹ ਮਾਨਤਾ ਬੈਂਕ ਦੇ ਸਾਰੇ ਕਰਮਚਾਰੀਆਂ ਦੇ ਸਮੂਹਿਕ ਯਤਨਾਂ ਨੂੰ ਦਰਸਾਉਂਦੀ ਹੈ। ਆਪਣੇ ਸੰਪਾਦਕੀ ਵਿੱਚ, Kantar ਨੇ ਕਿਹਾ, ਐਚਡੀਐਫਸੀ ਬੈਂਕ ਦਾ ਵਿਕਾਸ ਗਾਹਕਾਂ ਦੇ ਅਨੁਭਵ ਨੂੰ ਵਧਾਉਣ ਲਈ ਨਿਰੰਤਰ ਨਵੀਨਤਾ ਅਤੇ ਨਵੀਆਂ ਤਕਨਾਲੋਜੀਆਂ ਵਿੱਚ ਨਿਵੇਸ਼ ਦੁਆਰਾ ਚਲਾਇਆ ਗਿਆ ਹੈ, ਜਿਸ ਵਿੱਚ ਵਿਜਿਲ ਆਂਟੀ ਦੀ ਸ਼ੁਰੂਆਤ ਵੀ ਸ਼ਾਮਲ ਹੈ, ਇਸਦਾ ਸੁਪਰਹੀਰੋ-ਸ਼ੈਲੀ ਵਾਲਾ ਵਿਅਕਤੀ ਜੋ ਉਪਭੋਗਤਾਵਾਂ ਨੂੰ ਵਿੱਤੀ ਧੋਖਾਧੜੀ ਬਾਰੇ ਸਿੱਖਿਅਤ ਕਰਨ ਲਈ ਤਿਆਰ ਕੀਤਾ ਗਿਆ ਹੈ। ਡਿਜੀਟਲ ਬੈਂਕਿੰਗ ਪ੍ਰਤੀ ਮਜ਼ਬੂਤ ਵਚਨਬੱਧਤਾ ਦੇ ਨਾਲ, ਐਚਡੀਐਫਸੀ ਬੈਂਕ ਭਾਰਤ ਵਿੱਚ ਬ੍ਰਾਂਡ ਲੀਡਰਸ਼ਿਪ ਲਈ ਮਿਆਰ ਸਥਾਪਤ ਕਰਨਾ ਜਾਰੀ ਰੱਖਦਾ ਹੈ। ਕੰਟਾਰ ਬ੍ਰਾਂਡ ਇੱਕ ਖਪਤਕਾਰ-ਕੇਂਦ੍ਰਿਤ ਪਹੁੰਚ ਅਪਣਾਉਂਦੇ ਹਨ, ਵਿੱਤੀ ਮੁੱਲ (ਬ੍ਰਾਂਡ ਸੰਪਤੀਆਂ ਨਾਲ ਜੁੜੀ ਕਾਰਪੋਰੇਟ ਕਮਾਈ) ਅਤੇ ਬ੍ਰਾਂਡ ਯੋਗਦਾਨ (ਮੰਗ ਸ਼ਕਤੀ, ਕੀਮਤ ਸ਼ਕਤੀ, ਅਤੇ ਭਵਿੱਖ ਦੀ ਸ਼ਕਤੀ ਦੁਆਰਾ ਸੰਚਾਲਿਤ) ਨੂੰ ਜੋੜਦੇ ਹੋਏ। ਬੈਂਕ ਦੇ ਸੰਬੰਧ ਵਿੱਚ, ਰਿਪੋਰਟ ਅੱਗੇ ਕਹਿੰਦੀ ਹੈ, ਐਚਡੀਐਫਸੀ ਬੈਂਕ ਨੇ ਉਪਭੋਗਤਾ-ਕੇਂਦ੍ਰਿਤ ਨਵੀਨਤਾ ਦੁਆਰਾ ਆਪਣੇ ਬ੍ਰਾਂਡ ਮੁੱਲ ਨੂੰ ਵਧਾਇਆ ਹੈ। ਭੁਗਤਾਨਾਂ ਤੋਂ ਲੈ ਕੇ ਨਿੱਜੀ ਬੈਂਕਿੰਗ ਅਤੇ ਘਰ ਖਰੀਦਣ ਤੱਕ, ਐਚਡੀਐਫਸੀ ਬੈਂਕ ਜੀਵਨ ਦੀਆਂ ਜ਼ਰੂਰੀ ਚੀਜ਼ਾਂ ਨੂੰ ਸਰਲ ਬਣਾਉਣ ਦੇ ਨਵੇਂ ਤਰੀਕੇ ਲੱਭਦਾ ਹੈ। ਇਹਨਾਂ ਵਿੱਚੋਂ ਬਹੁਤ ਸਾਰੀਆਂ ਨਵੀਨਤਾਵਾਂ ਦਸਤਖਤ, ਮਾਲਕੀਯੋਗ ਬ੍ਰਾਂਡ ਸੰਪਤੀਆਂ ਨਾਲ ਜੁੜੀਆਂ ਹੋਈਆਂ ਹਨ। ਉਦਾਹਰਣ ਵਜੋਂ, ਬ੍ਰਾਂਡ ਦੇ ਬੈਂਕਿੰਗ ਕੌਰਸਪੌਂਡੈਂਟ ਸੈਂਟਰ ਅਤੇ ਈ-ਮਿੱਤਰਾ ਕਿਓਸਕ ਐਚਡੀਐਫਸੀ ਬੈਂਕ ਦੀਆਂ ਸੇਵਾਵਾਂ ਨੂੰ ਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਲਿਆਉਂਦੇ ਹਨ ਜਿੱਥੇ ਰਵਾਇਤੀ ਸ਼ਾਖਾਵਾਂ ਉਪਲਬਧ ਨਹੀਂ ਹਨ। ਰਿਪੋਰਟ ਅੱਗੇ ਕਹਿੰਦੀ ਹੈ, ਇਸਦੀ ਡਿਜੀਟਲ 'ਐਕਸਪ੍ਰੈਸ ਕਾਰ ਲੋਨ' ਸੇਵਾ ਇੱਕ ਉਦਯੋਗ-ਪਹਿਲੀ 30-ਮਿੰਟ ਦੀ ਗਰੰਟੀ ਦੇ ਨਾਲ ਆਉਂਦੀ ਹੈ, ਅਤੇ ਔਨਲਾਈਨ, ਐਚਡੀਐਫਸੀ ਦੀ ਵਿਜਿਲ ਆਂਟੀ ਵਿਅਕਤੀ ਲੋਕਾਂ ਨੂੰ ਸਾਈਬਰ ਸੁਰੱਖਿਆ ਦੇ ਸਭ ਤੋਂ ਵਧੀਆ ਅਭਿਆਸਾਂ ਬਾਰੇ ਸਿੱਖਿਅਤ ਕਰਦੀ ਹੈ ਅਤੇ ਬੈਂਕ ਦੀਆਂ ਸੁਰੱਖਿਆ ਵਿਸ਼ੇਸ਼ਤਾਵਾਂ ਨੂੰ ਉਜਾਗਰ ਕਰਦੀ ਹੈ। ਨਤੀਜਾ ਮਜ਼ਬੂਤ ਵਿਕਾਸ ਅਤੇ ਭਾਰਤ ਦੇ ਸਭ ਤੋਂ ਅਰਥਪੂਰਨ ਤੌਰ 'ਤੇ ਵੱਖਰੇ ਵਿੱਤੀ ਸੇਵਾਵਾਂ ਬ੍ਰਾਂਡ ਵਜੋਂ ਇੱਕ ਸਪੱਸ਼ਟ ਫਾਇਦਾ ਹੈ। ਇਹ ਸਾਲਾਨਾ ਰਿਪੋਰਟ ਕੰਟਾਰ ਦੇ ਇੱਕ ਵੱਡੇ ਖਪਤਕਾਰ ਅਧਾਰ ਦੀ ਖੋਜ 'ਤੇ ਅਧਾਰਤ ਹੈ।

# ਡੀ.ਏ.ਪੀ. ਖਾਦ ਦੀ ਕਮੀ ਵਰਗੀ ਸਮੱਸਿਆ ਨੂੰ ਆਪ ਸਰਕਾਰ ਨੇ ਕੀਤਾ ਛੇਤੀ ਹੱਲ : ਮਹਿੰਦਰ ਸਿੰਘ ਸਿੱਧੂ



**ਲੁਧਿਆਣਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਕਿਸਾਨ ਵਿੰਗ ਪੰਜਾਬ ਵੱਲੋਂ ਅੱਜ ਸਰਕਟ ਹਾਊਸ ਲੁਧਿਆਣਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕਿਸਾਨ ਵਿੰਗ ਪੰਜਾਬ ਦੇ ਪ੍ਰਧਾਨ ਸ. ਮਹਿੰਦਰ ਸਿੰਘ ਸਿੱਧੂ ਅਤੇ ਸੂਬਾ ਸਕੱਤਰ ਸ. ਗੁਰਜੀਤ ਸਿੰਘ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੋਵਾਂ ਆਗੂਆਂ ਨੇ ਦੱਸਿਆ ਕਿ ਕਿਸਾਨ ਵਿੰਗ ਨੇ ਪਹਿਲਾਂ ਹਲਕਾ ਪੱਧਰ 'ਤੇ ਪ੍ਰਧਾਨ ਨਿਯੁਕਤ ਕੀਤੇ ਸਨ। ਸੰਗਠਨ ਦੀ ਇਸ ਕਾਰਵਾਈ ਨੂੰ ਅੱਗੇ ਵਧਾਉਂਦੇ ਹੋਏ ਅਤੇ ਸੰਗਠਨ ਨੂੰ ਮਜ਼ਬੂਤ ਕਰਦੇ ਹੋਏ ਪੰਜਾਬ ਦੇ ਹਰ ਪਿੰਡ ਵਿੱਚ 11-11 ਮੈਂਬਰੀ ਕਮੇਟੀਆਂ ਬਣਾਈਆਂ ਜਾਣਗੀਆਂ।

ਇਨ੍ਹਾਂ ਕਮੇਟੀਆਂ ਦਾ ਮੁੱਖ ਕੰਮ ਹੋਵੇਗਾ ਕਿ ਪਿੰਡ ਵਿੱਚ ਕਿਸਾਨਾਂ ਨੂੰ ਆਉਂਦੀਆਂ ਕਿਸੇ ਵੀ ਤਰ੍ਹਾਂ ਦੀਆਂ ਸਮੱਸਿਆਵਾਂ (ਖਾਦ, ਬੀਜ, ਪਾਣੀ, ਬਿਜਲੀ, ਫਸਲੀ ਨੁਕਸਾਨ ਜਾਂ ਕੋਈ ਹੋਰ ਮੁੱਦਾ) ਨੂੰ ਤੁਰੰਤ ਨੋਟ ਕਰਕੇ ਕਿਸਾਨ ਵਿੰਗ ਪੰਜਾਬ ਤੱਕ ਪਹੁੰਚਾਇਆ ਜਾਵੇ ਤਾਂ ਜੋ ਉਹ ਸਮੱਸਿਆਵਾਂ ਸਿੱਧੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੱਕ ਪਹੁੰਚ ਸਕਣ ਅਤੇ ਤੁਰੰਤ ਹੱਲ ਕਰਵਾਇਆ ਜਾ ਸਕੇ।

ਆਗੂਆਂ ਨੇ ਯਾਦ ਕਰਵਾਇਆ ਕਿ ਪਿਛਲੇ ਦਿਨੀਂ ਡੀ.ਏ.ਪੀ. ਖਾਦ ਦੀ ਕਮੀ ਦੀ ਸਮੱਸਿਆ ਵੀ ਆਮ ਆਦਮੀ ਪਾਰਟੀ ਸਰਕਾਰ ਨੇ ਬਹੁਤ ਛੇਤੀ ਹੱਲ ਕੀਤੀ ਸੀ। ਉਨ੍ਹਾਂ ਕਿਹਾ ਕਿ ਸਾਡਾ ਮਕਸਦ ਹੈ ਕਿ ਕਿਸਾਨਾਂ ਨੂੰ ਕਿਤੇ ਵੀ ਕੋਈ ਮੁਸ਼ਕਿਲ ਨਾ ਆਵੇ ਅਤੇ ਉਹ ਖੁਸ਼ਹਾਲ ਰਹਿਣ। ਜੇਕਰ ਕਿਸਾਨ ਖੁਸ਼ਹਾਲ ਰਹੇਗਾ ਤਾਂ ਹੀ ਪੰਜਾਬ ਸਰਕਾਰ ਦਾ ਖੁਸ਼ਹਾਲ ਪੰਜਾਬ ਦਾ ਸੁਪਨਾ ਸਾਕਾਰ ਹੋ ਸਕੇਗਾ।

ਇਸ ਮੌਕੇ ਵੱਡੀ ਗਿਣਤੀ ਵਿੱਚ ਕਿਸਾਨ ਵਿੰਗ ਦੇ ਜ਼ਿਲ੍ਹਾ ਅਤੇ ਹਲਕਾ ਪੱਧਰੀ ਆਗੂ ਹਾਜ਼ਰ ਸਨ।

# ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸੰਗਤਾਂ ਲਈ ਕੀਤੇ ਪ੍ਰਬੰਧਾਂ ਦੀ ਲਗਾਤਾਰ ਸਮੀਖਿਆਂ

**ਸ੍ਰੀ ਆਨੰਦਪੁਰ ਸਾਹਿਬ,29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਸਮਾਗਮਾਂ ਅਤੇ ਭਾਰੀ ਗਿਣਤੀ ਸੰਗਤ ਦੀ ਆਮਦ ਦੇ ਮੱਦੇਨਜ਼ਰ ਕੀਤੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਪੰਜਾਬ ਦੇ ਸਿੱਖਿਆ ਅਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਲਗਾਤਾਰ ਦਿਨ-ਰਾਤ ਜਾਇਜ਼ਾਂ ਲਿਆਂ ਜਾ ਰਿਹਾ ਹੈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸੰਗਤਾਂ ਦੀ ਸਹੂਲਤ ਲਈ ਕੀਤੇ ਇੰਤਜ਼ਾਮ ਵਾਲੀਆਂ ਥਾਵਾਂ 'ਤੇ ਖੁਦ ਪਹੁੰਚ ਕੇ ਪ੍ਰਬੰਧਾਂ ਦੀ ਮੌਜੂਦਾਂ ਸਥਿਤੀ ਨੂੰ ਦੇਖ ਰਹੇ ਹਨ ਅਤੇ ਮੌਕੇ 'ਤੇ ਹੀ ਲੋੜੀਦੇ ਦਿਸ਼ਾ ਨਿਰਦੇਸ਼ ਦੇ ਕੇ ਪ੍ਰਬੰਧਾਂ ਨੂੰ ਹੋਰ ਸੁਚਾਰੂ ਬਣਾ ਰਹੇ ਹਨ ਤਾਂ ਜੋਂ ਸੰਗਤਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਪੇਸ਼ ਨਾ ਆਵੇ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗੁਰੂ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸੰਗਤਾਂ ਲਈ ਵੱਡੇ ਪੱਧਰ ਤੇ ਇੰਤਜ਼ਾਮ ਅਮਲ ਵਿੱਚ ਲਿਆਦੇ ਗਏ ਹਨ। ਜ਼ਿਨ੍ਹਾਂ ਵਿੱਚ ਈ-ਰਿਕਸ਼ਾ ਸੇਵਾ, ਵਾਹਨਾਂ ਲਈ ਵੱਖੋ-ਵੱਖ ਥਾਵਾਂ ਤੇ ਪਾਰਕਿੰਗ, ਟਰੈਕਟਰ-ਟਰਾਲੀ ਸਿਟੀ, ਆਮ ਆਦਮੀ ਕਲੀਨਿਕ, ਹੈਲਪ ਡੈਸਕ ਸਥਾਪਿਤ ਕੀਤੇ ਗਏ ਹਨ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸੰਗਤਾਂ ਦੇ ਰਹਿਣ ਦੀ ਵਿਵਸਥਾ ਲਈ ਵਿਸ਼ੇਸ਼ ਤੌਰ 'ਤੇ ਟੈਂਟ ਸਿਟੀਆਂ ਬਣਾਈਆਂ ਗਈਆਂ ਹਨ ਤਾ ਜੋਂ ਸੰਗਤਾਂ ਗੁਰੂ ਘਰ ਦੇ ਦਰਸ਼ਨਾਂ, ਸਮਾਗਮਾਂ 'ਚ ਸ਼ਮੂਲੀਅਤ ਕਰਨ ਉਪਰੰਤ ਇੱਥੇ ਇਨ੍ਹਾਂ ਥਾਵਾਂ 'ਤੇ ਰਹਿ ਸਕਣ।ਕੈਬਨਿਟ ਮੰਤਰੀ ਨੇ ਦੱਸਿਆ ਕਿ ਸੰਗਤਾਂ ਵੱਲੋਂ ਵਿਲੱਖਣ ਲਾਈਟ ਐਂਡ ਸਾਊਡ ਸ਼ੋਅ, ਡਰੋਨ ਸ਼ੋਅ, ਧਾਰਮਿਕ ਸਥਾਨਾ ਦੇ ਮਹੱਤਵ ਨੂੰ ਜਾਨਣ ਲਈ ਗਾਈਡਡ ਟੂਰ, ਹੈਰੀਟੇਜ ਵਾਕ ਅਤੇ ਗੁਰੂ ਜੀ ਦੇ ਜੀਵਨ, ਸਿੱਖਿਆਵਾਂ ਅਤੇ ਮਹਾਨ ਸ਼ਹਾਦਤ ਬਾਰੇ ਜਾਣਕਾਰੀ ਭਰਪੂਰ ਪ੍ਰਦਰਸ਼ਨੀ ਵਾਲੀ ਥਾਂ ਤੇ ਭਾਰੀ ਗਿਣਤੀ ਵਿੱਚ ਆਮਦ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਸਥਾਨਾਂ ਤੇ ਹਰ ਪੱਖੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਵਿਧਾਨ ਸਭਾ ਦੇ ਵਿਸੇਸ਼ ਸੈਸ਼ਨ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣਾ ਗੁਰੂ ਜੀ ਦੇ ਚਰਨਾਂ ਵਿੱਚ ਨਿਮਾਣੀ ਸ਼ਰਧਾਜਲੀ ਹੈ ਅਤੇ ਰਾਜ ਸਰਕਾਰ ਵੱਲੋਂ ਭਵਿੱਖ ਵਿੱਚ ਨਗਰ ਦੇ ਚਹੁੰਮੁਖੀ ਵਿਕਾਸ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ

# ਗੜ੍ਹਸ਼ੰਕਰ ਤੋਂ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਲਈ ਵੱਡੀ ਗਿਣਤੀ ਵਿੱਚ ਬੱਸਾਂ ਰਵਾਨਾ




**ਹੁਸ਼ਿਆਰਪੁਰ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਲਾਸਾਨੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਸ਼ਹੀਦੀ ਸਮਾਗਮਾਂ ਵਿੱਚ ਸ਼ਮੂਲੀਅਤ ਲਈ ਹਲਕਾ ਗੜ੍ਹਸ਼ੰਕਰ ਤੋਂ 20 ਬੱਸਾਂ ਸੰਗਤਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਕੀਤੀਆਂ ਗਈਆਂ

ਇਸ ਮੌਕੇ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਪ੍ਰਮਾਤਮਾ ਅੱਗੇ ਅਰਦਾਸ ਕਰਕੇ ਸੰਗਤਾਂ ਦੇ ਜਥਿਆਂ ਨੂੰ ਦਰਸ਼ਨਾਂ ਲਈ ਰਵਾਨਾ ਕੀਤਾ।ਡਿਪਟੀ ਸਪੀਕਰ ਨੇ ਕਿਹਾ ਕਿ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ 23, 24 ਅਤੇ 25 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਵੱਡੇ ਪੱਧਰ 'ਤੇ ਸਮਾਗਮ ਕਰਵਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਦੀ ਭਾਗੀਦਾਰੀ ਦੀ ਉਮੀਦ ਹੈ।

ਉਨ੍ਹਾਂ ਹਲਕੇ ਦੀ ਸਮੂਹ ਸੰਗਤ ਨੂੰ ਪਰਿਵਾਰਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਸ਼ਹੀਦੀ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਵੱਖ-ਵੱਖ ਪਿੰਡਾਂ ਤੋਂ ਇਕੱਠੀਆਂ ਹੋਈਆਂ ਸੰਗਤਾਂ ਅਤੇ ਪੰਚਾਇਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਫਾਜ਼ਿਲਕਾ ਵਿੱਚ ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ਼; 2 ਹੈਂਡ-ਗ੍ਰੇਨੇਡ, ਗਲੋਕ ਪਿਸਤੌਲ ਸਮੇਤ ਦੋ ਕਾਬੂ

> ➢ ਪੰਜਾਬ ਵਿੱਚ ਯੋਜਨਾਬੱਧ ਅਪਰਾਧਿਕ ਗਤੀਵਿਧੀਆਂ ਦੇ ਮਕਸਦ ਨਾਲ ਡਰੋਨ ਰਾਹੀਂ ਡਿਲੀਵਰ ਕੀਤੇ ਗਏ ਹਥਿਆਰ ਬਰਾਮਦ: ਡੀਜੀਪੀ ਗੌਰਵ ਯਾਦਵ ➢ ਅਗਲੇਰੀ ਜਾਂਚ ਜਾਰੀ; ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਦੀ ਸੰਭਾਵਨਾ: ਏਆਈਜੀ ਐਸਐਸਓਸੀ ਗੁਰਸੇਵਕ ਬਰਾੜ

**ਫਾਜ਼ਿਲਕਾ,29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਫਾਜ਼ਿਲਕਾ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਹੈਂਡ ਗ੍ਰਨੇਡ ਅਤੇ ਦੋ ਜ਼ਿੰਦਾ ਕਾਰਤੂਸਾਂ ਸਮੇਤ ਇੱਕ 9ਐਮਐਮ ਗਲੌਕ ਪਿਸਤੌਲ ਬਰਾਮਦ ਕੀਤੀ ਹੈ। ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਫਾਜ਼ਿਲਕਾ ਦੇ ਵਿਕਰਮ ਸਿੰਘ ਵਾਸੀ ਪਿੰਡ ਚੱਕ ਬਲੋਚਾਂ ਵਾਲਾ ਅਤੇ ਪ੍ਰਭਜੋਤ ਸਿੰਘ ਉਰਫ਼ ਪ੍ਰਭ ਵਾਸੀ ਪਿੰਡ ਚੱਕ ਬਾਜ਼ੀਦਾ ਵਜੋਂ ਹੋਈ ਹੈ। ਹੈਂਡ ਗ੍ਰਨੇਡ ਅਤੇ ਗਲੌਕ ਪਿਸਤੌਲ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦਾ ਬਿਨਾਂ ਰਜਿਸਟ੍ਰੇਸ਼ਨ ਵਾਲਾ ਕਾਲਾ ਹੀਰੋ ਡੀਲਕਸ ਮੋਟਰਸਾਈਕਲ, ਜਿਸ 'ਤੇ ਉਹ ਸਵਾਰ ਸਨ, ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤੇ ਗਏ ਹਥਿਆਰ ਪਾਕਿਸਤਾਨ ਤੋਂ ਲਿਆਂਦੇ ਗਏ ਸਨ ਅਤੇ ਪੰਜਾਬ ਵਿੱਚ ਯੋਜਨਾਬੱਧ ਅਪਰਾਧਿਕ ਗਤੀਵਿਧੀਆਂ ਲਈ ਡਰੋਨ ਰਾਹੀਂ ਪਹੁੰਚਾਏ ਗਏ ਸਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

ਏਆਈਜੀ ਐਸਐਸਓਸੀ ਫਾਜ਼ਿਲਕਾ ਗੁਰਸੇਵਕ ਸਿੰਘ ਬਰਾੜ ਨੇ ਕਿਹਾ ਕਿ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਐਸਐਸਓਸੀ ਟੀਮ ਨੇ ਜਲਾਲਾਬਾਦ ਖੇਤਰ ਵਿੱਚ ਗੁਪਤ ਕਾਰਵਾਈ ਕੀਤੀ ਅਤੇ ਪਿੰਡ ਚੱਕ ਮੌਜਦੀਨ ਵਾਲਾ ਤੋਂ ਮੁਲਜ਼ਮਾਂ ਨੂੰ ਉਦੋਂ ਗ੍ਰਿਫ਼ਤਾਰ ਕੀਤਾ ਜਦੋਂ ਉਹ ਖੇਪ ਦੂਜੀ ਧਿਰ ਨੂੰ ਪਹੁੰਚਾਉਣ ਜਾ ਰਹੇ ਸਨ।

ਏਆਈਜੀ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧੀ ਕੇਸ ਥਾਣਾ ਐਸਐਸਓਸੀ ਫਾਜ਼ਿਲਕਾ ਵਿਖੇ ਅਸਲਾ ਐਕਟ ਦੀ ਧਾਰਾ 25 ਅਤੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5 ਤਹਿਤ ਐਫਆਈਆਰ ਨੰਬਰ 18 ਮਿਤੀ 24.11.2025 ਦਰਜ ਕੀਤਾ ਗਿਆ ਹੈ।

# ਪੁਲਿਸ ਮੁਕਾਬਲੇ ਵਿਚ ਵਿਦੇਸ਼ ਬੈਠੇ ਗੈਂਗਸਟਰਾਂ ਦਾ ਗੁਰਗਾ ਹਲਾਕ

**ਅੰਮ੍ਰਿਤਸਰ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਪੁਲੀਸ ਦੇ ਐਂਟੀ ਗੈਂਗਸਟਰ ਸਟਾਫ਼ ਨਾਲ ਬੀਤੀ ਦੇਰ ਰਾਤ ਹੋਏ ਇਕ ਮੁਕਾਬਲੇ ਵਿਚ ਬਦਨਾਮ ਅਪਰਾਧੀ ਹਰਜਿੰਦਰ ਸਿੰਘ ਉਰਫ਼ ਹੈਰੀ ਮਾਰਿਆ ਗਿਆ। ਹੈਰੀ ਦੇ ਵਿਦੇਸ਼ ਬੈਠੇ ਗੈਂਗਸਟਰਾਂ ਅਤੇ ਪਾਕਿਸਤਾਨ ਅਧਾਰਤ ਦੇਸ਼ ਵਿਰੋਧੀ ਅਨਸਰਾਂ ਨਾਲ ਸਬੰਧ ਸਨ। ਮੁਕਾਬਲੇ ਦੌਰਾਨ ਹੈਰੀ ਦਾ ਇਕ ਹੋਰ ਸਾਥੀ, ਜਿਸ ਦੀ ਪਛਾਣ ਅਟਾਰੀ ਦੇ ਸੰਨੀ ਵਜੋਂ ਹੋਈ ਹੈ, ਹਨੇਰੇ ਦਾ ਲਾਹਾ ਲੈਂਦਿਆਂ ਖੇਤਾਂ ਵਿਚ ਦੀ ਭੱਜਣ ਵਿਚ ਸਫ਼ਲ ਰਿਹਾ।

ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਮੁਤਾਬਕ ਹੈਰੀ ਹਾਲ ਹੀ ਵਿੱਚ ਜ਼ਮਾਨਤ 'ਤੇ ਬਾਹਰ ਆਇਆ ਸੀ। ਪੁਲੀਸ ਨੇ ਮੁਕਾਬਲੇ ਵਾਲੀ ਥਾਂ ਤੋਂ ਇਕ ਮੋਬਾਈਲ ਸਣੇ 9 ਐੱਮਐੱਮ ਗਲੋਕ ਪਿਸਟਲ ਤੇ .30 ਬੋਰ ਪਿਸਟਲ ਬਰਾਮਦ ਕੀਤੇ ਹਨ, ਜੋ ਪਾਕਿਸਤਾਨ ਤੋਂ ਸਮਗਲ ਕੀਤੇ ਗਏ ਸਨ।

ਭੁੱਲਰ ਨੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਐਂਟੀ ਗੈਂਗਸਟਰ ਸਟਾਫ ਨੂੰ ਸੂਹ ਮਿਲੀ ਸੀ ਕਿ ਮੁਲਜ਼ਮ ਸ਼ਹਿਰ ਵਿੱਚ ਟਾਰਗੇਟ ਕਿਲਿੰਗ ਲਈ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਬਤ ਕੀਤੇ ਜਾਣੇ।

# ਲੈਫਟੀਨੈਂਟ ਜਨਰਲ ਚਾਂਦਪੁਰੀਆ ਨੇ ਪੇਸਕੋ ਕਰਮਚਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ



**ਹੁਸ਼ਿਆਰਪੁਰ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੈਫਟੀਨੈਂਟ ਜਨਰਲ ਅਜੇ ਚਾਂਦਪੁਰੀਆ (ਏ.ਵੀ.ਐਸ.ਐਮ, ਵੀ.ਐਸ.ਐਮ) ਨੇ ਹਾਲ ਹੀ ਵਿਚ ਆਪਣੇ ਹੁਸ਼ਿਆਰਪੁਰ ਦੌਰੇ ਦੌਰਾਨ ਪੰਜਾਬ ਐਕਸ ਸਰਵਿਸਮੈਨ ਕਾਰਪੋਰੇਸ਼ਨ (ਪੇਸਕੋ) ਦੇ ਕਰਮਚਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਸਰਾਹਨਾ ਕਰਦੇ ਹੋਏ ਉਨ੍ਹਾਂ ਦਾ ਹੌਸਲਾ ਵਧਾਇਆ। ਇਸ ਮੌਕੇ ਡਿਪਟੀ ਜਨਰਲ ਮੈਨੇਜਰ (ਪੇਸਕੋ) ਮੇਜਰ ਰਿਤਿਕਾ ਸ਼ਰਮਾ (ਰਿਟਾ:) ਲੈਫਟੀਨੈਂਟ ਜਨਰਲ ਚਾਂਦਪੁਰੀਆ ਨੂੰ ਸੰਖੇਪ ਵਿਚ ਜਾਣੂ ਕਰਵਾਇਆ ਕਿ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਦੇ ਪੁਨਰ ਰੁਜ਼ਗਾਰ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸੇ ਕੜੀ ਵਿਚ ਪੇਸਕੋ ਵਲੋਂ ਕੰਢੀ ਹਲਕੇ ਵਿਚ ਸਾਬਕਾ ਸੈਨਿਕਾਂ ਨੂੰ ਉਨ੍ਹਾਂ ਦੇ ਘਰ ਨੇੜੇ ਰੋਜ਼ਗਾਰ ਉਪਲਬੱਧ ਕਰਵਾ ਕੇ ਉਨ੍ਹਾਂ ਦੇ ਕਲਿਆਣ ਲਈ ਮਹੱਤਵਪੂਰਨ ਯੋਗਦਾਨ ਦਿੱਤਾ ਜਾ ਰਿਹਾ ਹੈ।

ਮੇਜਰ ਰਿਤਿਕਾ ਸ਼ਰਮਾ ਨੇ ਦੱਸਿਆ ਕਿ ਪੇਸਕੋ ਦਾ ਮੁੱਖ ਉਦੇਸ਼ ਸਾਬਕਾ ਸੈਨਿਕਾਂ ਨੂੰ ਸਨਮਾਨਜਨਕ ਅਤੇ ਸੁਰੱਖਿਅਤ ਰੋਜ਼ਗਾਰ ਉਪਲਬੱਧ ਕਰਵਾਉਣਾ ਹੈ ਜਿਸ ਵਿਚ ਉਹ ਆਪਣੀ ਕੌਸ਼ਲ ਸਮਰੱਥਾ ਦਾ ਉਪਯੋਗ ਕਰਦੇ ਹੋਏ ਰਾਜ ਦੇ ਵਿਕਾਸ ਵਿਚ ਭਾਗੀਦਾਰੀ ਬਣ ਸਕਣ। ਉਨ੍ਹਾਂ ਕਿਹਾ ਕਿ ਸੰਗਠਨ ਵਲੋਂ ਲਗਾਤਾਰ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਤਾਇਨਾਤ ਕਰਮਚਾਰੀ ਬਿਹਤਰ ਕਾਰਜ ਵਾਤਾਵਰਣ ਅਤੇ ਜ਼ਰੂਰੀ ਸੁਵਿਧਾਵਾਂ ਨਾਲ ਆਪਣੀਆਂ ਸੇਵਾਵਾਂ ਦੇ ਸਕਣ।

ਲੈਫਟੀਨੈਂਟ ਜਨਰਲ ਚਾਂਦਪੁਰੀਆ ਨੇ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਕਿ ਹੁਸ਼ਿਆਰਪੁਰ ਦਫ਼ਤਰ ਦੇ ਅੰਤਰਗਤ ਗੁਰਦਾਸਪੁਰ ਅਤੇ ਪਠਾਨਕੋਟ ਦੇ ਐਕਸ ਸਰਵਿਸਮੈਨ ਦੇ ਪੁਨਰ ਰੋਜ਼ਗਾਰ ਦੀ ਜ਼ਿੰਮੇਵਾਰੀ ਵੀ ਨਿਭਾਈ ਜਾ ਰਹੀ ਹੈ। ਵਰਤਮਾਨ ਵਿਚ ਲਗਭਗ 1700 ਕਰਮਚਾਰੀ ਪੰਜਾਬ ਸਰਕਾਰ ਦੇ ਵੱਖ-ਵੱਖ ਪ੍ਰੋਜੈਕਟਾਂ ਵਿਚ ਤਾਇਨਾਤ ਹਨ ਅਤੇ ਪੂਰੀ ਮੁਸਤੈਦੀ, ਨਿਸ਼ਠਾ ਅਤੇ ਅਨੁਸ਼ਾਸਨ ਨਾਲ ਆਪਣੀ ਡਿਊਟੀ ਨਿਭਾਅ ਰਹੇ ਹਨ। ਉਨ੍ਹਾਂ ਪੇਸਕੋ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਪ੍ਰਸ਼ੰਸਾ ਕਰਦੇ ਹੋਏ ਇਸ ਨੂੰ ਸਮਾਜ ਅਤੇ ਰਾਜ ਹਿੱਤ ਲਈ ਬਹੁਤ ਮਹੱਤਵਪੂਰਨ ਦੱਸਿਆ।

# ਵਿਧਾਇਕ ਸ਼ੈਰੀ ਕਲਸੀ ਨੇ ਵਡਾਲਾ ਗ੍ਰੰਥੀਆਂ ਤੋਂ -ਮਨੋਹਰਪੁਰ ਰੋਡ ਤੋਂ ਹਰਬੰਸ ਸਿੰਘ ਦੇ ਡੇਰੇ ਤੱਕ ਸੜਕ ਬਣਾਉਣ ਦਾ ਕੀਤਾ ਉਦਘਾਟਨ

**ਬਟਾਲਾ,29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਵਲੋਂ ਹਲਕਾ ਬਟਾਲਾ ਅੰਦਰ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਵਡਾਲਾ ਗ੍ਰੰਥੀਆਂ ਤੋਂ - ਮਨੋਹਰਪੁਰ ਰੋਡ ਤੋਂ ਹਰਬੰਸ ਸਿੰਘ ਦੇ ਡੇਰੇ ਤੱਕ ਸੜਕ ਬਣਾਉਣ ਦਾ ਉਦਘਾਟਨ ਕੀਤਾ। ਇਸ ਮੌਕੇ ਪੰਚ, ਸਰਪੰਚ ਅਤੇ ਪਿੰਡ ਵਾਸੀ ਮੌਜੂਦ ਸਨ। ਇਸ ਮੌਕੇ ਪਿੰਡ ਵਾਸੀਆਂ ਨੇ ਇੱਕ ਵਿਧਾਇਕ ਸ਼ੈਰੀ ਕਲਸੀ ਵਲੋਂ ਕੀਤੇ ਜਾ ਰਹੇ ਵਿਕਾਸ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਖੁਦ ਲੋਕਾਂ ਨੂੰ ਮਿਲਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰ ਰਹੇ ਹਨ, ਜਿਸ ਕਾਰਨ ਪਿੰਡਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਗਈ ਹੈ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਹ ਹਲਕੇ ਦੇ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਵਚਨਬੱਧ ਹਨ ਅਤੇ ਉਹ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜਰ ਹਨ। ਉਨ੍ਹਾਂ ਦੱਸਿਆ ਕਿ ਪੰਜ ਸਾਲ ਤੱਕ ਇਸ ਸੜਕ ਦੇ ਰੱਖ ਰਖਾਵ ਲਈ ਸਬੰਧਤ ਵਿਭਾਗ ਪਾਬੰਦ ਹੋਵੇਗਾ ਤਾਂ ਜੋ ਲੋਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਲੋਕਹਿੱਤ ਵਿੱਚ ਭਲਾਈ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ, ਵਿਕਾਸ ਕਾਰਜ ਨਿਰੰਤਰ ਜਾਰੀ ਹਨ ਅਤੇ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।ਹਲਕਾ ਬਟਾਲਾ ਦੇ ਵਿਕਾਸ ਦੀ ਗੱਲ ਕਰਦਿਆਂ ਉਨਾਂ ਕਿਹਾ ਕਿ ਹਲਕੇ ਅੰਦਰ ਚਹੁਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ ਅਤੇ ਕਰੋੜਾਂ ਰੁਪਏ ਦੇ ਵਿਕਾਸ ਕੰਮ ਕਰਵਾਏ ਜਾ ਚੁੱਕੇ ਹਨ। ਬਟਾਲਾ ਹਲਕੇ ਦੀ ਵਿਕਾਸ ਪੱਖੋ ਨੁਹਾਰ ਬਦਲੀ ਜਾ ਰਹੀ ਹੈ ਅਤੇ ਪਿੰਡ ਵਾਸੀਆਂ ਦੀ ਮੰਗ ਮੁਤਾਬਿਕ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

# 350ਵੀਂ ਸ਼ਹੀਦੀ ਸ਼ਤਾਬਦੀ: ਅਤਿ-ਆਧੁਨਿਕ 360 ਡਿਗਰੀ ਪ੍ਰੋਜੈਕਸ਼ਨ ਰਾਹੀਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਮਹਾਨ ਵਿਰਾਸਤ ਨੂੰ ਸ਼ਰਧਾਂਜਲੀ ਭੇਟ




**ਸ੍ਰੀ ਆਨੰਦਪੁਰ ਸਾਹਿਬ,29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਲਈ ਤਕਨਾਲੋਜੀ ਅਤੇ ਪਰੰਪਰਾ ਦੇ ਵਿਲੱਖਣ ਸੁਮੇਲ ਨਾਲ ਇੱਕ ਨਵੀਨਤਾਕਾਰੀ ਮਿਕਸਡ ਰਿਐਲਿਟੀ ਅਨੁਭਵ ਤਿਆਰ ਕੀਤਾ ਗਿਆ ਹੈ। ਇਹ ਪਹਿਲਕਦਮੀ ਤਕਨਾਲੋਜੀ ਅਤੇ ਪਰੰਪਰਾ ਦੇ ਸੁਮੇਲ ਨੂੰ ਦਰਸਾਉਂਦਾ ਹੈ ਜੋ ਨੌਵੇਂ ਗੁਰੂ ਸਾਹਿਬ ਦੇ ਸਾਹਸ ਅਤੇ ਅਧਿਆਤਮਿਕ ਅਗਵਾਈ ਨੂੰ ਸਨਮਾਨ ਦੇਣ ਦੇ ਨਾਲ ਨਾਲ ਸੰਗਤ ਨੂੰ ਡਿਜੀਟਲ ਢੰਗ ਨਾਲ ਪ੍ਰਭਾਵਸ਼ਾਲੀ ਬਿਰਤਾਂਤ ਨਾਲ ਜੋੜਦਾ ਹੈ।ਇਸ 360 ਡਿਗਰੀ ਮਿਕਸਡ ਰਿਐਲਿਟੀ ਦਾ ਅਨੁਭਵ ਯਾਦਗਾਰੀ ਸਮਾਗਮਾਂ ਦੇ ਸਬੰਧ ਵਿੱਚ ਲਗਾਈਆਂ ਸਟੈਂਡੀਆਂ 'ਤੇ ਦਰਸਾਏ ਕਿਊਆਰ ਕੋਡ ਨੂੰ ਸਮਾਰਟਫੋਨ ਰਾਹੀਂ ਸਕੈਨ ਕਰਕੇ ਲਿਆ ਜਾ ਸਕਦਾ ਹੈ, ਜੋ ਸੰਗਤ ਨੂੰ ਇੱਕ ਵਿਲੱਖਣ ਬਿਰਤਾਂਤ ਨਾਲ ਜੋੜ ਦਿੰਦਾ ਹੈ ਜਿਸ ਨਾਲ ਉਹ ਸ਼ਰਧਾ ਦੇ ਨਾਲ ਨਾਲ ਭਵਿੱਖਮੁਖੀ ਤਕਨੀਕ ਦਾ ਅਨੁਭਵ ਕਰਦੇ ਹਨ।

ਇਸ ਪਹਿਲਕਦਮੀ ਦਾ ਮੁੱਖ ਕੇਂਦਰ, ਜਿਸ ਦਾ ਸਿਰਲੇਖ ਹਿੰਦ ਦੀ ਚਾਦਰ ਹੈ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਪਵਿੱਤਰ ਯਾਤਰਾ ਦੇ 11 ਪਲਾਂ ਨੂੰ ਜੀਵੰਤ ਕਰਦਾ ਹੈ। ਇਸ ਪੇਸ਼ਕਾਰੀ ਰਾਹੀਂ ਸੰਗਤ ਨੂੰ ਗੁਰੂ ਸਾਹਿਬ ਵੱਲੋਂ ਗੁਰਗੱਦੀ ਸੰਭਾਲਣ, ਧਾਰਮਿਕ ਆਜ਼ਾਦੀ ਲਈ ਡੱਟ ਕੇ ਖੜ੍ਹਨ, ਚਾਂਦਨੀ ਚੌਕ ਵਿਖੇ ਸ਼ਹਾਦਤ ਅਤੇ ਰਕਾਬ ਗੰਜ ਸਾਹਿਬ ਵਿਖੇ ਗੁਪਤ ਰੂਪ ਵਿੱਚ ਸਸਕਾਰ ਸਮੇਤ ਮਹੱਤਵਪੂਰਨ ਘਟਨਾਵਾਂ ਦਾ ਵਿਲੱਖਣ ਅਨੁਭਵ ਪ੍ਰਦਾਨ ਕਰਦਾ ਹੈ। ਗੁਰੂ ਸਾਹਿਬ ਦੇ ਜੀਵਨ ਦੇ ਹਰੇਕ ਪਲ ਨੂੰ ਸ਼ਾਨਦਾਰ ਵਿਜ਼ੀਉਲ ਅਤੇ ਪ੍ਰਮਾਣਿਕ ਬਿਰਤਾਂਤ ਨਾਲ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹਵਾਲੇ ਦਿੱਤੇ ਗਏ ਹਨ ਅਤੇ ਇਤਿਹਾਸਕ ਬਿਰਤਾਂਤਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ।

ਇਸ ਵਿੱਚ ਮਨਮੋਹਕ ਲਾਈਟ ਐਂਡ ਸ਼ੈਡੋ ਸ਼ੋਅ ਦਾ ਸ਼ਾਨਦਾਰ ਪ੍ਰਦਰਸ਼ਨ ਵੀ ਸ਼ਾਮਲ ਹੈ ਜੋ ਰੂਹਾਨੀ ਮਾਹੌਲ ਪੈਦਾ ਕਰਦਾ ਹੈ। ਗੁਰੂ ਸਾਹਿਬ ਦੀ ਸ਼ਾਨਦਾਰ ਵਿਰਾਸਤ ਨੂੰ ਨਵੀਨਤਾਕਾਰੀ ਢੰਗ ਨਾਲ ਸ਼ਰਧਾਂਜਲੀ ਭੇਟ ਕਰਨ ਲਈ ਇਸ ਮਿਕਸਡ ਰਿਐਲਿਟੀ ਅਨੁਭਵ ਨੂੰ ਫਲੈਮ ਦੇ ਸਮਰਥਨ ਨਾਲ ਤਿਆਰ ਕੀਤਾ ਗਿਆ ਹੈ।

# ਪ੍ਰਦੂਸ਼ਣ ਮੁਕਤ ਪੰਜਾਬ ਲਈ ਪੌਦੇ ਲਗਾਉਣ ਦੀ ਮੁਹਿੰਮ ਵੀ ਕੀਤੀ ਸ਼ੁਰੂ

**ਸ੍ਰੀ ਆਨੰਦਪੁਰ ਸਾਹਿਬ,29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਅੱਜ ਵਿਰਾਸਤ-ਏ-ਖਾਲਸਾ ਵਿਖੇ ਸੂਬਾ ਸਰਕਾਰ ਦੀ ਸੂਬਾ ਪੱਧਰੀ ਖ਼ੂਨਦਾਨ ਅਤੇ ਪੌਦੇ ਲਗਾਉਣ ਦੇ ਕੈਂਪਾਂ ਦੀ ਸ਼ੁਰੂਆਤ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਪੌਦੇ ਲਗਾਉਣ ਦੀ ਮੁਹਿੰਮ ਮਹਾਨ ਗੁਰੂ ਸਾਹਿਬਾਨ ਨੂੰ ਸ਼ਰਧਾਂਜਲੀ ਦੇਣ ਦਾ ਸਭ ਤੋਂ ਵਧੀਆ ਤਰੀਕਾ ਹੈ, ਜਿਨ੍ਹਾਂ ਨੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਸਦੀਵੀ ਸੰਦੇਸ਼ ਦਿੱਤਾ। ਇਸ ਮੁਹਿੰਮ ਤਹਿਤ ਵਾਤਾਵਰਨ ਦੀ ਸੁਰੱਖਿਆ ਦੇ ਨਾਲ-ਨਾਲ ਪੌਦੇ ਲਗਾ ਕੇ ਵਾਤਾਵਰਨ ਸੰਤੁਲਨ ਯਕੀਨੀ ਬਣਾਇਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਸੂਬਾ ਸਰਕਾਰ ਦੀ ਵਚਨਬੱਧਤਾ ਅਨੁਸਾਰ ਸ਼ੁਰੂ ਕੀਤੀ ਜਾ ਰਹੀ ਹੈ ਤਾਂ ਕਿ ਜ਼ਿਲ੍ਹੇ ਵਿੱਚ ਹਰਿਆਲੀ ਵਧਾ ਕੇ ਪੰਜਾਬ ਨੂੰ ਸਾਫ਼ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਲੋਕਾਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਉਤਸ਼ਾਹਿਤ ਕੀਤਾ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੁਦਰਤੀ ਸਰੋਤ ਰੁੱਖ ਵਾਤਾਵਰਨ ਨੂੰ ਬਿਹਤਰ ਬਣਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਲੋਕ ਅੱਗੇ ਆਉਣ ਅਤੇ ਜ਼ਿਲ੍ਹੇ ਵਿੱਚ ਹਰਿਆਲੀ ਵਧਾਉਣ ਲਈ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸਹੀ ਦੇਖਭਾਲ ਲਈ ਪ੍ਰਸ਼ਾਸਨ ਦਾ ਸਾਥ ਦੇਣ।

ਮੁੱਖ ਮੰਤਰੀ ਨੇ ਲੋਕਾਂ ਅਤੇ ਸਿਹਤ ਵਿਭਾਗ ਦੇ ਸਟਾਫ਼ ਨੂੰ ਅੰਗ ਦਾਨ ਦੀ ਸਹੁੰ ਵੀ ਚੁਕਾਈ, ਸਾਰਿਆਂ ਨੂੰ ਇਸ ਨੇਕ ਕਾਰਜ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਨੌਵੇਂ ਗੁਰੂ ਸਾਹਿਬ ਜੀ ਦੁਆਰਾ ਦਰਸਾਈਆਂ ਨਿਰਸਵਾਰਥਤਾ ਅਤੇ ਉਦਾਰਤਾ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨਾ ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਪ੍ਰਗਟਾਈ ਕਿ ਇਹ ਪਹਿਲਕਦਮੀ ਖ਼ੂਨਦਾਨ ਅਤੇ ਅੰਗ ਦਾਨ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਲੋਕਾਂ ਨੂੰ ਇਸ ਨੇਕ ਕਾਰਜ ਲਈ ਅੱਗੇ ਆਉਣ ਲਈ ਉਤਸ਼ਾਹਿਤ ਕਰੇਗੀ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਵੱਡੀ ਸੇਵਾ ਹੈ, ਜੋ ਇੱਕ ਦਾਨੀ ਦੀ ਸਮਾਜ ਨੂੰ ਦੇਣ ਹੈ ਕਿਉਂਕਿ ਇਹ ਬਹੁਤ ਸਾਰੀਆਂ ਕੀਮਤੀ ਜਾਨਾਂ ਬਚਾਉਣ ਵਿੱਚ ਮਦਦ ਕਰ ਸਕਦੀ ਹੈ।

ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਹਰ ਖ਼ੂਨਦਾਨੀ ਇੱਕ ਨਾਇਕ ਹੈ, ਜਿਸ ਕਰ ਕੇ ਉਨ੍ਹਾਂ ਨੂੰ ਹਰ ਤਿੰਨ ਮਹੀਨਿਆਂ ਬਾਅਦ ਨਿਯਮਿਤ ਤੌਰ 'ਤੇ ਖ਼ੂਨਦਾਨ ਕਰਨਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਖ਼ੂਨਦਾਨੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਸਮਾਜ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸ਼ਲਾਘਾ ਕੀਤੀ।

ਪ੍ਰੋ. ਨਵ ਸੰਗੀਤ ਸਿੰਘ

**ਅਮੀਰ ਤੋਂ ਅਮੀਰ ਅਤੇ ਸਧਾਰਨ ਤੋਂ ਸਧਾਰਨ ਬੰਦਾ ਵਿਖਾਵੇ ਦੀ ਲਪੇਟ ਵਿਚ ਆ ਰਿਹਾ ਹੈ। ਇਸ ਪੂੰਜੀਵਾਦੀ ਨਿਜ਼ਾਮ ਵਿਚ ਹਰ ਚੀਜ਼ ਉਪਲੱਬਧ ਹੈ, ਬੱਸ ਤੁਹਾਡੇ ਕੋਲ ਪੈਸਾ ਹੋਣਾ ਚਾਹੀਦਾ ਹੈ ਇਸ ਨੂੰ ਖ਼ਰੀਦਣ ਲਈ ਬੇਸ਼ੱਕ ਇਹ ਪੈਸਾ ਤੁਸੀਂ ਕਰਜ਼ ਹੀ ਕਿਉਂ ਨਾ ਲਿਆ ਹੋਵੇ।**

# ਵਿਖਾਵੇ ਦੀ ਹੋੜ 'ਚ ਪਿਆ ਮਨੁੱਖ

ਆਧੁਨਿਕ ਯੁੱਗ ਪ੍ਰਤੀਯੋਗਤਾ ਦਾ ਯੁੱਗ ਹੈ। ਪ੍ਰਤੀਯੋਗਤਾ ਦੇ ਇਸ ਦੌਰ ਵਿਚ ਹਰ ਕੋਈ ਇਕ ਦੂਜੇ ਤੋਂ ਵੱਧ ਕੇ ਵਿਖਾਵਾ ਕਰਨਾ ਲੋਚਦਾ ਹੈ, ਚਾਹੇ ਇਸ ਦੇ ਲਈ ਉਹ ਨੂੰ ਕਰਜ਼ਾ ਵੀ ਕਿਉਂ ਨਾ ਚੁੱਕਣਾ ਪਵੇ। ਅਮੀਰ ਤੋਂ ਅਮੀਰ ਤੇ ਸਧਾਰਨ ਤੋਂ ਸਧਾਰਨ ਬੰਦਾ ਵੀ ਇਸ ਵਿਖਾਵੇ ਦੀ ਲਪੇਟ ਵਿਚ ਆ ਗਿਆ ਹੈ। ਇਸ ਪੂੰਜੀਵਾਦੀ ਨਿਜ਼ਾਮ ਵਿਚ ਹਰ ਚੀਜ਼ ਉਪਲੱਬਧ ਹੈ, ਬੱਸ ਤੁਹਾਡੇ ਕੋਲ ਪੈਸਾ ਹੋਣਾ ਚਾਹੀਦਾ ਹੈ। ਇਸ ਲੇਖ ਵਿਚ ਅਸੀਂ ਸਿਰਫ਼ ਵਿਆਹਾਂ 'ਤੇ ਹੁੰਦੀਆਂ ਫ਼ਜ਼ੂਲ-ਖ਼ਰਚੀਆਂ ਬਾਰੇ ਗੱਲ ਕਰਾਂਗੇ। ਮੈਂ ਆਪਣੇ ਵਿਆਹ ਦੀ ਗੱਲ ਦੱਸਦਾ ਹਾਂ। ਮੈਂ ਵਿਆਹ ਤੇ ਵਿਖਾਵੇ ਦੀ ਕੋਈ ਚੀਜ਼ ਨਹੀਂ ਸੀ ਕੀਤੀ। ਨਾ ਬੈਂਡ-ਵਾਜਾ ਲੈ ਕੇ ਗਿਆ ਤੇ ਨਾ ਹੀ ਵੀਡੀਓ ਜਾਂ ਫੋਟੋਗ੍ਰਾਫਰ। ਮੇਰੇ ਵੱਲੋਂ ਆਪਣੇ ਵਿਆਹ ਵਿਚ ਸਧਾਰਨਤਾ ਨੂੰ ਪਹਿਲ ਦਿੱਤੀ ਗਈ ਤੇ ਅਸੀਂ ਸਿਰਫ਼ ਇੱਕੀ ਮੈਂਬਰ ਵਿਆਹ ਵਿਚ ਸ਼ਾਮਲ ਹੋਏ। ਇਸ ਸਧਾਰਨਤਾ ਕਰਕੇ ਮੇਰੇ ਸਹੁਰੇ-ਪਰਿਵਾਰ ਵਾਲੇ ਬਹੁਤ ਸਾਰੀਆਂ ਵਿਖਾਵੇ ਦੀਆਂ ਰਸਮਾਂ ਕਰਨ ਤੋਂ ਵੀ ਵਾਂਝੇ ਰਹਿ ਗਏ। ਮੈਨੂੰ ਸ਼ਹਿਰੀ ਸਮਝ ਕੇ ਲੜਕੀ ਵਾਲਿਆਂ ਵੱਲੋਂ ਮੇਰਾ ਵਿਆਹ ਹੋਟਲ ਵਿਚ ਰੱਖਿਆ ਗਿਆ, ਜਦਕਿ ਪਿੰਡ ਵਿਚ ਮੇਰੇ ਸਹੁਰੇ-ਪਰਿਵਾਰ ਦਾ ਕਾਫ਼ੀ ਖੁੱਲ੍ਹਾ- ਡੁੱਲ੍ਹਾ ਘਰ ਸੀ ਜਿੱਥੇ ਬੜੇ ਆਰਾਮ ਨਾਲ ਬਰਾਤ ਤੇ ਮੈਂਬਰਾਂ ਦੀ ਆਓ-ਭਗਤ ਕੀਤੀ ਜਾ ਸਕਦੀ ਸੀ।

ਇਹੋ ਜਿਹੀ ਹੀ ਇਕ ਹੋਰ ਝਾਕੀ ਬੀਤੇ ਦਿਨੀਂ ਮੈਨੂੰ ਵੇਖਣ ਨੂੰ ਮਿਲੀ। ਮੇਰੀ ਇਕ ਵਿਦਿਆਰਥਣ ਦੀ ਸ਼ਾਦੀ ਸੀ। ਉਹਨੇ ਮੈਨੂੰ ਸ਼ਾਦੀ ਦਾ ਕਾਰਡ ਦਿੱਤਾ ਤੇ ਸ਼ਾਦੀ 'ਤੇ ਪਹੁੰਚਣ ਦੀ ਤਾਕੀਦ ਕੀਤੀ ਸੀ। ਉਂਝ ਤਾਂ ਮੈਂ ਵਿਆਹਾਂ-ਸ਼ਾਦੀਆਂ ਦੇ ਸਮਾਗਮਾਂ ਵਿਚ ਘੱਟ ਹੀ ਜਾਂਦਾ ਹਾਂ ਪਰ ਲੜਕੀ ਦੇ ਵਾਰ-ਵਾਰ ਕਹਿਣ ਤੇ ਮਜਬੂਰਨ ਮੈਨੂੰ ਜਾਣਾ ਪਿਆ। ਹਾਲਾਂਕਿ ਮੇਰੇ ਵਰਗੇ ਬੰਦੇ ਲਈ ਉੱਥੇ ਕੁਝ ਨਹੀਂ ਹੁੰਦ, ਖੈਰ...।

ਲੜਕੀ ਵਾਲਿਆਂ ਵੱਲੋਂ ਘਰ ਵਿਚ ਹੀ ਬਰਾਤ ਦਾ ਸਵਾਗਤ ਕੀਤਾ ਜਾਣਾ ਸੀ, ਜਿਸ ਦਾ ਜ਼ਿਕਰ ਕਾਰਡ ਵਿਚ ਵੀ ਕੀਤਾ ਹੋਇਆ ਸੀ ਪਰ ਐਨ ਮੌਕੇ 'ਤੇ ਮੌਸਮ ਖ਼ਰਾਬ ਹੋਣ ਕਰਕ (ਮੀਂਹ ਪੈਣ ਕਰਕੇ) ਲੜਕੀ ਵਾਲਿਆਂ ਨੇ ਨੇੜੇ ਦਾ ਇਕ ਮੈਰਿਜ ਪੈਲੇਸ ਖੜ੍ਹੇ ਪੈਰ ਮਹਿੰਗੇ ਮੁੱਲ 'ਤੇ ਬੁੱਕ ਕਰਵਾ ਲਿਆ। ਹਾਲਾਂਕਿ ਇਹਦੀ ਕੋਈ ਲੋੜ ਨਹੀਂ ਸੀ। ਵਿਆਹ ਵਾਲੀ ਲੜਕੀ ਦੀਆਂ ਕੁਝ ਸਹੇਲੀਆਂ (ਮੇਰੀਆਂ ਹੋਰ ਵਿਦਿਆਰਥਣਾਂ) ਵੀ ਵਿਆਹ ਵਿਚ ਪੂਰਾ ਸਜ-ਧੱਜ ਕੇ ਪੁੱਜੀਆਂ ਹੋਈਆਂ ਸਨ। ਠੰਢ ਬਹੁਤ ਪੈ ਰਹੀ ਸੀ ਤੇ ਉੱਤੋਂ ਮੀਂਹ ਵੀ ਪੈਣ ਲੱਗਾ ਪਰ ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਵਿਆਹ ਵਾਲੀ ਲੜਕੀ, ਜੋ ਉਂਜ ਵੀ ਨਾਜ਼ਕ/ ਪਤਲੀ ਜਿਹੀ ਸੀ, ਨੇ ਲਹਿੰਗਾ ਪਹਿਨਿਆ ਹੋਇਆ ਸੀ ਤੇ ਉਤੋਂ ਟਾਪ, ਬਿਨਾਂ ਬਾਹਵਾਂ ਦਾ। ਉਹਦੀਆਂ ਹੋਰ ਸਹੇਲੀਆਂ ਨੇ ਵੀ ਕਢਾਈ ਵਾਲੇ ਸੂਟ ਪਹਿਨੇ ਹੋਏ ਸਨ ਤੇ ਹੇਠਾਂ ਪੈਨਸਲ-ਹੀਲ ਦੇ ਸੈਂਡਲ। ਮੀਂਹ ਤੇ ਠੰਢ ਕਾਰਨ ਲੋਕ ਕੰਬਦੇ ਜਾ ਰਹੇ ਸਨ ਪਰ ਇਨ੍ਹਾਂ ਕੁੜੀਆਂ ਵੱਲ ਵੇਖ ਕੇ ਮੈਨੂੰ ਹੈਰਾਨੀ ਹੋ ਰਹੀ ਸੀ ਕਿ ਉਨ੍ਹਾਂ ਨੇ ਦਿਖਾਵੇ ਦੀ ਖ਼ਾਤਰ ਕਿੰਨਾ ਹਾਰ-ਸ਼ਿੰਗਾਰ ਕੀਤਾ ਹੋਇਆ ਸੀ ਤੇ ਸੂਟਾਂ ਦੀ ਕਢਾਈ ਵਿਖਾਉਣ ਲਈ ਕੋਈ ਵੀ ਜੈਕਿਟ ਵਗੈਰਾ ਨਹੀਂ ਸੀ ਪਹਿਨੀ। ਮੈਂ ਬਾਅਦ ਵਿਚ ਉਨ੍ਹਾਂ ਵਿਦਿਆਰਥਣਾਂ ਤੋਂ ਇਹੋ-ਜਿਹੀ ਸ਼ਾਨੋ- ਸ਼ੌਕਤ ਕਰਨ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਬਿਨਾਂ ਝਿਜਕ ਤੋਂ ਜਵਾਬ ਦਿੱਤਾ ਸਰ, ਇਹੋ ਤਾਂ ਮੌਕੇ ਹੁੰਦੇ ਨੇ ਸੱਜਣ-ਸੰਵਰਨ ਦੇ। ਕਦੇ-ਕਦਾਈਂ ਤਾਂ ਵਿਆਹਾਂ 'ਤੇ ਜਾਈਦੈ। ਜੇ ਬੰਦਾ ਸਧਾਰਨ ਜਿਹਾ ਬਣ ਕੇ ਜਾਵੇ ਤਾਂ ਉਹਨੂੰ ਕੋਈ ਵਿੰਹਦਾ ਹੀ ਨਹੀਂ। ਮੈਂ ਸੋਚਣ ਲੱਗਿਆ ਕੀ ਇਹੋ ਸਾਡਾ ਵਿਰਸਾ ਹੈ? ਸਾਡਾ ਵਿਰਸਾ ਇੰਨਾ ਸਮਰੱਥ ਹੈ ਕਿ ਅਸੀਂ ਪੰਜਾਬੀ ਪਹਿਰਾਵਾ (ਸਲਵਾਰ-ਕਮੀਜ਼, ਬਾਗ਼, ਫੁਲਕਾਰੀ) ਪਹਿਨ ਕੇ ਵੀ ਆਪਣਾ ਹਾਰ-ਸ਼ਿੰਗਾਰ ਪ੍ਰਗਟਾ ਸਕਦੇ ਹਾਂ। ਇਹੋ ਜਿਹੇ ਹੀ ਇਕ ਹੋਰ ਵਿਆਹ ਦੀ ਮੈਨੂੰ ਯਾਦ ਆ ਰਹੀ ਹੈ, ਜਿਸ ਵਿਚ ਕੁੜੀ ਵਾਲਿਆਂ ਨੇ 65 ਪ੍ਰਕਾਰ ਦੀਆਂ ਚੀਜ਼ਾਂ ਤਿਆਰ ਕੀਤੀਆਂ ਹੋਈਆਂ ਸਨ। ਕੁੜੀ ਵਾਲੇ ਤੇ ਕੁੜੀ ਵੀ ਮੇਰੀ ਜਾਣਕਾਰ ਸੀ ਤੇ ਇਹ ਗੱਲ ਕੁੜੀ ਨੇ ਮੈਨੂੰ ਖ਼ਾਸ ਤੌਰ 'ਤੇ ਦੱਸੀ ਸੀ ਕਿ ਉਹਦੇ ਵਿਆਹ ਵਿਚ ਕਿੰਨੀਆਂ ਖਾਣ-ਪੀਣ ਦੀਆਂ ਚੀਜ਼ਾਂ ਹਨ। ਜਦ ਮੈਂ ਉਹਨੂੰ ਪੁੱਛਿਆ ਕਿ ਤੂੰ ਕਿੰਨੀਆਂ ਚੀਜ਼ਾਂ ਦਾ ਸੁਆਦ ਵੇਖਿਆ ਤਾਂ ਉਹਨੇ ਦੱਸਿਆ ਕਿ ਇਕ ਦਾ ਵੀ ਨਹੀਂ। ਫਿਰ ਮੈਂ ਜਾਣਨਾ ਚਾਹਿਆ ਕਿ ਜੇ ਤੂੰ ਇਕ ਵੀ ਚੀਜ਼ ਨਹੀਂ ਖਾਧੀ ਤਾਂ ਫਿਰ ਇੰਨੀਆਂ ਚੀਜ਼ਾਂ ਬਣਾਉਣ ਦਾ ਕੀ ਫਾਇਦਾ। ਉਹਨੇ ਮਾਣ ਨਾਲ ਕਿਹਾ ਸੀ, 'ਬਰਾਤੀਆਂ ਨੂੰ ਤਾਂ ਦੱਸਣਾ ਸੀ, ਵਿਖਾਉਣਾ ਸੀ ਕਿ ਅਸੀਂ ਵੀ ਕੋਈ ਚੀਜ਼ ਹਾਂ।'

ਇਵੇਂ ਹੀ ਇਕ ਹੋਰ ਮਿੱਤਰ ਦੇ ਵਿਆਹ ਦੀ ਘਟਨਾ ਹੈ। ਉਹਨੇ ਦਾਜ-ਦਹੇਜ ਲੈਣ ਤੋਂ ਸਾਫ਼ ਇਨਕਾਰ ਕਰਦਿਆਂ ਕੁੜੀ ਵਾਲਿਆਂ ਨੂੰ ਇੰਨਾ ਹੀ ਕਿਹਾ ਕਿ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਪਰ ਇੰਨਾ ਜ਼ਰੂਰ ਕਰਿਓ ਕਿ ਬਰਾਤ ਦੀ ਸੇਵਾ ਰੱਜ ਕੇ ਹੋਵੇ। ਉਹ ਵੀ ਇਹੋ ਵਿਖਾਉਣਾ ਚਾਹੁੰਦਾ ਸੀ ਕਿ ਬਰਾਤੀ ਕਿਸੇ ਗੱਲੋਂ ਨਾਰਾਜ਼ ਨਾ ਹੋ ਜਾਣ। ਮਤਲਬ ਦਾਰੂ ਵੀ ਹੋਵੇ ਤੇ ਮੁਰਗ-ਮੁਸੱਲਮ ਵੀ। ਅੱਜ ਕੱਲ੍ਹ ਦੇ ਵਿਆਹਾਂ ਦੀ ਤਾਂ ਗੱਲ ਛੱਡੋ, ਭੋਗਾਂ, ਮਰਨਿਆਂ-ਪਰਨਿਆਂ ਦੇ ਸਮਾਗਮਾਂ ਵਿਚ ਵੀ ਪੂਰਾ ਵਿਖਾਵਾ ਹੁੰਦਾ ਹੈ। ਮੌਤ ਦੇ ਭੋਗ ਤੇ ਲੱਡੂ, ਜਲੇਬੀਆਂ, ਪਕੌੜੇ ਪਰੋਸੇ ਜਾਂਦੇ ਹਨ। ਪਤਾ ਨਹੀਂ ਉਹ ਮੌਤ ਦੀ ਖ਼ੁਸ਼ੀ ਪ੍ਰਗਟ ਕਰ ਰਹੇ ਹੁੰਦੇ ਨੇ ਜਾਂ ਗ਼ਮੀ। ਜਦਕਿ ਮਰਗ ਦੇ ਭੋਗ ਤਾਂ ਬਹੁਤ ਹੀ ਸਧਾਰਨ ਹੋਣੇ ਚਾਹੀਦੇ ਹਨ, ਜਿੱਥੇ ਸਿਰਫ਼ ਬਾਹਰੋਂ ਆਏ ਮਹਿਮਾਨਾਂ ਲਈ ਹੀ ਰੋਟੀ-ਦਾਲ ਪਰੋਸੀ ਜਾਵੇ। ਵਿਆਹਾਂ ਉੱਤੇ ਮਹਿੰਗੇ ਮੈਰਿਜ ਪੈਲੇਸ, ਮਹਿੰਗੀਆਂ ਗੱਡੀਆਂ ਦੇ ਤੋਹਫ਼ੇ, ਸ਼ਰਾਬਾਂ, ਫਾਲਤੂ ਭੋਜਨ, ਖਾਣੇ ਦੀਆਂ ਸਟਾਲਾਂ, ਡੀਜੇ, ਲਾਈਟਾਂ ਦੀ ਚਕਾਚੌਂਧ, ਬੰਦੂਕਾਂ ਦੇ ਫਾਇਰ ਆਦਿ ਸਾਡੀ ਆਪ ਸਹੇੜੀ ਬਰਬਾਦੀ ਦੇ ਕਾਰਨ ਹਨ ਜਿਹਨੂੰ ਆਮ ਸ਼ਬਦਾਂ ਵਿਚ 'ਅੱਡੀਆਂ ਚੁੱਕ ਕੇ ਫਾਹਾ ਲੈਣਾ' ਕਿਹਾ ਜਾਂਦਾ ਹੈ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਇਹੋ ਜਿਹੇ ਸਮਾਗਮਾਂ ਵਿਚ ਕੀਤੀ ਫ਼ਜ਼ੂਲ ਖ਼ਰਚੀ ਅਤੇ ਲੋੜ ਤੋਂ ਵੱਧ ਵਿਖਾਵਾ ਸਾਡੀ ਬਰਬਾਦੀ ਦਾ ਕਾਰਨ ਬਣ ਸਕਦੀ ਹੈ। •

94176-92015



### ਦਾਜ ਲੈਣ ਤੋਂ ਇਨਕਾਰ

*ਇਕ ਮਿੱਤਰ ਦੇ ਵਿਆਹ ਦੀ ਘਟਨਾ ਹੈ। ਉਹਨੇ ਦਾਜ-ਦਹੇਜ ਲੈਣ ਤੋਂ ਸਾਫ਼ ਇਨਕਾਰ ਕਰਦਿਆਂ ਕੁੜੀ ਵਾਲਿਆਂ ਨੂੰ ਇੰਨਾ ਹੀ ਕਿਹਾ ਕਿ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਪਰ ਇੰਨਾ ਜ਼ਰੂਰ ਕਰਿਓ ਕਿ ਬਰਾਤ ਦੀ ਸੇਵਾ ਰੱਜ ਕੇ ਹੋਵੇ। ਉਹ ਵੀ ਇਹੋ ਵਿਖਾਉਣਾ ਚਾਹੁੰਦਾ ਸੀ ਕਿ ਬਰਾਤੀ ਕਿਸੇ ਗੱਲੋਂ ਨਾਰਾਜ਼ ਨਾ ਹੋ ਜਾਣ। ਮਤਲਬ ਦਾਰੂ ਵੀ ਹੋਵੇ ਤੇ ਮੁਰਗ-ਮੁਸੱਲਮ ਵੀ। ਦੱਸੋ ਭਲਾ ਇਹ ਕੀ ਗੱਲ ਹੋਈ। ਜੇ ਅਸਲੀਅਤ ਵਿਚ ਤੁਸੀਂ ਚਾਹੁੰਦੇ ਹੋ ਕਿ ਵਿਖਾਵਾ ਨਾ ਕੀਤਾ ਜਾਵੇ ਤਾਂ ਸੱਚ ਮੁੱਚ ਹੀ ਅਜਿਹੀਆਂ ਰਸਮਾਂ ਤੋਂ ਪ੍ਰਹੇਜ਼ ਕਰੋ ਜੋ ਖ਼ਰਚੀਲੀਆਂ ਹਨ।*

---

ਜੀਤ ਹਰਜੀਤ



# ਇਨਸਾਨ ਜੋ ਬੀਜਦਾ ਓਹੀ ਵੱਢਦੈ

ਸਮੇਂ ਅਤੇ ਜ਼ਿੰਦਗੀ ਵਿਚਕਾਰ ਇਕ ਸਮਾਨਤਾ ਜੋ ਮੈਨੂੰ ਨਜ਼ਰ ਆਉਂਦੀ ਹੈ ਉਹ ਇਹ ਹੈ ਕਿ ਇਹ ਦੋਨੋਂ ਕਦੇ ਕਿਸੇ ਲਈ ਰੁਕਦੇ ਨਹੀਂ ਜਾਂ ਇਹ ਕਹਿ ਲਓ ਕਿ ਰੁਕਣਾ ਇਨ੍ਹਾਂ ਦੇ ਸਭਾਅ ਵਿਚ ਹੀ ਨਹੀਂ। ਸਮੇਂ ਨੂੰ ਬੇਸ਼ੱਕ ਤਕਨੀਕੀ ਮਾਹਿਰਾਂ ਨੇ ਘੜੀਆਂ ਵਿਚ ਬੰਨ੍ਹਣ ਦੀ ਵੀ ਕੋਸ਼ਿਸ਼ ਕੀਤੀ ਪਰ ਇਸ ਨੇ ਆਪਣਾ ਸਭਾਅ ਨਹੀਂ ਬਦਲਿਆ। ਤਕਨੀਕ ਨਾਲ ਬਣੀਆਂ ਘੜੀਆਂ ਭਾਵੇਂ ਰੁੱਕ ਗਈਆਂ ਪਰ ਸਮਾਂ ਨਹੀਂ ਰੁਕਿਆ। ਇਸ ਤਰ੍ਹਾਂ ਹੀ ਜ਼ਿੰਦਗੀ ਹੈ। ਇਹ ਸਦਾ ਹੀ ਚਲਦੀ ਰਹਿੰਦੀ ਹੈ। ਕਿਸੇ ਦੇ ਜਾਣ-ਆਉਣ, ਹੋਣ ਨਾ ਹੋਣ ਦਾ ਇਸ 'ਤੇ ਕੋਈ ਅਸਰ ਨਹੀਂ ਹੁੰਦਾ। ਮਹੌਲ ਕੋਈ ਵੀ ਹੋਵੇ ਦੁੱਖ ਹੋਣ ਜਾਂ ਫਿਰ ਖ਼ੁਸ਼ੀਆਂ ਨਾਲ ਪੱਲੇ ਲੱਦੇ ਹੋਣ ਜ਼ਿੰਦਗੀ ਸਦਾ ਚਲਦੀ ਰਹਿੰਦੀ ਹੈ। ਸ਼ਾਇਦ ਇਸ ਲਈ ਹੀ ਬੁਰੇ ਵਕਤ ਵਿਚ ਹੌਸਲਾ ਦਿੰਦੇ ਹੋਏ ਸਿਆਣੇ ਕਹਿੰਦੇ ਹਨ, 'ਕੋਈ ਨਾ ਭਾਈ ਜੇ ਦਿਨ ਉਹ ਨੀਂ ਰਹੇ ਤਾਂ ਰਹਿਣੇ ਇਹ ਵੀ ਨਹੀਂ ਹੌਸਲਾ ਰੱਖੋ, ਇਹ ਸਮਾਂ ਵੀ ਲੰਘ ਜਾਏਗਾ।' ਉਨ੍ਹਾਂ ਦਾ ਇਹ ਕਥਨ ਸਦਾ ਚਲਦੇ ਰਹਿਣ ਵਾਲੇ ਸਮੇਂ ਦੇ ਸੁਭਾਅ ਦੀ ਬਾਤ ਪਾਉਂਦਾ ਹੈ। ਮੈਂ 'ਬਾਲ ਦਿਵਸ' 'ਤੇ ਛਪੀ ਇਕ ਰਿਪੋਰਟ ਵਿਚ ਪੜ੍ਹਿਆ ਕਿ ਜਿਨਾਂ ਨਵ-ਜੰਮਿਆਂ ਬੱਚਿਆਂ ਨੂੰ ਜੰਮਣ ਵਾਲੇ ਰੂੜੀਆਂ, ਗਲੀਆਂ, ਨਾਲੀਆਂ 'ਚ ਸੁੱਟ ਗਏ ਸੀ ਉਨ੍ਹਾਂ ਦੀ ਜ਼ਿੰਦਗੀ ਨੇ ਵੀ ਉਨ੍ਹਾਂ ਨੂੰ ਵਿਦੇਸ਼ਾਂ ਤੱਕ ਦੀਆਂ ਉਡਾਣਾਂ ਭਰਾਈਆਂ ਹਨ। ਉਨ੍ਹਾਂ ਵਿੱਚੋਂ ਕਈ ਅਜਿਹੇ ਵੀ ਸਨ ਜਿਨ੍ਹਾਂ ਦਾ ਪਾਲਣ-ਪੋਸ਼ਣ ਕਰਨ ਤੋਂ ਉਨ੍ਹਾਂ ਦੇ ਮਾਪਿਆਂ ਨੇ ਆਰਥਿਕ ਮੰਦੀ ਕਾਰਨ ਹੱਥ ਖੜ੍ਹੇ ਕਰ ਦਿੱਤੇ ਸਨ ਤੇ ਕੁਝ ਬੱਚੇ ਅਜਿਹੇ ਵੀ ਸਨ ਜੋ ਨਜ਼ਾਇਜ ਤਰੀਕਿਆਂ ਨਾਲ ਪੈਦਾ ਹੋਏ ਸਨ। ਇਸ ਰਿਪੋਰਟ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ।

ਇਕੱਲੇ ਪੰਜਾਬ ਦੀ ਗੱਲ ਕਰੀਏ ਤਾਂ ਪਿਛਲੇ ਪੰਜ ਸਾਲਾਂ ਵਿਚ ਅਜਿਹੇ ਕੇਸਾਂ ਵਿੱਚੋਂ ਚਾਰ ਸੌ ਦੇ ਕਰੀਬ ਬੱਚੇ ਆਪਣੇ ਮੁਕੱਦਰ ਕਾਰਨ ਸਿਕੰਦਰ ਬਣਨ ਵਿਚ ਕਾਮਯਾਬ ਰਹੇ। ਇਨ੍ਹਾਂ ਸਾਰਿਆਂ ਨੇ ਆਪਣੇ-ਆਪਣੇ ਲੇਖਾਂ ਦੀਆਂ ਲਿਖੀਆਂ ਮੁਤਾਬਿਕ ਕਿੱਥੋਂ ਵਿਛੜ ਕੇ ਕਿੱਥੇ ਜਾਣਾ ਸੀ ਉਸ ਬਾਰੇ ਕਿਸੇ ਨੂੰ ਨਹੀਂ ਪਤਾ ਸੀ। ਇਨ੍ਹਾਂ ਵਿੱਚੋਂ ਇਕ ਬੱਚੇ ਦੇ ਲੇਖ ਤਾਂ ਦੇਖੋ ਜਿਸ ਨੂੰ ਇਕ ਨਾਬਾਲਗ ਮਾਂ ਨੇ ਜਨਮ ਦਿੱਤਾ, ਇਸ ਤੋਂ ਪਹਿਲਾਂ ਕਿ ਉਸ ਦੇ ਮੱਥੇ 'ਤੇ ਗ਼ੈਰਕਾਨੂੰਨੀ ਹੋਣ ਦਾ ਦਾਗ਼ ਲੱਗਦਾ ਉਸ ਨੂੰ ਹਾਈਕੋਰਟ ਦੇ ਜੱਜ ਨੇ ਗੋਦ ਲੈ ਲਿਆ। ਲੁਧਿਆਣਾ ਦੇ ਰੇਲਵੇ ਸਟੇਸ਼ਨ ਲਾਗੇ ਕੂੜੇ ਦੇ ਢੇਰ ਵਿੱਚੋਂ ਜਦੋਂ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਇਕ ਰਾਹਗੀਰ ਦੇ ਕੰਨੀ ਪਈ ਤਾਂ ਉਸ ਨੇ ਉੱਥੋਂ ਦੇ ਲੋਕਾਂ ਦੀ ਮੱਦਦ ਉਸ ਨੂੰ ਫੌਰੀ ਹਸਪਤਾਲ ਪਹੁੰਚਾਇਆ, ਜੋ ਸਿਰਫ਼ 600 ਕਿੱਲੋਗਰਾਮ ਦਾ ਸੀ ਤੇ ਅੱਜ ਕੱਲ੍ਹ ਉਹ ਪੂਰੀ ਤਰ੍ਹਾਂ ਤੰਦਰੁਸਤ ਕਰੀਬ 10 ਕਿੱਲੋ ਦਾ ਹੋ ਗਿਆ ਹੈ ਤੇ ਉਸ ਨੂੰ ਅਮਰੀਕਾ ਦੇ ਇਕ ਗੋਰੇ ਨੇ ਗੋਦ ਲੈ ਲਿਆ ਹੈ। ਅਜਿਹੇ ਹੀ ਹੋਰ ਅਨੇਕਾਂ ਕੇਸ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਜਨਮ ਦੇਣ ਵਾਲਿਆਂ ਨੇ ਨਕਾਰਿਆ ਪਰ ਉਹ ਹੁਣ ਖ਼ੁਸ਼ੀਆਂ ਭਰਿਆ ਬਚਪਨ ਬਤੀਤ ਕਰ ਰਹੇ ਹਨ। ਇਨ੍ਹਾਂ ਸਾਰਿਆਂ ਬੱਚਿਆਂ ਦਾ ਜੀਵਨ ਸਾਡੇ ਸਭ ਲਈ ਪ੍ਰੇਰਨਾ ਸਰੋਤ ਹੈ ਕਿ ਸਾਡੇ ਹੱਥਾਂ ਵਿਚ ਸਿਰਫ਼ 'ਅੱਜ' ਹੈ, ਜਿਸ ਨੂੰ ਵਧੀਆ ਕਰ ਕੇ ਗੁਜ਼ਾਰਾ ਸਾਡੇ ਅਸਲੀ ਫ਼ਰਜ਼ ਅਤੇ ਇਨਸਾਨੀਅਤ ਦਾ ਮੁੱਢਲਾ ਧਰਮ ਹੈ

ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਸਭ ਦੇ ਉਲਟ ਦੂਸਰੇ ਪਾਸੇ ਉਹ ਲੋਕ ਹਨ ਜੋ ਸਮੱਸਿਆਵਾਂ ਕਾਰਨ ਖ਼ੂਬਸੂਰਤ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਬੈਠ ਜਾਂਦੇ ਹਨ। ਜ਼ਿੰਦਗੀ ਦੀ ਜੰਗ ਜਿੱਤਣ ਵਾਲੇ ਇਨ੍ਹਾਂ ਬੱਚਿਆਂ ਦਾ ਜੀਵਨ ਉਨ੍ਹਾਂ ਲੋਕਾਂ ਲਈ ਖ਼ਾਸ ਤੌਰ 'ਤੇ ਪ੍ਰੇਰਨਾਦਾਇਕ ਹੈ ਜੋ ਸਭ ਕੁਝ ਹੋਣ ਦੇ ਬਾਵਜੂਦ ਵੀ ਨਿਰਾਸ਼ਾ ਭਰਿਆ ਜੀਵਨ ਬਿਤਾ ਰਹੇ ਹਨ। ਜਿਸ ਤਰ੍ਹਾਂ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਜ਼ਿੰਦਗੀ ਕਦੇ ਨਹੀਂ ਰੁਕਦੀ। ਹਾਂ ਕਈ ਵਾਰ ਇਹ ਜ਼ਰੂਰ ਹੁੰਦਾ ਹੈ ਕਿ ਕੁਝ ਤੁਹਾਡੀ ਸੋਚ ਤੋਂ ਉਲਟ ਵਾਪਰ ਜਾਂਦਾ ਹੈ ਜਿਸ ਨੂੰ ਆਪਾਂ ਮਾੜਾ ਵਕਤ ਆਖ ਲੈਂਦੇ ਹਾਂ ਪਰ ਲੰਘ ਇਹ ਮਾੜਾ ਵਕਤ ਵੀ ਜਾਂਦਾ ਹੈ ਕਿਉਂਕਿ ਜਦੋਂ ਚੰਗੇ ਸਮੇਂ ਨੂੰ ਕੋਈ ਰੋਕ ਨਹੀਂ ਸਕਿਆ ਤਾਂ ਨਹੀਂ ਰੁਕਣਾ ਮਾੜੇ ਨੇ ਵੀ ਨਹੀਂ, ਜ਼ਰੂਰਤ ਹੈ ਉਸ ਵਕਤ ਆਪਣੇ ਹੌਂਸਲੇ ਨੂੰ ਬਣਾ ਕੇ ਰੱਖਣ ਦੀ। ਸਾਨੂੰ ਆਪਣੇ ਮਨ ਨੂੰ ਇਸ ਕਦਰ ਕੋਮਲ ਰੱਖਣਾ ਚਾਹੀਦਾ ਹੈ ਕਿ ਜਦੋਂ ਕਦੇ ਪ੍ਰਸਥਿਤੀਆਂ ਸਾਡੀ ਸੋਚ ਦੇ ਵਿਰੁੱਧ ਬਣਨ ਅਸੀਂ ਉਨ੍ਹਾਂ ਨੂੰ ਸਹਿਣ ਕਰ ਸਕੀਏ। ਇਹ ਹੋ ਸਕਦਾ ਹੈ ਕਿ 'ਅੱਜ' ਤੁਹਾਡੀ ਸੋਚ ਦੇ ਹਾਣ ਦਾ ਨਾ ਹੋਵੇ ਪਰ ਇਹ ਨਹੀਂ ਹੋ ਸਕਦਾ ਕਿ ਆਉਣ ਵਾਲਾ ਸਮਾਂ ਤੁਹਾਡੀ ਸੋਚ ਮੁਤਾਬਕ ਨਹੀਂ ਹੋਵੇਗਾ। ਆਪਣੀ ਮਿੱਥੀ ਮੰਜ਼ਿਲ ਲਈ ਸਦਾ ਮਿਹਨਤ ਕਰਦੇ ਰਹੋ। ਸੱਚੀ ਲਗਨ ਇਕ ਨਾ ਇਕ ਦਿਨ ਜ਼ਰੂਰ ਤੁਹਾਨੂੰ ਤੁਹਾਡੀ ਮੰਜ਼ਿਲ 'ਤੇ ਲੈ ਪਹੁੰਚੇਗੀ।

ਨਿਰਾਸ਼ ਹੋਣਾ, ਥੱਕ ਹਾਰ ਕੇ ਬੈਠਣਾ ਇਨਸਾਨ ਹਿੱਸੇ ਨਹੀਂ ਆਉਂਦਾ। ਇਨਸਾਨ ਦਾ ਧਰਮ ਹੈ ਸਦਾ ਚਲਦੇ ਰਹਿਣਾ। ਮਾਨਸ ਜਨਮ ਬਹੁਤ ਕੀਮਤੀ ਹੈ ਇਸ ਨੂੰ ਜਾਇਆ ਨਾ ਗਵਾਓ। ਤੁਹਾਡਾ ਆਉਣ ਵਾਲਾ ਕੱਲ੍ਹ ਤੁਹਾਡੇ ਹੱਥ ਵਿਚ ਨਹੀਂ, ਅੱਜ ਜ਼ਰੂਰ ਤੁਹਾਡੇ ਕੋਲ ਹੈ। ਕਿਸੇ ਵਿਦਵਾਨ ਦਾ ਕਹਿਣਾ ਹੈ ਕਿ ਜੇ ਤੁਸੀਂ ਆਉਣ ਵਾਲਾ ਸਮਾਂ ਸੋਹਣਾ ਦੇਖਣਾ ਚਾਹੁੰਦੇ ਹੋ ਤਾਂ ਆਪਣੇ ਅੱਜ ਨੂੰ ਸੋਹਣਾ ਕਰਕੇ ਗੁਜ਼ਾਰੋ। ਹਰ ਇਨਸਾਨ ਨੂੰ ਹਰ ਰੋਜ਼ ਇਕ ਜ਼ਿੰਦਗੀ ਰੂਪੀ ਸਾਫ਼ ਕਾਗ਼ਜ਼ ਮਿਲਦਾ ਹੈ ਇਹ ਉਸ ਇਨਸਾਨ ਦੇ ਹਿੱਸੇ ਹੈ ਉਸ ਨੇ ਇਸ ਕਾਗ਼ਜ਼ ਉੱਤੇ ਕਿਹੋ ਜਿਹੀਆਂ ਲੀਕਾਂ ਵਾਹੁਣੀਆਂ ਹਨ। ਇਨਸਾਨ ਉਸ ਕਾਗ਼ਜ਼ ਉੱਤੇ ਜਿਹੋ ਜਿਹਾ ਲਿਖਦਾ ਹੈ ਓਵੇਂ ਦਾ ਹੀ ਫ਼ਲ ਉਸ ਨੂੰ ਜੀਵਨ ਦੇ ਰੂਪ ਵਿਚ ਮਿਲਦਾ ਹੈ ਜਾਂ ਇੰਝ ਵੀ ਕਹਿ ਸਕਦੇ ਹਾਂ ਕਿਇਨਸਾਨ ਜੋ ਬੀਜਦਾ ਓਹੀ ਵੱਢਦੈ। •

97816-77772





---

ਰਾਜਿੰਦਰ ਕੌਰ ਚੌਹਕਾ

# ਔਰਤ ਲਈ ਮਾਣ ਵਾਲੀ ਗੱਲ ਹੈ ਸਿਰ ਕੱਜਣਾ

ਇਸਤਰੀਆਂ ਲਈ ਪਰਦਾ, ਬੁਰਕਾ, ਘੁੰਡ, ਹਿਜ਼ਾਬ ਰਾਹੀਂ ਆਪਣਾ ਚਿਹਰਾ ਛੁਪਾਉਣ ਨੇ ? ਮੌਜੂਦਾ ਉਸਾਰੂ ਸੋਚ, ਤਰਕਸ਼ੀਲਤਾ ਅਤੇ ਇਸਤਰੀ ਦੀ ਮਾਣ-ਮਰਿਆਦਾ ਜਿਹੇ ਸਵਾਲਾਂ ਪ੍ਰਤੀ ਸਮਾਜ ਅੰਦਰ ਅੱਜ ! 'ਇਸਤਰੀ ਅਧਿਕਾਰਾਂ' ਲਈ ਇਕ ਨਵੀਂ ਚੁਣੌਤੀ ਦੇ ਪ੍ਰਤੀ ਇਕ ਨਵੀਂ ਬਹਿਸ ਛੇੜ ਦਿੱਤੀ ਹੈ ? ਸ੍ਰੀਲੰਕਾ ਵਿਚ ਦਹਿਸ਼ਤਗਰਦੀ ਦੀ ਘਟਨਾ ਤੋਂ ਬਾਅਦ ਬੁਰਕੇ 'ਤੇ ਲੱਗੀ ਪਾਬੰਦੀ ਨੇ ਭਾਰਤ ਵਿਚ 'ਬੁਰਕਾ ਬਨਾਮ ਘੁੰਡ' ਨੂੰ ਇਕ ਨਵੇਂ ਵਾਦ-ਵਿਵਾਦ ਨੂੰ ਜਨਮ ਦਿੱਤਾ ਹੈ ਪ੍ਰੰਤੂ ! ਬੁਰਕੇ 'ਤੇ ਪਾਬੰਦੀ ਦੇ 'ਹੱਕ ਤੇ ਵਿਰੋਧ' ਵਿਚ ਉੱਠੀ ਬਹਿਸ ਦੇ ਨਾਲ 'ਆਸਕਰ-ਪੁਰਸਕਾਰ' ਜਿਤਣ ਵਾਲੇ ਸੰਗੀਤਕਾਰ ਏਆਰਰਹਿਮਾਨ ਦੀ ਲੜਕੀ 'ਖ਼ਦੀਜ਼ਾ' ਦੇ ਨਕਾਬ ਪਾਏ ਜਾਣ ਤੇ ਉਸ ਦੀ ਇਹ ਵਾਇਰਲ ਹੋਈ ਤਸਵੀਰ ਨੇ ਬਹਿਸ ਦਾ ਰੁੱਖ ਹੀ ਬਦਲ ਦਿੱਤਾ ਹੈ ! ਇਹ ਸਵਾਲ ਵੀ ਉਭਰ ਕੇ ਸਾਹਮਣੇ ਆਇਆ ਕਿ ਕੀ ਪਰਦੇ ਦੇ ਰਿਵਾਜ ਤੇ ਪਾਬੰਦੀ ਉੱਪਰ ਇਸਤਰੀਆਂ ਦੇ ਅਧਿਕਾਰਾਂ ਦੀ ਉਲੰਘਣਾ ਤਾਂ ਨਹੀਂ ਹੋ ਰਹੀ ਹੈ ? ਜਿਸ ਤਰ੍ਹਾਂ ਕਿ ਪਿੱਛਲੇ ਸਾਲ 'ਸੰਯੁਕਤ ਰਾਸ਼ਟਰ' ਦੀ ਮਨੁੱਖੀ ਅਧਿਕਾਰ ਸੰਮਤੀ ਨੇ ਬੁਰਕੇ ਉੱਪਰ ਲਾਈ ਪਾਬੰਦੀ ਨੂੰ ਨਾ-ਬਾਜਵ ਦੱਸਦਿਆਂ ਕਿਹਾ ਸੀ ਕਿ 'ਇਹ ਨਾ ਸਿਰਫ਼ ਇਸਤਰੀਆਂ ਦੇ ਅਧਿਕਾਰਾਂ ਦੀ ਉਲੰਘਣਾ ਹੈ ਬਲਕਿ ਉਨ੍ਹਾਂ ਦੇ ਧਾਰਮਿਕ-ਵਿਸ਼ਵਾਸ ਨੂੰ ਵੀ ਧੱਕਾ ਲੱਗਦਾ ਹੈ ? 'ਉੱਥੇ ਹੀ 'ਅਮੈਨੇਸਟੀ-ਇੰਟਰਨੈਸ਼ਨਲ' ਵੀ ਬੁਰਕੇ ਦੇ ਰੋਕ ਦੇ ਵਿਰੋਧ ਵਿਚ ਹੈ! ਇਸ ਜਥੇਬੰਦੀ ਦਾ ਇਹ ਵੀ ਮੰਨਣਾ ਹੈ ਕਿ, 'ਇਸਤਰੀਆਂ ਲਈ ਸਸ਼ਕਤੀਕਰਨ ਦਾ ਉਦੇਸ਼, ਉਨ੍ਹਾਂ ਲਈ ਮੌਜੂਦਾ ਮੌਕਿਆਂ ਨੂੰ ਵਧਾਉਣਾ ਹੈ, ਨਾ ਕਿ ਮੌਜੂਦਾ ਮੌਕਿਆਂ ਨੂੰ ਹੋਰ ਵੀ ਸੀਮਤ ਕਰ ਦੇਣਾ ਹੈ ?'

## ਔਰਤ ਦੀ ਮਰਜ਼ੀ

ਕੇਰਲ ਦੀ ਬਾਡੀ ਬਿਲਡਰ 'ਮਜੀਜ਼ੀਆ ਭਾਨੂੰ ਦੇ ਮੁਤਾਬਿਕ' ਜੇਕਰ ਕੋਈ ਇਸਤਰੀ ਆਪਣੇ ਸਰੀਰ ਨੂੰ ਦਿਖਾਉਣ ਲਈ ਆਜ਼ਾਦ ਹੈ ਤਾਂ ਉਸ ਨੂੰ ਆਪਣੇ ਸਰੀਰ ਨੂੰ ਢੱਕਣ ਲਈ ਵੀ ਆਜ਼ਾਦੀ ਚਾਹੀਦੀ ਹੈ ?' ਇਸ ਤਰ੍ਹਾਂ ਪਰਦੇ ਦਾ ਅਧਿਕਾਰ ਸਿਰਫ਼ ਔਰਤ ਦੀ ਮਰਜ਼ੀ ਤੇ ਹੀ ਛੱਡ ਦੇਣਾ ਮੁਨਾਸਿਬ ਨਹੀਂ ਹੋਵੇਗਾ? ਅੱਜ ਦੇ ਇਸ ਪ੍ਰਗਤੀਸ਼ੀਲ ਸਮਾਜ ਦਾ ਭਾਵੇਂ! ਇਕ ਵਰਗ ਇਸ ਨੂੰ ਪੁਰਾਣੀ ਪਰੰਪਰਾਵਾਂ ਦੇ ਨਾਲ ਜੋੜ ਕੇ ਦੇਖ ਰਿਹਾ ਹੈ ਪਰ ਵਿਕਾਸਸ਼ੀਲ-ਭਾਰਤ ਤੇ ਅਮਰੀਕਾ ਸਮੇਤ ਕਈ ਵਿਕਸਤ ਦੇਸ਼ਾਂ ਵਿਚ ਵੀ ਉਨ੍ਹਾਂ ਇਸਤਰੀਆਂ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ, ਜਿਨ੍ਹਾਂ ਨੇ ਇਸ ਪਰੰਪਰਾ ਨੂੰ ਸਦਾ ਹੀ ਆਪਣੇ ਅਧਿਕਾਰਾਂ ਤਹਿਤ ਨਿਭਾਉਂਦੇ ਹੋਏ ਹਿਜ਼ਾਬ ਪਾ ਕੇ ਸਿਰਫ਼ ਮਾਡਲਿੰਗ ਹੀ ਨਹੀਂ ਕੀਤੀ ਸੀ ? ਬਲਕਿ, ਵਾਕਾਰੀ 'ਬਾਡੀ ਬਿਲਡਰ ਚੈਂਪੀਅਨ ਪ੍ਰਤੀਯੋਗਤਾ' ਵਿਚ ਵੀ ਆਪਣੀ ਬੁਲੰਦੀ ਦਾ ਝੰਡਾ ਵੀ ਗੱਡਿਆ। ਕੁਝ ਸਮੇਂ ਪਹਿਲਾਂ ਫਿਲਮ 'ਦੰਗਲ' ਵਿਚ ਆਪਣੀ ਭੂਮਿਕਾ ਨਿਭਾ ਚੁੱਕੀ 'ਜਾਇਰਾ-ਵਸੀਮ' ਨੇ ਇਹ ਕਹਿ ਕੇ, ਹਿਜ਼ਾਬ ਪਾ ਕੇ ਇਸਤਰੀਆਂ, ਖ਼ੂਬਸੂਰਤ ਅਤੇ ਸੁਤੰਤਰ ਹੁੰਦੀਆਂ ਹਨ।

ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਬੁਰਕਾ, ਘੁੰਡ ਜਾਂ ਹਿਜ਼ਾਬ ਇਸਤਰੀਆਂ ਦੀ ਆਜ਼ਾਦੀ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਜਾਂ ਪਰਦੇ ਨੂੰ ਇਸਤਰੀਆਂ ਦੀ ਆਜ਼ਾਦੀ ਦੇ ਰਾਹ ਵਿਚ ਪਈਆਂ ਬੇੜੀਆਂ ਵਾਂਗ ਦੇਖਣਾ ਚਾਹੀਦਾ ਹੈ ? ਸਮੇਂ ਦੀ ਮੰਗ ਇਹ ਹੈ, 'ਕਿ ਇਸ ਲਈ ਫ਼ੈਸਲਾ ਲੈਣ ਦਾ ਅਧਿਕਾਰ ਇਸਤਰੀ ਉੱਪਰ ਛੱਡ ਦੇਣਾ ਚਾਹੀਦਾ ਹੈ। ਆਪਣੇ ਹਾਲਾਤ ਮੁਤਾਬਿਕ ਸੋਚ ਕੇ ਉਹ ਸਭ ਕੁਝ ਤੈਅ ਕਰੇ ਕਿ, ਕੀ ਪਰਦਾ ਉਸ ਦੀ ਪੁਰਾਤਨ ਹੋ ਰਹੀ ਸੰਸਕ੍ਰਿਤੀ ਦਾ ਇਕ ਹਿੱਸਾ ਹੈ? ਜਾਂ ਉਸ ਦੀ ਆਜ਼ਾਦੀ ਜਾਂ ਉਸ ਦੇ ਵਿਅਕਤੀਤਵ ਦੇ ਰਸਤੇ ਵਿਚ ਰੌੜਾ ਹੈ ?' ਕਿਉਂਕਿ ਭਾਰਤ ਵਿਚ ਘੁੰਡ ਜਿੱਥੇ ਇਕ ਸੰਸਕ੍ਰਿਤੀ ਨਾਲ ਜੁੜੀ ਹੋਈ ਪਰੰਪਰਾਂ ਹੀ ਨਹੀਂ? ਸਗੋਂ ਇਹ ਇਕ ਗ਼ੁਲਾਮੀ ਦਾ ਵੀ ਪ੍ਰਤੀਕ ਹੈ ?'

## ਪੀੜ੍ਹੀ-ਦਰ ਪੀੜ੍ਹੀ ਚਲਣ ਵਾਲੀ ਗ਼ੁਲਾਮੀ

ਪਰਦਾ ਪੀੜ੍ਹੀ-ਦਰ ਪੀੜ੍ਹੀ ਚਲਣ ਵਾਲੀ 'ਗ਼ੁਲਾਮੀ' ਦੀ ਇਕ ਲਕੀਰ ਵੀ ਹੈ, ਜੋ ਅੱਗੋਂ ਇਹੋ ਜਿਹੀ ਪਰੰਪਰਾ ਰੂਪ ਧਾਰ ਗਈ, 'ਜਿੱਥੇ ਆਪਣੇ ਤੋਂ ਵੱਡਿਆਂ ਦਾ ਆਦਰ ਕਰਨ ਦੇ ਰੂਪ ਵਿਚ ਦੇਖਿਆ ਜਾਂਦਾ ਸੀ ਅਤੇ ਸਿਰ ਢੱਕ ਕੇ ਰੱਖਣ ਦੀ ਪਰੰਪਰਾ ਚਲਦੀ ਹੀ ਰਹੀ। ਸਾਮੰਤਵਾਦੀ ਅਤੇ ਗ਼ੁਲਾਮਦਾਰੀ ਦੌਰ ਅੰਦਰ ਕੁਝ ਇਸਤਰੀਆਂ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ, ਜਿੱਥੇ ਅਮੀਰ ਘਰਾਂ ਦੀਆਂ ਇਸਤਰੀਆਂ ਅਪਾਣੀ 'ਸੁੰਦਰਤਾ ਨੂੰ ਛੁਪਾਉਣ ਤੇ ਆਬਰੂ (ਇੱਜ਼ਤ) ਬਣਾਈ ਰੱਖਣ ਲਈ ਪਰਦੇ ਦਾ ਸਹਾਰਾ ਲੈਂਦੀਆਂ ਸਨ। ਅਰਬ ਦੇਸ਼ਾਂ ਵਿਚ ਵੀ ਰੇਤਾ, ਧੂੜ ਤੇ ਧੁੱਪ ਤੋਂ ਆਪਣੇ ਵਾਲਾਂ (ਸਿਰ) ਤੇ ਚਮੜੀ ਨੂੰ ਬਚਾਉਣ ਲਈ ਇਸਤਰੀਆਂ ਸਿਰ ਤੇ ਚਿਹਰੇ ਨੂੰ ਕੱਪੜੇ ਨਾਲ ਬੰਨ੍ਹ ਕੇ ਰੱਖਦੀਆਂ ਸਨ। ਅੱਜ ਇਸ ਦਾ ਬਦਲਿਆ ਹੋਇਆ ਰੂਪ ਸਾਡੇ ਸਾਹਮਣੇ ਹੈ। ਹੱਥਾਂ ਤੇ ਚਿਹਰੇ ਦੀ ਸੁਰੱਖਿਆ ਦੇ ਤੌਰ 'ਤੇ ਹਿਜ਼ਾਬ, ਸਕਾਰਫ਼, ਚੁੰਨੀ ਜਿਹੇ ਕਪੜੇ ਪਹਿਨੇ ਦੇਖਣ ਨੂੰ ਮਿਲਦੇ ਹਨ।

## ਦਾਰਸ਼ਨਿਕ ਅਤੇ ਇਤਿਹਾਸਕਾਰ

ਗਰੀਕ ਦਾਰਸ਼ਨਿਕ ਅਤੇ ਇਤਿਹਾਸਕਾਰ ਸਤਾਬੋ ਨੇ ਵੀ ਪਹਿਲੀ ਸਦੀ ਵਿਚ ਮੱਧ ਦੁਨੀਆ ਦੇ ਦੇਸ਼ਾਂ ਵਿਚ ਇਸਤਰੀਆਂ ਵੱਲੋਂ ਆਪਣਾ ਚਿਹਰਾ ਢੱਕਣ ਦਾ ਜ਼ਿਕਰ ਕੀਤਾ ਹੈ। ਉੱਥੇ ਹੀ ਉੱਚ ਵਰਗ ਦੇ ਅਮੀਰ ਲੋਕਾਂ ਵਿਚ ਇਸਤਰੀਆਂ ਨੇ ਪਰਦੇ ਦੀ ਰੀਤ ਇੱਜ਼ਤ ਦੇ ਤੌਰ 'ਤੇ ਵੀ ਕੀਤੀ। ਕੁਝ ਵਰਗਾਂ ਵਿਚ ਚਿਹਰੇ ਨੂੰ ਠੀਕ ਤਰ੍ਹਾਂ ਬਣਾਈ ਰੱਖਣ ਲਈ ਬੜੀ ਹੀ ਸਖ਼ਤਾਈ ਨਾਲ ਮੂੰਹ ਢੱਕਣ ਦੀ ਪਾਲਣਾ ਕੀਤੀ ਗਈ। ਆਚਾਰੀਆ ਨਰਾਇਣ ਦੱਤ ਤਿਵਾਰੀ, ਸ਼ਾਸਤਰੀ, ਰਾਮ ਚਰਿਤ੍ਰਮਾਨਸ ਨੇ ਇਕ ਅਧਿਆਏ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਸਿਰ ਢੱਕਣ ਦਾ ਰਿਵਾਜ ਪੁਰਾਣਾ ਹੈ ? ਰਮਾਇਣ ਵਿਚ ਜਦੋਂ ਰਾਮ ਚੰਦਰ ਤੇ ਸੀਤਾ ਬਨਵਾਸ ਜਾ ਰਹੇ ਸੀ ਤਾਂ ਰਸਤੇ ਵਿਚ ਇਸਤਰੀਆਂ ਨੇ ਸੀਤਾ ਤੋਂ ਰਾਮਚੰਦਰ ਵਾਰੇ ਪੁੱਛਿਆ ਤਾਂ ਪਹਿਲਾਂ ਸੀਤਾ ਨੇ ਆਪਣੀ ਚੁੰਨੀ ਨੂੰ ਮੱਥੇ ਤੋਂ ਥੱਲੇ ਸਰਕਾ ਕੇ ਘੁੰਡ ਕੱਢਿਆ ਅਤੇ ਸਿਰ ਨੂੰ ਨੀਵਾਂ ਕਰ ਕੇ ਇਸ਼ਾਰਾ ਕਰ ਕੇ ਉਸ ਦਾ ਪਤੀ ਹੋਣ ਦਾ ਸਬੂਤ ਦਿੱਤਾ। ਉੱਥੇ ਤਾਂ ਉਸ ਸਮੇਂ ਕੋਈ ਵੀ ਸਿਆਣਾ ਬਜ਼ੁਰਗ ਨਹੀਂ ਸੀ ? ਲੇਕਿਨ ਆਦਰ ਕਰਦਿਆਂ ਆਪਣੇ ਰਿਸ਼ਤੇ ਵਾਰੇ ਦੱਸਣ ਲਈ ਸੀਤਾ ਨੇ ਆਪਣਾ ਸਿਰ ਢੱਕਿਆ। ਇਸ ਤਰ੍ਹਾਂ ਪਰਦਾ ਕਰਨਾ, ਇਕ ਘ੍ਰਿਣਾ ਕਰਕੇ ਨਹੀਂ ਕੀਤਾ। ਇਸ ਨੂੰ ਤਰਕ ਨਾਲ ਦੇਖਣਾ ਪਏਗਾ ਕਿ ਇਹ ਇਕ ਮਰਿਯਾਦਾ ਦੇ ਤੌਰ 'ਤੇ ਕੀਤਾ ਗਿਆ ਸੀ।

## ਸੁਆਣੀ ਦਾ ਰੁਤਬਾ

ਵਿਆਹ ਉਪਰੰਤ ਸੁਆਣੀ ਦਾ ਰੁਤਬਾ ਆਦਿਕਾਲ ਸਮੇਂ ਵਿਆਹ ਤੋਂ ਬਾਅਦ ਵੀ ਸੁਆਣੀ ਪਰਦੇ ਵਿਚ ਰਹਿਣਾ ਪਸੰਦ ਕਰਦੀ ਸੀ। ਭਵ ਭੂਤੇ ਅਤੇ ਮਾਘ ਦੀਆਂ ਰਚਨਾਵਾਂ ਵਿਚ ਵੀ ਪਰਦੇ 'ਚ ਰਹਿ ਕੇ ਚੱਲਣ ਦੇ ਰਿਵਾਜ ਬਾਰੇ ਪਤਾ ਚਲਦਾ ਹੈ। ਉੱਥੇ ਹੀ ਬਾਲਮੀਕ ਰਮਾਇਣ ਵਿਚ ਵੀ ਘੁੰਡ ਵਾਰੇ ਜਾਣਕਾਰੀ ਕਈ ਵਾਰੀ ਦਿੱਤੀ ਗਈ ਹੈ। ਇਸ ਤਰ੍ਹਾਂ ਇਕ ਜਗਾ ਕਿਹਾ ਗਿਆ ਹੈ ਕਿ ਹੇ ਪ੍ਰਭੂ ਮੇਰੇ ਮੂੰਹ ਤੇ ਘੁੰਡ ਨਹੀਂ ਹੈ। ਮੈਂ ਆਪਣੇ ਪਿੰਡ ਤੋਂ ਪੈਦਲ ਚੱਲ ਕੇ ਇੱਥੇਂ ਆਈ ਹਾਂ। ਇਹੋ ਜਿਹੀ ਅਵਸਥਾ ਵਿਚ ਦੇਖ ਕੇ ਤੁਸੀਂ ਮੈਨੂੰ ਕ੍ਰੋਧਿਤ ਕਿਉਂ ਨਹੀਂ ਹੁੰਦੇ? ਘੁੰਡ ਇਕ ਆਪਣੀ ਮਰਜ਼ੀ ਨਾਲ ਕੱਢਿਆ ਜਾਂਦਾ ਹੈ, ਨਾ ਕਿ ਘੁੰਡ ਕੱਢਣ ਲਈ ਮਜਬੂਰ ਕੀਤਾ ਗਿਆ ? ਇਹ ਪ੍ਰਾਚੀਨ ਕਾਲ ਤੋਂ ਹੀ ਰੀਤ ਚਲਦੀ ਆਈ ਹੈ। ਜੇਕਰ ਪੁਰਾਣੀਆਂ ਕਥਾਵਾਂ ਨੂੰ ਖੋਜਿਆ ਜਾਵੇ ਤਾਂ ਇਸਤਰੀ ਪੁਰਸ਼ ਦੋਵੇਂ ਹੀ ਸਿਰ ਢੱਕਣ ਲਈ ਮੁਕਟ ਪਾਉਂਦੇ ਸਨ।

ਦਰਅਸਲ ਇਸ ਤਰ੍ਹਾਂ ਸਿਰ ਢੱਕਣ ਦੇ ਪਿੱਛੇ ਇਕ ਵਿਗਿਆਨਕ ਤਰਕ ਇਹ ਵੀ ਦਿੱਤਾ ਜਾਂਦਾ ਹੈ ਕਿ ਇਸ ਨਾਲ ਮਸਤਿਕ ਨੂੰ ਇਕਾਗਰਤਾ ਨਾਲ ਰੱਖਣ 'ਚ ਮਦਦ ਮਿਲਦੀ ਹੈ। ਉੱਤਰੀ ਭਾਰਤ ਅੰਦਰ ਘੁੰਡ ਇਕ ਪਰਦਾ ਅਤੇ ਸਰੀਰ ਨੂੰ ਕੱਜਣਾ (ਢੱਕ ਕੇ ਰੱਖਣਾ) ਇਕ ਰੀਤ ਸੀ। ਬਾਅਦ 'ਚ ਮੁਗ਼ਲਾਂ ਦੇ ਆਉਣ ਨਾਲ ਇਕ ਰਵਾਇਤੀ, ਧਾਰਮਿਕ ਰਸਮ ਵਜੋਂ ਇਸਤਰੀ ਲਈ ਇਕ ਬੇੜੀ, ਬੰਦਸ਼ ਬਣ ਗਈ ? ਜੋ ਅੱਜ ਤਕ ਜਾਰੀ ਹੈ।

## ਇਨਕਲਾਬ ਦੀ ਗੱਲ

ਕਵੀਆਂ ਤੇ ਸ਼ਾਇਰਾਂ ਨੇ ਵੀ ਘੁੰਡ ਬਨਾਮ ਪਰਦੇ ਨੂੰ ਔਰਤਾਂ ਦੀ ਸੁੰਦਰਤਾ ਨਾਲ ਜੋੜਿਆ ਹੈ। ਭਗਤ ਕਬੀਰ ਜੀ ਨੇ ਇਸ ਨੂੰ ਰੂਹਾਨੀਅਤ ਨਾਲ ਜੋੜ ਕੇ ਦੇਖਿਆ ਹੈ। ਇਨਕਲਾਬ ਦੀ ਗੱਲ ਕਰਦੇ ਹੋਏ ਮਜਾਜ਼ ਨੇ ਇਸ ਰਾਹੀਂ ਬਗ਼ਾਵਤ ਦੀ ਗੱਲ ਕੀਤੀ ਹੈ, 'ਤੇਰੇ ਮਾਥੇ ਪੇ ਯਹ ਆਂਚਲ ਸੇ ਇਕ ਪਰਚਮ ਬਨਾ ਲੇਤੀ ਤੋ ਅੱਛਾ ਥਾ?' ਸਿੱਖ ਧਰਮ ਅੰਦਰ ਘੁੰਡ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ ਹੈ। ਮੁਗ਼ਲ ਕਾਲ ਵੇਲੇ, ਮੁਗ਼ਲ ਵਧੀਕੀਆਂ ਕਰਕੇ ਲੜਕੀਆਂ ਦੇ ਕੰਨ, ਨੱਕ ਵਿੰਨਣੇ ਅਤੇ ਘੁੰਡ ਕੱਢਣਾ ਇਸਤਰੀਆਂ ਲਈ ਇਕ ਬਚਾਅ ਦਾ ਢੰਗ-ਤਰੀਕਾ ਸੀ। ਜੋ ਹੌਲੀ-ਹੌਲੀ ਖ਼ਤਮ ਹੋ ਗਿਆ। ਸਿੱਖ ਇਤਿਹਾਸ ਅੰਦਰ ਕਈ ਜੁਝਾਰੂ ਇਸਤਰੀਆਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੇ ਹਾਕਮਾਂ ਦੇ ਜ਼ੁਲਮਾਂ ਵਿਰੁੱਧ 'ਮਰਦਾਨਾ' ਭੇਸ ਧਾਰ ਕੇ ਲੜਾਈ ਲੜੀ ! ਬਰਤਾਨਵੀ ਸਾਮਰਾਜ ਵਿਰੁੱਧ ਕਈ ਇਸਤਰੀਆਂ ਆਜ਼ਾਦੀ ਦੀ ਜੰਗ ਅੰਦਰ ਵੀ ਘੁੰਡ ਕੱਢ ਕੇ ਮੈਦਾਨੇ ਜੰਗ ਵਿਚ ਨਿੱਤਰੀਆਂ। ਕਿਹਾ ਇਹ ਵੀ ਜਾਂਦਾ ਹੈ ਕਿ ਇਸਤਰੀਆਂ ਘੁੰਡ ਆਪਣੀ ਸੁੰਦਰਤਾ ਨੂੰ ਛੁਪਾਣ ਲਈ ਵੀ ਕੱਢਦੀਆਂ ਸਨ? ਇਹੀ ਕਾਰਨ ਹੈ ਕਿ ਰੂਪ-ਸੁੰਦਰਤਾ ਦੇ ਵਾਰੇ ਘੁੰਡ ਦਾ ਜ਼ਿਕਰ ਵਾਰ-ਵਾਰ ਕਵੀਆਂ ਵੱਲੋਂ ਕੀਤਾ ਗਿਆ ਹੈ।

ਚਾਹੇ ਕਵੀ ਹਰੀ ਰਾਮ ਵਿਆਸ ਹੋਵੇ, ਜਾਂ ਕਾਲੀਦਾਸ ਹੋਵੇ। ਇਹੀ ਕਾਰਨ ਹੈ ਕਿ ਇਨ੍ਹਾਂ ਕਵੀਆਂ ਨੇ ਘੁੰਡ ਨੂੰ ਇਕ ਸੁੰਦਰਤਾ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ।

## ਅਗਾਂਹ-ਵਧੂ ਸਮਾਜ

ਅਗਾਂਹ-ਵਧੂ ਆਧੁਨਿਕ ਸਮਾਜ ਅੰਦਰ, ਇਸਤਰੀਆਂ ਨੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਕੇ ਆਪਣੇ ਹੱਕਾਂ ਪ੍ਰਤੀ ਸੰਘਰਸ਼ ਕੀਤੇ ਹਨ। ਭੂਤ ਤੇ ਵਰਤਮਾਨ ਸਮੇਂ ਦੀਆਂ, ਦਮ ਘੁੱਟਣ ਵਾਲੀਆਂ, ਇਸਤਰੀ ਵਰਗ-ਵਿਰੋਧੀ ਪਰੰਪਰਾਵਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਨਵੀਆਂ ਪਰੰਪਰਾਵਾਂ ਨੂੰ ਬਣਾਉਣ ਤੇ ਅਪਨਾਉਣ ਲਈ ਵੀ ਅੱਜ ਸਾਡੇ ਸਾਹਮਣੇ ਅਗਾਂਹ-ਵਧੂ ਇਸਤਰੀਆਂ ਦੀਆਂ ਮਿਸਾਲਾਂ ਹਨ ? ਜਿਨ੍ਹਾਂ ਨੇ ਆਪਣੀਆਂ ਇਨਕਲਾਬੀ ਪਰੰਪਰਾਵਾਂ ਰਾਹੀਂ ਸਮਾਜ ਅੰਦਰ ਇਸਤਰੀ ਵਰਗ ਨੂੰ ਬਰਬਰਤਾ ਦੇਣ ਲਈ ਉਹ, ਉਨ੍ਹਾਂ ਸਥਾਨਾਂ ਤੇ ਪਹੁੰਚੀਆਂ, ਜਿੱਥੇ ਬਹੁਤ ਹੀ ਘੱਟ ਉਮੀਦ ਰੱਖੀ ਜਾਂਦੀ ਸੀ। ਇਸ ਦੀ ਮਿਸਾਲ ਸਾਡੇ ਸਾਹਮਣੇ ਪੇਸ਼ ਹੈ।

## ਅਨੋਖੀ ਮਿਸਾਲ

ਇਕ ਖ਼ਬਰ ਮੁਤਾਬਿਕ ਪਿਛਲੇ ਸਾਲ ਕੇਰਲ ਦੀ ਹਿਜ਼ਾਬ ਪਾਉਣ ਵਾਲੀ, ਬਹਾਦਰ ਤੇ ਦਲੇਰਾਨਾ ਇਸਤਰੀ 'ਬਾਡੀ-ਬਿਲਡਰ ਮਜ਼ੀਜ਼ੀਆ-ਭਾਨੂੰ ਨਾਂ ਸਿਰਫ਼ ਹਿਜ਼ਾਬ ਪਾ ਕੇ ਰਿੰਗ ਵਿਚ ਉੱਤਰੀ, ਬਲਕਿ ਬਾਡੀ ਬਿਲਡਰ ਚੈਂਪੀਅਨ ਪ੍ਰਤਿਯੋਗਤਾ ਵਿਚ ਹਿੱਸਾ ਲਿਆ ਅਤੇ ਜਿੱਤ ਵੀ ਪ੍ਰਾਪਤ ਕੀਤੀ। ਇੱਥੇ ਹੀ ਬਸ ਨਹੀ ? ਬ੍ਰਿਟਿਸ਼ ਦੀ ਸੁੰਦਰਤਾ ਦੀ ਬਲਾਗਰ ਅਤੇ ਮਾਡਲ ਅਮੀਨਾ ਖਾਨ ਨੇ ਵੀ ਅਪਾਣੀਆਂ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਇਕ ਅਨੋਖੀ ਮਿਸਾਲ ਪੇਸ਼ ਕੀਤੀ। 2018 'ਚ ਉਸ ਨੇ ਫਰਾਂਸੀਸੀ ਸੁੰਦਰਤਾ ਪ੍ਰਸਥਾਨ ਕੰਪਨੀ ਲਾਰਿਆਲ ਦੇ ਵਿਗਿਆਪਨ ਦੇ ਲਈ ਹਿਜ਼ਾਬ ਪਾਉਣ ਵਾਲੀ ਪਹਿਲੀ ਇਸਤਰੀ ਮਾਡਲ ਦੇ ਤੌਰ 'ਤੇ ਚੁਣੀ ਗਈ ? ਇਹੋ ਜਿਹੀ ਹੀ ਇਕ ਹੋਰ ਮਿਸਾਲ ਅਮਰੀਕੀ ਮਾਡਲ ਹਲੀਮਾਅਡੇਨ ਨੇ ਅਮਰੀਕਾ ਪੱਤਿਰਕਾ ਸਪੋਰਟਸ ਇਲੈਸਟਰਡ ਦੇ ਲਈ ਹਿਜ਼ਾਬ, ਬੁਕਰੀਨੀ ਪਾਉਣ ਵਾਲੀ ਮਾਡਲ ਬਣ ਕੇ ਇਕ ਇਤਿਹਾਸ ਸਿਰਜ ਦਿੱਤਾ ? ਇਸੇ ਤਰ੍ਹਾਂ ਪਿਛਲੇ ਸਾਲ ਅਮਰੀਕਾ ਵਿਚ ਹੋਈਆਂ ਮੱਧਕਾਲੀ ਚੋਣਾਂ ਵਿਚ ਜਿੱਤਣ ਵਾਲੀ ਇਲਹਾਨ ਨੇ ਹਿਜ਼ਾਬ ਪਾ ਕੇ ਸੌਂਹ ਚੁੱਕਣ ਵਾਲੀ ਪਹਿਲੀ ਮੁਸਲਿਮ ਇਸਤਰੀ ਬਣ ਕੇ ਇਤਿਹਾਸ ਰਚਿਆ। ਜਿਸ ਦੀ ਚਰਚਾ ਅੱਜ ਤੱਕ ਹੁੰਦੀ ਹੈ।

ਬੁੰਦੇਲਖੰਡ ਦੇ ਮੁਸਕਰਾ ਇਲਾਕੇ ਦੇ ਲੋਦੀਪੁਰ ਨਿਵਾਦਾ ਪਿੰਡ ਘੁੰਡ ਵਾਲੀਆਂ ਔਰਤਾਂ ਦੀ ਕੁਸ਼ਤੀ ਲਈ ਹੀ ਪ੍ਰਸਿੱਧ ਹੈ। ਰੱਖੜੀ ਤੋਂ ਇਕ ਦਿਨ ਬਾਅਦ ਹੋਣ ਵਾਲੀ ਕੁਸ਼ਤੀ ਦੇ ਆਯੋਜਨ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਇਸਤਰੀਆਂ ਘੁੰਡ ਕੱਢ ਕੇ ਅਖਾੜੇ ਵਿਚ ਉਤਰਦੀਆਂ ਹਨ। ਸਾਨੂੰ ਇਸ ਦਾ ਇਤਿਹਾਸਕ ਪਿਛੋਕੜ ਵੀ ਦੇਖਣਾ ਪਏਗਾ ? ਦਰ-ਅਸਲ ਅਗਰੇਜ਼ੀ ਰਾਜ ਸਮੇਂ, ਇਸ ਰਸਮ ਘੁੰਡ, ਬੁਰਕਾ ਹਿਜ਼ਾਬ ਦੀ ਸ਼ੁਰੂਆਤ ਅੰਗਰੇਜ਼ ਫ਼ੌਜ ਦੇ ਖਿਲਾਫ਼ ਇਸਤਰੀਆਂ ਨੂੰ ਲੜਨ ਦੇ ਲਈ ਤਿਆਰ ਕਰਨ ਲਈ ਹੀ ਕੀਤੀ ਗਈ ਸੀ ! ਪ੍ਰੰਤੂ ਇਹ ਰਸਮ ਅੱਜ ਵੀ 21ਵੀਂ ਸਦੀ ਵਿਚ ਵੀ, ਇਸਤਰੀ ਦੇ ਸਸ਼ਤਰੀਕਰਨ ਦੇ ਲਈ ਇਕ ਲਾ-ਮਿਸਾਲ, ਅਹਿਮ ਉਦਾਹਰਣ ਦੇ ਤੌਰ 'ਤੇ ਜਾਰੀ ਹੈ। ਇਹੋ ਜਿਹੀ ਹੀ ਇਕ ਬਹਾਦਰੀ ਦੀ ਮਿਸਾਲ ਸਾਡੇ ਸਾਹਮਣੇ ਹੈ ਭੂਪਾਲ ਵਿਚ ਬੁਰਕੇ ਤੇ ਹਿਜ਼ਾਬ ਦੇ ਵਿਚ ਹੀ ਇਸਤਰੀਆਂ ਵੱਲੋਂ ਜਿੰਮ ਵਿਚ ਜਾ ਕੇ ਕਸਰਤ ਕਰਨ ਦੀ ਹੈ। ਮੁਸਲਿਮ ਸਮਾਜ ਦੀਆਂ ਇਹੋ ਜਿਹੀਆਂ ਪ੍ਰਗਤੀਸ਼ੀਲ, ਅਗਾਂਹ-ਵਧੂ ਇਸਤਰੀਆਂ ਨੂੰ ਆਪਣੇ-ਆਪ ਨੂੰ ਫਿੱਟ ਰੱਖਣ ਲਈ ਪਰਦਾ ਉਨ੍ਹਾਂ ਲਈ ਕੋਈ ਬੰਦਿਸ਼ ਨਹੀਂ ਹੈ?

## ਅਧਿਕਾਰਾਂ ਦਾ ਹਨਨ

ਪਰਦਾ, ਹਿਜ਼ਾਬ, ਬੁਰਕਾ, ਘੁੰਡ ਆਦਿ ਕਿਸੇ ਧਰਮ, ਆਸਥਾ ਅਧੀਨ ਇਕ ਬੰਦਿਸ਼ ਵਜੋਂ ਜੋ ਗ਼ੁਲਾਮੀ, ਔਰਤਾਂ ਦੇ ਦੂਸਰੇ ਦਰਜੇ ਦੀ ਨਾਗਰਿਕ ਲਈ ਅਤੇ ਹੀਣ ਬਣਾਉਣ ਲਈ ਇਕ ਚਿੰਨ੍ਹ ਬਣੇ ? ਉਹ ਔਰਤਾਂ ਦੇ ਅਧਿਕਾਰਾਂ ਦਾ ਹਨਨ ਹੈ ? ਇਸਤਰੀ ਦੀ ਆਪਣੀ ਸ਼ਖ਼ਸੀ-ਅਜ਼ਾਦੀ, ਉਸ ਨੂੰ ਮਰਦ ਦੇ ਬਰਾਬਰਤਾ ਦੇ ਅਧਿਕਾਰਾਂ ਅਤੇ ਸਮਾਜ ਅੰਦਰ ਇਕ ਮੁਕੰਮਲ ਨਾਗਰਿਕ ਵੱਲੋਂ ਉਸ ਦੇ ਹੱਕਾਂ ਤੇ ਕੋਈ ਰੋਕ ਨਾ ਲਾਵੇ ? ਉਹੀ ਰਿਵਾਜ, ਪਰੰਪਰਤਾ ਅਤੇ ਪ੍ਰਥਾ, ਰਿਵਾਜ ਨੂੰ ਹੰਢਣਸਾਰ ਕਿਹਾ ਜਾ ਸਕਦਾ ਹੈ। ਪਰ ਜੋ ਰੀਤੀ-ਰਿਵਾਜ ਉਸ ਦੇ ਹੱਕਾਂ, ਅਜ਼ਾਦੀ ਅਤੇ ਵਿਚਰਨ 'ਚ ਰੋਕਾਂ ਪੈਦਾ ਕਰੇ, ਇਸਤਰੀ ਨੂੰ ਹੀਣ ਭਾਵਨਾ ਦੇ ਪ੍ਰਭਾਵ ਹੇਠ ਲਿਆਵੇ, ਉਹ ਰੀਤੀ-ਰਿਵਾਜ ਕਦੀ ਵੀ ਮੰਨਣਯੋਗ ਨਹੀਂ ਹਨ। ਸਮਾਜ ਅੰਦਰ ਇਸਤਰੀ ਦੀ ਬਰਾਬਰਤਾ ਲਈ ਬਹੁਤ ਸਾਰੀਆਂ ਉਹ ਰੋਕਾਂ ਜੋ ਸਾਮੰਤਵਾਦ ਤੋਂ ਚੱਲ ਕੇ ਪੂੰਜੀਵਾਦ ਨੇ ਆਪਣੇ ਹਿੱਤ ਲਈ ਖੜ੍ਹੀਆਂ ਕੀਤੀਆਂ ਹਨ ਉਹ ਜ਼ਰ-ਜ਼ਰ ਕਰ ਕੇ ਹੌਲੀ-ਹੌਲੀ ਖ਼ਤਮ ਤਾਂ ਹੋਣਗੀਆਂ ।

## ਬਰਾਬਰੀ ਦੇ ਸਿਧਾਂਤ

ਲਿੰਗਕ ਬਰਾਬਰੀ ਦੇ ਸਿਧਾਂਤ ਅਤੇ ਸਮਾਜਿਕ ਨਿਆਂ ਅਧੀਨ ਇਸਤਰੀ-ਵਰਗ ਨੂੰ ਮਰਦ ਦੇ ਬਰਾਬਰ, ਹਰ ਤਰ੍ਹਾਂ ਦੇ ਅਧਿਕਾਰ ਦੇਣ, ਪਿਛਾਂਹ-ਖਿਚੂ, ਫਿਰਕੂ ਅਤੇ ਹਨੇਰ ਬਿਰਤੀ-ਵਾਦੀ ਪ੍ਰਭਾਵਾਂ ਨੂੰ ਰੋਕਣ ਤੇ ਲੋਕ ਕਲਾਵਾਂ ਅਤੇ ਪਰੰਪਰਾਵਾਂ ਨੂੰ ਪ੍ਰਫੁਲਤ ਕਰਨਾ ਚਾਹੀਦਾ ਹੈ।

ਧਾਰਮਿਕ-ਵਿਸ਼ਵਾਸਾਂ ਅਤੇ ਪ੍ਰੰਪਰਾਵਾਂ ਦੇ ਕਿਸੇ ਵੀ ਪਰਦੇ ਅੰਦਰ ਇਸਤਰੀਆਂ ਦੇ ਜਨ ਸਮੂਹਾਂ ਵਿਚ ਘੱਸੇ-ਪਿੱਟੇ ਜਾਗੀਰੂ ਸੰਸਕਰਨਾਂ ਰਾਹੀਂ ਇਸਤਰੀਆਂ ਦੀ ਬਰਾਬਰਤਾ ਦਾ ਦਰਜਾ ਘਟਾਉਣ ਅਤੇ ਉਸ ਦੇ ਨਾਗਰਿਕ ਅਧਿਕਾਰਾਂ ਨੂੰ ਦੋਹਾਂ ਪਾਸਿਆਂ ਤੋਂ ਨਿਸ਼ਾਨਾ ਬਣਾਉਣ ਦੀ ਕਿਸੇ ਤਰ੍ਹਾਂ ਦੀ ਕੋਸ਼ਿਸ਼ ਕਦੀ ਵੀ ਨਾ ਪ੍ਰਵਾਨ ਅਤੇ ਨਾ ਹੀ ਲਾਗੂ ਕਰਨ ਦੀ ਆਗਿਆ ਦਿੱਤੀ ਜਾਵੇਗੀ। ਉਹ ਕੋਈ ਵੀ ਕਾਰਵਾਈ, ਸੋਚ ਅਤੇ ਆਡੰਬਰ, ਜਿਹੜਾ ਵੀ ਇਸਤਰੀ ਦੀ ਮਾਣ-ਮਰਿਆਦਾ, ਰੁਤਬੇ ਅਤੇ ਉਸ ਦੇ ਹੱਕਾਂ ਨੂੰ ਆਂਚ ਪਹੁੰਚਾਵੇ, ਸਮਾਜਿਕ ਤੌਰ 'ਤੇ ਪ੍ਰਵਾਨ ਨਹੀ ਹੋਣੇ ਚਾਹੀਦੇ। •



### ਚੁੰਨੀ ਲੈਣਾ ਜਾਂ ਪਰਦਾ ਕਰਨਾ

*ਪਾਕਿਸਤਾਨ ਦੀ ਸਾਬਕਾ ਵਿਦੇਸ਼-ਮੰਤਰੀ ਹਿਨਾ-ਰਬਾਨੀ-ਖਾਰ ਹੋਵੇ ਜਾਂ ਫਿਲਮਾਂ 'ਚ ਕੰਮ ਕਰਨ ਵਾਲੀਆਂ ਹਸਤੀਆਂ ਹੋਣ, ਇਸਾਈ, ਸਿੱਖ, ਹਿੰਦੂ ਧਰਮ ਦੀਆਂ ਲੜਕੀਆਂ ਵੀ ਵਿਆਹਾਂ ਤੇ ਹੋਰ ਖ਼ਾਸ ਸਮਿਆਂ ਉੱਪਰ ਸਿਰ 'ਤੇ ਚੁੰਨੀ ਲੈ ਕੇ ਸਮਾਜ ਵਿਚ ਇਕ ਇੱਜ਼ਤਵਾਨ ਵਾਲੀ ਨਜ਼ਰ ਆਉਣ ਵਾਲੀ ਦੇ ਰੂਪ ਵਿਚ ਪਰਦੇ ਦੇ ਰੂਪ ਵਿਚ ਉਹ ਵਿਚਰੀਆਂ ਤੇ 21ਵੀਂ ਸਦੀ ਵਿਚ ਵੀ ਵਿਚਰ ਰਹੀਆਂ ਹਨ। ਭਾਵੇਂ ਇਸ ਤਰ੍ਹਾਂ ਕਰਨਾ, ਇਸ ਪ੍ਰਥਾ ਨੂੰ ਪੂਰੀ ਤਰ੍ਹਾਂ ਇਕ ਦਬਾਓ, ਜਾਂ ਪੱਛੜੇਪਨ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ ਹੈ ? ਕਿਉਂਕਿ, ਪੂਰੀ ਤਰ੍ਹਾਂ ਇਸ ਪਰੰਪਰਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਅੱਜ ਵੀ ਮੱਧ-ਵਰਗੀ ਤੇ ਛੋਟੇ ਤਬਕੇ ਵਿਚ ਰਹਿ ਰਹੀਆਂ ਇਸਤਰੀਆਂ ਅੰਦਰ ਪਰਦੇ ਦਾ ਰਿਵਾਜ, ਇਸਤਰੀਆਂ ਉੱਪਰ ਜ਼ਬਰਦਸਤੀ ਨਾਲ ਪਾਲਣ ਕਰਨ ਦਾ ਹੁਕਮ ਬਣਿਆ ਹੋਇਆ ਹੈ। ਜੋ ਬਹੁਤ ਵਾਰੀ, ਅਗਿਆਨਤਾ ਅਤੇ ਪੱਛੜੇਪਨ ਕਰਕੇ ਹੁੰਦਾ ਹੈ। ਪੜਦੇ ਦੇ ਹੱਕ ਤੇ ਵਿਰੋਧ ਦੀ ਬਹਿਸ ਵਿਚ ਇਹ ਸਵਾਲ ਜ਼ਰੂਰ ਉੱਠਦਾ ਹੈ ਕਿ ਕੀ ਇਸਤਰੀਆਂ ਨੂੰ ਇਸ ਮਾਮਲੇ ਵਿਚ ਆਪਣੀ ਮਰਜ਼ੀ ਕਰਨ ਜਾਂ ਜਾਨਣ ਦਾ ਫ਼ੈਸਲਾ ਨਹੀਂ ਦਿੱਤਾ ਜਾਣਾ ਚਾਹੀਦਾ ਹੈ ? ਇਸਤਰੀਆਂ ਲਈ ਚਿਹਰਾ ਢੱਕਣ ਦਾ ਰਿਵਾਜ ਪੁਰਾਣਾ ਹੈ ? ਇਹ ਧਾਰਨਾ ਬਿਲਕੁਲ ਗ਼ਲਤ ਹੈ ਕਿ ਪਰਦੇ ਦਾ ਰਿਵਾਜ (ਪਰੰਪਰਾ) ਮੁਗ਼ਲਾਂ ਦੇ ਰਾਜ ਸਮੇਂ ਤੋਂ ਸ਼ੁਰੂ ਹੋਇਆ ਸੀ। ਇਸ ਗੱਲ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਕੁਝ ਰਾਜਿਆਂ ਤੇ ਹਾਕਮਾਂ ਨੇ ਇਸ ਰਿਵਾਜ ਨੂੰ ਸਖ਼ਤੀ ਨਾਲ ਲਾਗੂ ਕਰਵਾਇਆ ਅਤੇ ਇਸਲਾਮ ਅਤੇ ਸੰਸਕ੍ਰਿਤੀ ਦੇ ਪ੍ਰਭਾਵ ਸਵਰੂਪ ਸ਼ਿਰਾਇਤ ਪਰਦੇ ਦੀ ਪ੍ਰਥਾ ਨੂੰ ਹੋਰ ਵੀ ਹਲਾਸ਼ੇਰੀ ਦਿੱਤੀ ਜਦ ਕਿ ਰਜ਼ੀਆ ਸੁਲਤਾਨਾ ਜਿਹੀ ਇਸਤਰੀ ਨੇ ਬਿਨਾਂ ਪਰਦਾ ਸ਼ਾਸ਼ਨ ਚਲਾਇਆ ਤੇ ਇਕ ਚੁਣੌਤੀ ਵੀ ਪੇਸ਼ ਕੀਤੀ। ਉੱਥੇ ਹੀ ਨੂਰ-ਜਹਾਂ ਨੇ ਵੀ ਪਰਦੇ ਤੋਂ ਬਿਨ੍ਹਾਂ ਆਪਣੇ ਪਤੀ ਦੇ ਨਾਲ, ਬਿਨ੍ਹਾਂ ਪਰਦੇ ਤੋਂ ਖੁਲ੍ਹੇ ਦਰਬਾਰ ਵਿਚ ਹਾਜ਼ਰ ਹੁੰਦੀ ਸੀ। ਪਹਿਲੀ ਸਦੀ ਤੋਂ ਪਹਿਲਾਂ ਵੇਜਾਟਾਈਨ ਸਾਮਰਾਜ (ਜਿਸ ਨੂੰ ਪੂਰਵ ਰੋਮਨ ਸਾਮਰਾਜ) ਵੀ ਕਿਹਾ ਜਾਂਦਾ ਸੀ। ਉਸ ਸਮੇਂ ਵੀ ਇਸਤਰੀਆਂ ਆਪਣੇ ਸਿਰ ਨੂੰ ਢੱਕ ਦੇ ਰੱਖਦੀਆਂ ਸਨ।*




# ਕੈਂਸਰ ਨਾਲ ਜੂਝਦੀ ਮਨੁੱਖਤਾ

• ਗੁਰਤੇਜ ਸਿੰਘ

ਕੈਂਸਰ ਦਾ ਨਾਂ ਸੁਣਦਿਆਂ ਹੀ ਲੋਕ ਸਹਿਮ ਜਾਂਦੇ ਹਨ। ਇਸ ਨਾਮੁਰਾਦ ਬਿਮਾਰੀ ਦਾ ਖ਼ੌਫ਼ ਹੀ ਐਨਾ ਹੈ ਕਿ ਜ਼ਿਆਦਾਤਰ ਲੋਕ ਇਸ ਬਿਮਾਰੀ ਦਾ ਨਾਂ ਲੈਣ ਤੋਂ ਵੀ ਝਿਜਕਦੇ ਹਨ। ਪਿੰਡਾਂ 'ਚ ਲੋਕ ਇਸ ਰੋਗ ਦਾ ਨਾਂ ਜ਼ੁਬਾਨ 'ਤੇ ਲਿਆਉਣਾ ਅਸ਼ੁਭ ਮੰਨਦੇ ਹਨ। ਕੈਂਸਰ ਨੇ ਮਨੁੱਖਤਾ ਦੇ ਪੈਰੀਂ ਅਜਿਹਾ ਨਾਗਵਲ ਪਾਇਆ ਹੈ ਜਿਸ ਵਿਚ ਪੂਰੀ ਦੁਨੀਆ ਜਕੜੀ ਜਾ ਰਹੀ ਹੈ। ਅਜਗਰ ਵਾਂਗ ਇਹ ਬਿਮਾਰੀ ਮਾਨਵਤਾ ਨੂੰ ਨਿਗਲਦੀ ਜਾ ਰਹੀ ਹੈ ਜੋ ਵਿਸ਼ਵ ਵਿਆਪੀ ਚਿੰਤਾ ਦਾ ਵਿਸ਼ਾ ਹੈ।

ਕੈਂਸਰ ਨੂੰ ਲੈ ਕੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਵੇਂ ਮਨੁੱਖੀ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ? ਮਨੁੱਖੀ ਸਰੀਰ ਸੈੱਲਾਂ ਦਾ ਬਣਿਆ ਹੋਇਆ ਹੈ। ਸਰੀਰ ਦੇ ਸਾਰੇ ਕਾਰਜ ਸੈੱਲਾਂ ਅਤੇ ਸਰੀਰ 'ਚ ਮੌਜੂਦ ਦ੍ਰਵਾਂ ਜਿਵੇਂ ਖ਼ੂਨ, ਹਾਰਮੋਨ ਰਾਹੀਂ ਹੁੰਦੇ ਹਨ। ਇਨ੍ਹਾਂ ਸੈੱਲਾਂ ਦੀ ਵਿਲੱਖਣਤਾ ਇਹ ਹੈ ਕਿ ਇਹ ਇਕ ਦੂਜੇ ਸੈੱਲ ਨਾਲ ਜੁੜੇ ਹੁੰਦੇ ਹਨ। ਸਰੀਰ ਦੇ ਸੈੱਲ ਸਾਧਾਰਨ ਤਰੀਕੇ ਨਾਲ ਬਣਦੇ ਹਨ ਤੇ ਉਨ੍ਹਾਂ 'ਚ ਵੰਡ ਆਮ ਢੰਗ ਨਾਲ ਕੁਦਰਤੀ ਹੁੰਦੀ ਰਹਿੰਦੀ ਹੈ। ਇਨ੍ਹਾਂ ਸੈੱਲਾਂ ਦਾ ਜੀਵਨ ਕਾਲ ਨਿਰਧਾਰਤ ਹੁੰਦਾ ਹੈ ਤੇ ਆਪਣੇ ਆਪ ਪ੍ਰਕ੍ਰਿਆ ਰਾਹੀਂ ਨਸ਼ਟ ਹੁੰਦੇ ਰਹਿੰਦੇ ਹਨ ਅਤੇ ਇਨ੍ਹਾਂ ਦੀ ਜਗ੍ਹਾ ਨਵੇਂ ਸੈੱਲ ਲੈ ਲੈਂਦੇ ਹਨ। ਇਸ ਤਰ੍ਹਾਂ ਇਹ ਚੱਕਰ ਸਾਧਾਰਨ ਸੈੱਲਾਂ 'ਚ ਚੱਲਦਾ ਰਹਿੰਦਾ ਹੈ। ਸਰੀਰ ਵਿਚ ਸੈੱਲਾਂ ਦੀ ਬਣਤਰ, ਉਨ੍ਹਾਂ ਦੀ ਗਿਣਤੀ ਅਤੇ ਪੈਦਾ ਹੋਣ ਦੀ ਪ੍ਰਕਿਰਿਆ ਦਾ ਕਿਸੇ ਕਾਰਨ ਕਰ ਕੇ ਬੇਕਾਬੂ ਹੋਣਾ ਕੈਂਸਰ ਕਹਾਉਂਦਾ ਹੈ। ਕੈਂਸਰ ਸੈੱਲ ਸਰੀਰ ਦੇ ਸਾਧਾਰਨ ਸੈੱਲਾਂ ਤੋਂ ਪੂਰੀ ਤਰ੍ਹਾਂ ਵੱਖ ਹੁੰਦੇ ਹਨ। ਇਨ੍ਹਾਂ 'ਚ ਬੇਤਹਾਸ਼ਾ ਵਾਧਾ ਟਿਊਮਰ ਅਖਵਾਉਂਦਾ ਹੈ। ਇੱਥੇ ਇਹ ਗੱਲ ਦੱਸਣਯੋਗ ਹੈ ਕਿ ਸਾਰੇ ਟਿਊਮਰ ਕੈਂਸਰ ਨਹੀਂ ਹੁੰਦੇ ਕਿਉਂਕਿ ਟਿਊਮਰ ਦੋ ਤਰ੍ਹਾਂ ਦੇ ਹੁੰਦੇ ਹਨ। ਬਿਨਾਈਨ ਟਿਊਮਰ (ਜੋ ਕੈਂਸਰ ਨਹੀਂ) ਅਤੇ ਮੈਲਿਗਨੈਂਟ ਟਿਊਮਰ (ਕੈਂਸਰ ਵਾਲੇ)।

ਬਿਨਾਈਨ ਟਿਊਮਰ ਉਹ ਹੁੰਦੇ ਹਨ ਜੋ ਸਰੀਰ 'ਚ ਇੱਕੋ ਜਗ੍ਹਾ ਮੌਜੂਦ ਹੁੰਦੇ ਹਨ ਤੇ ਸਰੀਰ ਦੇ ਹੋਰ ਭਾਗਾਂ ਵਿਚ ਨਹੀਂ ਫੈਲਦੇ ਜਿਸ ਕਾਰਨ ਸਰੀਰ ਦਾ ਉਹੀ ਹਿੱਸਾ ਪ੍ਰਭਾਵਿਤ ਹੁੰਦਾ ਹੈ ਜਿੱਥੇ ਬਿਨਾਈਨ ਟਿਊਮਰ ਹੋਵੇ। ਮੈਲਿਗਨੈਂਟ ਟਿਊਮਰ ਨੂੰ ਕੈਂਸਰ ਕਿਹਾ ਜਾਂਦਾ ਹੈ। ਇਹ ਪਹਿਲਾਂ ਤਾਂ ਹੌਲੀ-ਹੌਲੀ ਵਧਦਾ ਹੈ ਤੇ ਜ਼ਿਆਦਾ ਕੋਈ ਲੱਛਣ ਵੀ ਨਜ਼ਰ ਨਹੀਂ ਆਉਂਦੇ। ਪਿੱਛੋਂ ਆ ਕੇ ਇਹ ਬੜੀ ਤੇਜ਼ੀ ਨਾਲ ਵੱਧਦੇ ਹਨ ਜਿਸ ਕਾਰਨ ਮਰੀਜ਼ 'ਚ ਲੱਛਣ ਵੀ ਦਿਖਾਈ ਦੇਣ ਲੱਗਦੇ ਹਨ। ਅਕਸਰ ਹੀ ਇਹ ਆਖ਼ਰੀ ਸਟੇਜ ਹੁੰਦੀ ਹੈ। ਮੈਲਿਗਨੈਂਟ ਟਿਊਮਰਾਂ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਸ ਦੇ ਸੈੱਲ ਲਸੀਕਾ, ਖ਼ੂਨ ਅਤੇ ਟਿਸ਼ੂਆਂ ਰਾਹੀਂ ਸਰੀਰ 'ਚ ਇਕ ਜਗ੍ਹਾ ਤੋਂ ਦੂਜੀ ਥਾਂ ਪਹੁੰਚ ਜਾਦੇ ਹਨ ਜਿੱਥੇ ਜਾ ਕੇ ਨਵਾਂ ਟਿਊਮਰ (ਗੰਢ) ਪੈਦਾ ਕਰਦੇ ਹਨ। ਇਸ ਪ੍ਰਕਿਰਿਆ ਨੂੰ ਮੈਟਾਸਟੇਸਿਸ ਕਿਹਾ ਜਾਂਦਾ ਹੈ।

ਕੈਂਸਰ ਦੇ ਵੱਧਦੇ ਪ੍ਰਕੋਪ ਅਤੇ ਇਸ ਦੇ ਕਾਰਨ ਮਨੁੱਖਤਾ ਦੀ ਹੋਂਦ ਨੂੰ ਪੈਦਾ ਹੋਏ ਸੰਭਾਵੀ ਖ਼ਤਰੇ ਨੂੰ ਭਾਂਪਦਿਆਂ ਯੂਨੀਅਨ ਫਾਰ ਇੰਟਰਨੈਸ਼ਨਲ ਕੈਂਸਰ ਕੰਟਰੋਲ ਸੰਸਥਾ ਨੇ ਲੋਕਾਂ ਵਿਚ ਕੈਂਸਰ ਪ੍ਰਤੀ ਜਾਗਰੂਕਤਾ, ਰੋਗ ਦੀ ਪਛਾਣ, ਇਲਾਜ ਅਤੇ ਰੋਕਥਾਮ ਸਬੰਧੀ ਸੰਨ 2008 ਵਿਚ 04 ਫਰਵਰੀ ਨੂੰ ਵਿਸ਼ਵ ਕੈਂਸਰ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ। ਇਹ ਸੰਸਥਾ ਵਿਸ਼ਵ ਸਿਹਤ ਸੰਗਠਨ ਅਤੇ ਬਾਕੀ ਦੇਸ਼ਾਂ ਦੀਆਂ ਸੰਸਥਾਵਾਂ ਨਾਲ ਮਿਲ ਕੇ ਕੈਂਸਰ ਦੀ ਰੋਕਥਾਮ ਅਤੇ ਲੋਕਾਂ 'ਚ ਜਾਗਰੂਕਤਾ ਲਈ ਤਤਪਰ ਹੈ। ਅਗਰ ਸਮਾਂ ਰਹਿੰਦੇ ਇਸ ਦਾ ਇਲਾਜ ਤੇ ਜਾਗਰੂਕਤਾ ਨਾ ਫੈਲਾਈ ਗਈ ਤਾਂ ਲੱਖਾਂ ਲੋਕ ਇਸ ਦੀ ਚਪੇਟ 'ਚ ਹਨ ਤੇ ਕਈ ਗੁਣਾ ਲੋਕ ਇਸ ਦੀ ਲਪੇਟ 'ਚ ਆ ਜਾਣਗੇ।

**ਰਿਪੋਰਟ ਮੁਤਾਬਕ ਆਲਮੀ ਪੱਧਰ 'ਤੇ ਕੁੱਲ ਮੂੰਹ ਦੇ ਕੈਂਸਰ ਰੋਗੀਆਂ ਦਾ 86 ਫ਼ੀਸਦੀ ਭਾਰਤ 'ਚ ਹੈ ਜਿਸ ਦਾ ਮੁੱਖ ਕਾਰਨ ਤੰਬਾਕੂ ਹੈ।**

ਵਿਕਸਿਤ ਦੇਸ਼ਾਂ ਦੇ ਨਾਲ-ਨਾਲ ਵਿਕਾਸਸ਼ੀਲ ਤੇ ਗ਼ਰੀਬ ਮੁਲਕਾਂ 'ਚ ਕੈਂਸਰ ਨੇ ਆਪਣੇ ਪੈਰ ਪਸਾਰੇ ਹੋਏ ਹਨ ਜਿਸ ਕਾਰਨ ਲੋਕ ਮੌਤ ਦੇ ਮੂੰਹ 'ਚ ਜਾ ਰਹੇ ਹਨ। ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ ਦੀ ਇਕ ਰਿਪੋਰਟ ਅਨੁਸਾਰ ਵਿਸ਼ਵ ਦੇ 184 ਦੇਸ਼ਾਂ ਵਿਚ ਸੰਨ 2013 ਵਿਚ 14 ਮਿਲੀਅਨ ਕੈਂਸਰ ਦੇ ਨਵੇਂ ਮਰੀਜ਼ਾਂ ਦੀ ਪੁਸ਼ਟੀ ਹੋਈ। ਕਿਦਵਈ ਇੰਸਟੀਚਿਊਟ ਆਫ ਆਨਕੋਲੋਜੀ ਦੇ ਕੈਂਸਰ ਵਿਭਾਗ ਦੇ ਮੁਖੀ ਡਾ. ਸੀ. ਰਮੇਸ਼ ਅਨੁਸਾਰ ਭਾਰਤ 'ਚ ਔਸਤਨ ਹਰ ਸਾਲ ਸੱਤ ਲੱਖ ਤੋਂ ਜ਼ਿਆਦਾ ਕੈਂਸਰ ਦੇ ਨਵੇਂ ਮਰੀਜ਼ ਸਾਹਮਣੇ ਆਉਂਦੇ ਹਨ ਅਤੇ ਔਸਤਨ 3.5 ਲੱਖ ਲੋਕ ਕੈਂਸਰ ਕਾਰਨ ਮਰਦੇ ਹਨ। ਨਵੇਂ ਸੱਤ ਲੱਖ ਮਰੀਜ਼ਾਂ 'ਚੋਂ 2.3 ਲੱਖ ਭਾਵ 33 ਫ਼ੀਸਦੀ ਲੋਕਾਂ ਵਿਚ ਕੈਂਸਰ ਤੰਬਾਕੂ ਕਾਰਨ ਹੁੰਦਾ ਹੈ। ਨੈਸ਼ਨਲ ਇੰਸਟੀਚਿਊਟ ਆਫ ਹੈਲਥ ਐਂਡ ਫੈਮਿਲੀ ਵੈੱਲਫੇਅਰ ਅਨੁਸਾਰ ਆਲਮੀ ਪੱਧਰ 'ਤੇ ਕੁੱਲ ਮੂੰਹ ਦੇ ਕੈਂਸਰ ਦਾ 86 ਫ਼ੀਸਦੀ ਭਾਰਤ ਵਿਚ ਹੈ ਅਤੇ 90 ਫ਼ੀਸਦੀ ਮੂੰਹ ਦੇ ਕੈਂਸਰ ਦਾ ਕਾਰਨ ਤੰਬਾਕੂ ਹੈ। ਔਰਤਾਂ ਵਿੱਚ ਛਾਤੀ ਅਤੇ ਬੱਚੇਦਾਨੀ ਦਾ ਕੈਂਸਰ ਬਹੁਤ ਜ਼ਿਆਦਾ ਹੈ। ਇਕ ਅੰਦਾਜ਼ੇ ਮੁਤਾਬਕ ਭਾਰਤ ਵਿਚ ਔਰਤਾਂ 'ਚ ਛਾਤੀ ਦੇ ਕੈਂਸਰ ਦੇ ਮਰੀਜ਼ ਸੰਨ 2025 ਤਕ ਦੁੱਗਣੇ ਹੋ ਜਾਣਗੇ। ਅਗਲੇ ਵੀਹ ਸਾਲਾਂ ਤਕ ਦੇਸ਼ 'ਚ ਕੈਂਸਰ ਦੇ ਮਰੀਜ਼ ਵੀ ਦੁੱਗਣੇ ਹੋ ਜਾਣਗੇ।

## ਪੰਜਾਬ 'ਚ ਕੈਂਸਰ ਦੀ ਮਾਰ

ਪੰਜਾਬ ਵਿਚ ਖ਼ਾਸ ਕਰਕੇ ਮਾਲਵਾ ਖੇਤਰ ਬਠਿੰਡਾ, ਮਾਨਸਾ, ਮੁਕਤਸਰ ਸਾਹਿਬ ਅਤੇ ਨਾਲ ਲੱਗਦੇ ਇਲਾਕਿਆਂ 'ਚ ਕੈਂਸਰ ਨੇ ਕਹਿਰ ਮਚਾਇਆ ਹੋਇਆ ਹੈ। ਜ਼ਮੀਨ ਹੇਠਲੇ ਪਾਣੀ ਵਿਚ ਯੂਰੇਨੀਅਮ ਤੇ ਹੋਰ ਖ਼ਤਰਨਾਕ ਤੱਤਾਂ ਦੇ ਰਿਸਾਅ ਕਾਰਨ ਇੱਥੋਂ ਦੇ ਲੋਕ ਗੰਦਾ ਪਾਣੀ ਪੀਣ ਕਰਕੇ ਕਾਲਾ ਪੀਲੀਆ ਤੇ ਕੈਂਸਰ ਦੀ ਪਕੜ ਹੇਠ ਹਨ। ਸੂਬੇ ਦਾ ਮਾਲਵਾ ਖੇਤਰ ਜੋ ਕਪਾਹ ਪੱਟੀ ਨਾਂ ਨਾਲ ਮਸ਼ਹੂਰ ਸੀ, ਹੁਣ ਕੈਂਸਰ ਪੱਟੀ ਕਰ ਕੇ ਜਾਣਿਆ ਜਾਂਦਾ ਹੈ। ਸੂਬੇ ਅੰਦਰ ਕੈਂਸਰ ਦੇ ਇਲਾਜ ਦਾ ਢੁੱਕਵਾਂ ਪ੍ਰਬੰਧ ਨਾ ਹੋਣ ਕਰਕੇ ਲੋਕਾਂ ਨੂੰ ਦੂਜੇ ਸੂਬਿਆਂ 'ਚ ਇਲਾਜ ਲਈ ਜਾਣਾ ਪੈਂਦਾ ਹੈ। ਬਠਿੰਡਾ ਤੋਂ ਬੀਕਾਨੇਰ ਜਾਂਦੀ ਰੇਲਗੱਡੀ ਦਾ ਨਾਂ ਹੀ ਕੈਂਸਰ ਟਰੇਨ ਪੈ ਗਿਆ ਹੈ ਕਿਉਂਕਿ ਇਨ੍ਹਾਂ ਇਲਾਕਿਆਂ ਦੇ ਲੋਕ ਇਲਾਜ ਲਈ ਬੀਕਾਨੇਰ ਜਾਂਦੇ ਹਨ ਤੇ ਉਸ ਰੇਲਗੱਡੀ 'ਚ ਜ਼ਿਆਦਾ ਗਿਣਤੀ ਕੈਂਸਰ ਦੇ ਮਰੀਜ਼ਾਂ ਦੀ ਹੁੰਦੀ ਹੈ। ਜਨਤਕ ਸਿਹਤ ਸਹੂਲਤਾਂ 'ਚ ਆਏ ਨਿਘਾਰ ਨੂੰ ਇਹ ਤੱਥ ਬਾਖ਼ੂਬੀ ਬਿਆਨਦੇ ਹਨ।

ਪਿਛਲੇ ਸਾਲ ਸਿਹਤ ਵਿਭਾਗ ਵੱਲੋਂ ਕੀਤੇ ਸਰਵੇਖਣ ਅਨੁਸਾਰ ਪੰਜਾਬ ਵਿਚ ਕੈਂਸਰ ਦੇ ਮਰੀਜ਼ਾਂ ਦਾ ਅਨੁਪਾਤ 90:100000 ਹੈ ਜਦਕਿ ਦੇਸ਼ ਪੱਧਰ 'ਤੇ ਇਹ ਅਨੁਪਾਤ 80:100000 ਹੈ। ਪੰਜਾਬ ਦੇ ਮਾਲਵਾ ਖੇਤਰ 'ਚ ਕੈਂਸਰ ਮਰੀਜ਼ਾਂ ਦਾ ਅਨੁਪਾਤ 107:100000 ਹੈ, ਦੁਆਬੇ 'ਚ 88:100000 ਅਤੇ ਮਾਝੇ ਵਿਚ 64:100000 ਹੈ। ਮਾਲਵਾ ਖੇਤਰ ਦੇ ਚਾਰ ਜ਼ਿਲ੍ਹਿਆਂ ਵਿਚ ਇਹ ਅਨੁਪਾਤ ਬਹੁਤ ਜ਼ਿਆਦਾ ਹੈ। ਮੁਕਤਸਰ ਸਾਹਿਬ 'ਚ 136:100000, ਮਾਨਸਾ 134:100000, ਬਠਿੰਡਾ 125:100000, ਫਿਰੋਜ਼ਪੁਰ 114:100000 ਹੈ ਜਦਕਿ ਤਰਨਤਾਰਨ ਵਿਚ ਇਹ ਅਨੁਪਾਤ 41:100000 ਹੈ। ਪਿਛਲੇ ਪੰਜ ਸਾਲ ਦੇ ਅੰਕੜਿਆਂ ਅਨੁਸਾਰ ਸੂਬੇ 'ਚ ਰੋਜ਼ਾਨਾ ਕੈਂਸਰ ਕਰਕੇ 18 ਲੋਕਾਂ ਦੀ ਮੌਤ ਹੋਈ ਹੈ। ਸਿਹਤ ਵਿਭਾਗ ਵੱਲੋਂ ਸੂਬੇ ਦੇ 2.65 ਲੱਖ ਲੋਕਾਂ ਦੀ ਜਾਂਚ ਕੀਤੀ ਗਈ ਸੀ ਜਿਨ੍ਹਾਂ 'ਚੋਂ 24000 ਲੋਕ ਕੈਂਸਰ ਪੀੜਿਤ ਸਨ ਅਤੇ 84453 ਲੋਕਾਂ ਨੂੰ ਕੈਂਸਰ ਦੇ ਸ਼ੱਕੀ ਮਰੀਜ਼ਾਂ ਵਜੋਂ ਰੱਖਿਆ ਗਿਆ।

ਕੈਂਸਰ ਸਮੁੱਚੀ ਮਨੁੱਖਤਾ ਨੂੰ ਘੁਣ ਵਾਂਗ ਖਾ ਰਿਹਾ ਹੈ। ਬਦਲਵੇਂ ਜ਼ਿੰਦਗੀ ਜਿਉਣ ਦੇ ਢੰਗ ਨੇ ਕੈਂਸਰ ਅਤੇ ਹੋਰ ਬੀਮਾਰੀਆਂ 'ਚ ਅਥਾਹ ਵਾਧਾ ਕੀਤਾ ਹੈ। ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਨੇ ਕੈਂਸਰ ਨੂੰ ਜਨਮ ਦਿੱਤਾ ਹੈ। ਓਜ਼ੋਨ ਪਰਤ ਦੀ ਘਣਤਾ ਪਤਲੀ ਹੋਣ ਕਾਰਨ (ਓਜ਼ੋਨ ਛੇਕ) ਪਰਾਬੈਂਗਣੀ ਕਿਰਨਾਂ ਧਰਤੀ 'ਤੇ ਪਹੁੰਚ ਰਹੀਆਂ ਹਨ ਜੋ ਚਮੜੀ ਦਾ ਕੈਂਸਰ ਅਤੇ ਅੰਨ੍ਹੇਪਣ ਲਈ ਜ਼ਿੰਮੇਵਾਰ ਹਨ। ਖੇਤੀ ਖੇਤਰ 'ਚ ਅੰਨ੍ਹੇਵਾਹ ਰਾਸਾਇਣਿਕ ਖਾਦਾਂ ਦੀ ਵਰਤੋਂ, ਉਦਯੋਗਾਂ ਅਤੇ ਵਾਹਨਾਂ ਦੇ ਪ੍ਰਦੂਸ਼ਣ ਦੇ ਨਾਲ-ਨਾਲ ਮੋਬਾਇਲ ਫੋਨ ਦੀਆਂ ਤਰੰਗਾਂ ਵੀ ਕੈਂਸਰ ਲਈ ਜ਼ਿੰਮੇਵਾਰ ਹਨ। ਸੁਰੱਖਿਆ ਸਾਜ਼ੋ-ਸਾਮਾਨ ਅਤੇ ਵਿਗਿਆਨਕ ਪ੍ਰਯੋਗਾਂ ਦੇ ਈ-ਕਚਰੇ ਨੇ ਵੀ ਵਾਤਾਵਰਨ ਨੂੰ ਦੂਸ਼ਿਤ ਕੀਤਾ ਹੈ ਅਤੇ ਖ਼ਤਰਨਾਕ ਤੱਤਾਂ ਦੇ ਰਿਸਾਅ ਕਾਰਨ ਲੋਕ ਕੈਂਸਰ ਦੀ ਮਾਰ ਹੇਠਾਂ ਆ ਰਹੇ ਹਨ। ਵਿਕਸਿਤ ਦੇਸ਼ਾਂ ਵੱਲੋਂ ਆਪਣਾ ਈ-ਕਚਰਾ ਵਿਕਾਸਸ਼ੀਲ ਦੇਸ਼ਾਂ ਦੀ ਜ਼ਮੀਨ ਹੇਠਾਂ ਦੱਬਿਆ ਜਾ ਰਿਹਾ ਹੈ। ਸੰਨ 1984 ਦੀ ਭੋਪਾਲ ਗੈਸ ਤ੍ਰਾਸਦੀ ਦੇ ਜ਼ਖ਼ਮ ਅਜੇ ਵੀ ਹਰੇ ਹਨ, ਲੱਖਾਂ ਦੀ ਮੌਤ ਹੋ ਗਈ ਸੀ। ਜੋ ਬਚ ਗਏ ਸਨ ਉਨ੍ਹਾਂ ਦੀ ਹਾਲਤ ਬਦਤਰ ਹੈ। ਕੁਝ ਕੈਂਸਰ ਨਾਲ ਜੂਝਦੇ ਮਰ ਗਏ ਤੇ ਬਾਕੀ ਤੜਪ ਰਹੇ ਹਨ।

### ਜੀਵਨ ਸ਼ੈਲੀ 'ਚ ਸੁਧਾਰ

ਕੈਂਸਰ ਤੋਂ ਬਚਾਅ ਦੇ ਮੁੱਢਲੇ ਉਪਾਵਾਂ ਤਹਿਤ ਸਾਨੂੰ ਸਭ ਤੋਂ ਪਹਿਲਾਂ ਆਪਣੀ ਜੀਵਨ-ਸ਼ੈਲੀ ਵਿਚ ਸੁਧਾਰ ਕਰਨਾ ਪਵੇਗਾ। ਕੁਦਰਤ ਨਾਲ ਬੇਲੋੜੀ ਛੇੜਛਾੜ ਤੋਂ ਵੀ ਤੌਬਾ ਕਰਨੀ ਪਵੇਗੀ। ਇਸ ਤੋਂ ਇਲਾਵਾ :

- ਚੰਗੀ ਖ਼ੁਰਾਕ ਅਤੇ ਨੇਮ ਨਾਲ ਕਸਰਤ ਲਾਜ਼ਮੀ ਹੈ। ਮੋਬਾਇਲ ਫੋਨ ਦੀ ਵਰਤੋਂ ਸੀਮਿਤ ਕਰਨੀ ਹੋਵੇਗੀ ਤੇ ਇਸ ਨੂੰ ਸਰੀਰ ਤੋਂ ਦੂਰ ਰੱਖਿਆ ਜਾਵੇ।
- ਫੋਨ ਦੀ ਖ਼ਤਮ ਹੋ ਰਹੀ ਬੈਟਰੀ ਸਮੇਂ ਗੱਲ ਕਰਨ ਤੋਂ ਪ੍ਰਹੇਜ਼ ਕੀਤਾ ਜਾਵੇ ਕਿਉਂਕਿ ਉਸ ਸਮੇਂ ਬਹੁਤ ਖ਼ਤਰਨਾਕ ਕਿਰਨਾਂ ਦਾ ਰਿਸਾਅ ਹੁੰਦਾ ਹੈ।
- ਤੰਬਾਕੂ, ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਪ੍ਰਹੇਜ਼ ਕੀਤਾ ਜਾਣਾ ਚਾਹੀਦਾ ਹੈ। ਨਿਯਮਿਤ ਡਾਕਟਰੀ ਜਾਂਚ ਜ਼ਰੂਰੀ ਹੈ ਤਾਂ ਜੋ ਬੀਮਾਰੀ ਨੂੰ ਸਮੇ ਸਿਰ ਫੜਿਆ ਜਾ ਸਕੇ ਅਤੇ ਸਹੀ ਇਲਾਜ ਹੋ ਸਕੇ।

94641-72783

## ਇਲਾਜ ਸੰਭਵ

ਜੇ ਕੈਂਸਰ ਦੀ ਪਛਾਣ ਸ਼ੁਰੂਆਤੀ ਦੌਰ 'ਚ ਹੋ ਜਾਵੇ ਤਾਂ ਸਹੀ ਇਲਾਜ ਨਾਲ ਮਰੀਜ਼ ਸਾਧਾਰਨ ਜ਼ਿੰਦਗੀ ਜਿਉਣ ਦੇ ਕਾਬਿਲ ਹੋ ਜਾਂਦਾ ਹੈ। ਇਹ ਬਿਮਾਰੀ ਇਕ ਦੂਜੇ ਤੋਂ ਨਹੀਂ ਫੈਲਦੀ ਤੇ ਕੈਂਸਰ ਪ੍ਰਤੀ ਪਾਏ ਜਾਂਦੇ ਵਹਿਮਾਂ ਭਰਮਾਂ ਨੂੰ ਛੱਡ ਕੇ ਸਹੀ ਇਲਾਜ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਕੈਂਸਰ ਦੇ ਇਲਾਜ ਵਿਚ ਮੈਡੀਕਲ ਖੇਤਰ 'ਚ ਕ੍ਰਾਂਤੀ ਆਈ ਹੈ। ਸਰਜਰੀ, ਰੇਡੀਏਸ਼ਨ ਥਰੈਪੀ ਅਤੇ ਕੀਮੋਥਰੈਪੀ (ਦਵਾਈਆਂ ਰਾਹੀ ਇਲਾਜ) ਆਦਿ ਤਰੀਕਿਆਂ ਨਾਲ ਕੈਂਸਰ ਦਾ ਇਲਾਜ ਕੀਤਾ ਜਾਂਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਕੈਂਸਰ ਦੇ ਇਲਾਜ ਲਈ ਜਨਤਕ ਸਿਹਤ ਸਹੂਲਤਾਂ ਦਾ ਦਰੁਸਤ ਪ੍ਰਬੰਧ ਕੀਤਾ ਜਾਵੇ ਤਾਂ ਜੋ ਗ਼ਰੀਬ ਲੋਕ ਵੀ ਆਪਣਾ ਇਲਾਜ ਕਰਵਾ ਸਕਣ। ਸਸਤੇ ਭਾਅ 'ਤੇ ਦਵਾਈਆਂ ਉਪਲੱਬਧ ਕਰਵਾਈਆਂ ਜਾਣ। ਤੜਫ ਰਹੇ ਕੈਂਸਰ ਮਰੀਜ਼ਾਂ ਦੀ ਸਾਰ ਲਈ ਜਾਵੇ। ਤਾਂ ਹੀ ਜ਼ਿੰਦਗੀ ਰੂਪੀ ਅਣਮੁੱਲੇ ਤੋਹਫ਼ੇ ਦੀ ਕੈਂਸਰ ਤੋਂ ਹਿਫ਼ਾਜ਼ਤ ਹੋ ਸਕਦੀ ਹੈ।

## ਓਹੜ ਪੋਹੜ

**ਕੁਦਰਤ ਨੇ ਸਾਨੂੰ ਬਹੁਤ ਸਾਰੀਆਂ ਕੁਦਰਤੀ ਨਿਆਮਤਾਂ ਦੀ ਦਾਤ ਬਖ਼ਸ਼ੀ ਹੈ। ਸਿਹਤ ਲਈ ਵਰਦਾਨ ਰੂਪੀ ਕਈ ਪਦਾਰਥ ਪੰਜਾਬ ਵਿਚ ਵੀ ਵੱਡੀ ਮਾਤਰਾ ਵਿਚ ਪਾਏ ਜਾਂਦੇ ਹਨ। ਇਨ੍ਹਾਂ ਵਿੱਚੋਂ ਇਕ ਹੈ ਚਾਸਕੂ। ਇਹ ਬਹੁਤ ਕਮਾਲ ਦੇ ਗੁਣਾਂ ਨਾਲ ਭਰਪੂਰ ਹੈ।**

### ਸਿਹਤ ਲਈ ਨਿਆਮਤ ਚਾਸਕੂ ਦੀਆਂ ਪਿੰਨੀਆਂ

ਪਿੰਨੀ ਪੰਜਾਬ ਦੀ ਇੱਕ ਬਹੁਤ ਵਧੀਆ ਡਿਸ਼ ਹੈ। ਜਿਸ ਨੂੰ ਮੁੱਖ ਤੌਰ 'ਤੇ ਸਰਦੀਆਂ 'ਚ ਬਣਾਇਆ ਜਾਂਦਾ ਹੈ । ਭਾਂਤ-ਭਾਂਤ ਦੀਆਂ ਪਿੰਨੀਆਂ ਨੂੰ ਬਣਾਉਣ ਦੇ ਬਹੁਤ ਸਾਰੇ ਢੰਗ ਹਨ। ਪੰਜਾਬ ਵਿਚ ਬਹੁਤ ਤਰ੍ਹਾਂ ਦੀਆਂ ਪਿੰਨੀਆਂ ਬਣਾਈਆਂ ਜਾਂਦੀਆਂ ਹਨ ਜਿਵੇਂ ਆਟੇ ਦੀਆਂ ਪਿੰਨੀਆਂ, ਵੇਸਣ, ਮੂੰਗੀ ਦੀ ਦਾਲ ਦੀਆਂ, ਐਲੋਵੀਰਾ ਦੀਆਂ, ਅਲਸੀ ਦੀਆਂ ਪਿੰਨੀਆਂ ਆਦਿ। ਅੱਜ ਤੁਹਾਨੂੰ ਚਾਸਕੂ ਦੀਆਂ ਪਿੰਨੀਆਂ ਬਣਾਉਣ ਦੀ ਵਿਧੀ ਦੱਸਦੇ ਹਾਂ। ਇਹ ਖ਼ੂਨ ਨੂੰ ਸਾਫ਼ ਕਰਦੀਆਂ ਹਨ ਤੇ ਸਾਡੇ ਨਾੜੀ ਤੰਤਰ ਨੂੰ ਤਾਕਤ ਦਿੰਦੀਆਂ ਹਨ । ਆਉ ਜਾਣੀਏ ਇਸ ਦੀ ਵਿਧੀ ਤੇ ਗੁਣ ।

ਸਮਗਰੀ-ਚਾਸਕੂ ਇਕ ਸੌ ਗਰਾਮ, ਕਣਕ ਦਾ ਆਟਾ ਇਕ ਕਿਲੋ, ਸ਼ੁੱਧ ਦੇਸੀ ਘਿਉ ਇਕ ਕਿਲੋ, ਪੀਸੀ ਖੰਡ ਪੰਜ ਸੌ ਗਰਾਮ, ਚਾਰੇ ਮਗਜ਼ ਦੋ ਸੌ ਗਰਾਮ, ਬਦਾਮ, ਕਾਜੂ ਸੌਗੀ ਪੰਜਾਹ ਪੰਜਾਹ ਗਰਾਮ ਕੱਦੂਕਸ ਕੀਤੇ ਹੋਏ, ਇਲਾਇਚੀ ਪਾਊਡਰ ਦੋ ਚਮਚ ।

ਵਿਧੀ-ਚਾਸਕੂ ਦੀ ਪਿੰਨੀ ਬਣਾਉਣ ਲਈ ਸਭ ਤੋਂ ਪਹਿਲਾਂ ਦੇਸੀ ਘਿਉ ਨੂੰ ਕੜਾਹੀ 'ਚ ਪਾਉ ਤੇ ਗਰਮ ਹੋਣ 'ਤੇ ਸਾਬਤ ਚਾਸਕੂ ਨੂੰ ਘਿਉ 'ਚ ਤਲ ਲਉ ਤੇ ਬਾਅਦ 'ਚ ਚਾਸਕੂ ਨੂੰ ਕੜਾਹੀ 'ਚੋਂ ਕੱਢ ਕੇ ਕੁੱਟ ਕੇ ਪੀਸ ਲਉ ਤੇ ਗਰਮ ਘਿਉ 'ਚ ਆਟਾ ਪਾ ਕੇ ਭੁੰਨੋ । ਹੁਣ ਚਾਸਕੂ ਵੀ ਆਟੇ ਵਿਚ ਰਲਾ ਦਿਉ । ਜਦੋਂ ਖ਼ੁਸ਼ਬੂ ਆਉਣ ਲੱਗੇ ਤਾਂ ਪੀਸੀ ਹੋਈ ਖੰਡ ਪਾ ਦਿਉ ਤੇ ਥੋੜ੍ਹਾ ਜਿਹਾ ਭੁੰਨ ਕੇ ਕੜਾਹੀ ਨੂੰ ਅੱਗ ਤੋਂ ਥੱਲੇ ਉਤਾਰ ਲਉ। ਹੁਣ ਇਸ 'ਚ ਸਾਰੇ ਕੱਦੂਕਸ ਕੀਤੇ ਡਰਾਈਫਰੂਟ ਮੇਵੇ ਤੇ ਇਲਾਇਚੀ ਪਾਊਡਰ ਪਾ ਦਿਉ । ਇਸ ਨੂੰ ਚੰਗੀ ਤਰ੍ਹਾਂ ਰਲਾ ਦਿਉ। ਠੰਡਾ ਹੋਣ 'ਤੇ ਇਸ ਦੀਆਂ ਪਿੰਨੀਆਂ ਬਣਾ ਲਉ । ਚਾਸਕੂ ਕੌੜਾ ਹੁੰਦਾ ਹੈ ਪਰ ਗੁਣਾਂ ਦੀ ਗੁਥਲੀ ਹੁੰਦਾ ਹੈ । ਚਾਸਕੂ ਦੇ ਕੈਪਸੂਲ ਭਰ ਕੇ ਵੀ ਹਰ ਰੋਜ਼ ਖਾਧੇ ਜਾ ਸਕਦੇ ਹਨ ।

• ਡਾ. ਅਮਰੀਕ ਸਿੰਘ ਕੰਡਾ
98557-35666



# ਗੰਭੀਰ ਰੋਗਾਂ ਦਾ ਸੰਕੇਤ ਪੇਟ ਦਰਦ

ਕਈ ਵਾਰ ਪੇਟ ਵਿਚ ਅਚਾਨਕ ਦਰਦ ਸ਼ੁਰੂ ਹੋ ਜਾਂਦਾ ਹੈ ਤੇ ਛਾਤੀ ਵਿਚ ਜਲਣ ਸ਼ੁਰੂ ਹੋ ਜਾਂਦੀ ਹੈ। ਆਮ ਤੌਰ 'ਤੇ ਅਸੀਂ ਪੇਟ ਦਰਦ ਨੂੰ ਬਿਲਕੁਲ ਵੀ ਗੰਭੀਰ ਰੂਪ ਵਿਚ ਨਹੀਂ ਲੈਂਦੇ। ਪਰ ਕਈ ਵਾਰ ਪੇਟ-ਦਰਦ ਨੂੰ ਅਣਡਿੱਠ ਕਰਨਾ ਗੰਭੀਰ ਸਮੱਸਿਆ ਦਾ ਕਾਰਨ ਬਣ ਸਕਦਾ ਹੈ। ਭਾਵੇਂ ਇਹ ਕੋਈ ਨਵੀਂ ਬੀਮਾਰੀ ਨਹੀਂ ਹੈ ਪਰ ਫਿਰ ਵੀ ਪੇਟ ਦਰਦ ਕਈ ਗੰਭੀਰ ਬਿਮਾਰੀਆਂ ਦਾ ਸੰਕੇਤ ਵੀ ਹੋ ਸਕਦਾ ਹੈ।

### ਅਲਸਰ

ਸਾਡੇ ਪੇਟ ਵਿਚ ਹਾਈਡਰੋਕਲੋਰਿਕ ਐਸਿਡ ਦਾ ਨਿਰਮਾਣ ਹੁੰਦਾ ਰਹਿੰਦਾ ਹੈ ਜੋ ਪੇਟ ਦੀਆਂ ਨਾਜ਼ੁਕ ਦੀਵਾਰਾਂ ਵਿਚ ਜਲਣ ਪੈਦਾ ਕਰ ਸਕਦਾ ਹੈ। ਮਿਊਕਸ ਨਾਂ ਦਾ ਇਹ ਐਸਿਡ ਲਿਵਰ ਦੀ ਰੱਖਿਆ ਕਰਦਾ ਹੈ। ਜੇ ਅਮਲ ਦੇ ਘਾਤਕ ਹਮਲਿਆਂ ਨਾਲ ਇਹ ਪਰਤ ਨਸ਼ਟ ਹੋ ਜਾਂਦੀ ਹੈ ਤਾਂ ਇਹ ਤੁਰੰਤ ਆਪਣਾ ਮੁੜ ਨਿਰਮਾਣ ਸ਼ੁਰੂ ਕਰਕੇ ਅਮਲ ਦੇ ਨੁਕਸਾਨਦਾਇਕ ਹਮਲਿਆਂ ਤੋਂ ਰੱਖਿਆ ਕਰਦਾ ਹੈ। ਇਸ ਪ੍ਰਕਿਰਿਆ ਤੋਂ ਇਲਾਵਾ ਜਦੋਂ ਕੋਈ ਵਿਅਕਤੀ ਜ਼ਿਆਦਾ ਚਾਹ, ਕੌਫ਼ੀ, ਸ਼ਰਾਬ, ਤੰਬਾਕੂ, ਦਰਦ ਨਿਵਾਰਕ ਦਵਾਈਆਂ ਜਾਂ ਮਿਰਚ ਮਸਾਲਿਆਂ ਦਾ ਸੇਵਨ ਕਰਦਾ ਹੈ ਤਾਂ ਮਿਊਕਸ ਰੂਪੀ ਰੱਖਿਅਕ ਇਨ੍ਹਾਂ ਤੇਜ਼ ਹਮਲਿਆਂ ਤੋਂ ਬਚ ਨਹੀਂ ਸਕਦਾ ਜਿਸ ਦੇ ਨਤੀਜੇ ਵਜੋਂ ਪੇਟ ਦੀਆਂ ਮੁਲਾਇਮ ਝਿੱਲੀਆਂ ਨੁਕਸਾਨੀਆਂ ਜਾਂਦੀਆਂ ਹਨ। ਲਗਾਤਾਰ ਅਜਿਹਾ ਹੋਣ ਨਾਲ ਪੇਟ ਵਿਚ ਜ਼ਖ਼ਮ ਬਣ ਜਾਂਦੇ ਹਨ ਜਿਨ੍ਹਾਂ ਨੂੰ ਡਾਕਟਰੀ ਭਾਸ਼ਾ ਵਿਚ 'ਪੇਪਟਿਕ ਅਲਸਰ ਕਿਹਾ ਜਾਂਦਾ ਹੈ।

ਇਸ ਅਲਸਰ ਦੌਰਾਨ ਛਾਤੀ ਅਤੇ ਪੇਟ ਵਿਚਲੇ ਥਾਂ 'ਚ ਜਲਣ ਦੇ ਨਾਲ ਦਰਦ ਹੁੰਦਾ ਹੈ ਜੋ ਮੋਢਿਆਂ ਤੋਂ ਹੁੰਦਾ ਹੋਇਆ ਪਿੱਠ ਅਤੇ ਹੱਥ ਤਕ ਜਾਂਦਾ ਹੈ। ਜੇ ਜ਼ਖ਼ਮ ਪੇਟ ਵਿਚ ਹੈ ਤਾਂ ਦਰਦ ਭੋਜਨ ਤੋਂ ਅੱਧੇ ਤੋਂ ਡੇਢ ਘੰਟੇ ਵਿਚਾਲੇ ਸ਼ੁਰੂ ਹੋ ਜਾਂਦਾ ਹੈ ਅਤੇ ਜੇ ਜ਼ਖ਼ਮ ਛੋਟੀ ਅੰਤੜੀ ਵਿਚ ਹੈ ਤਾਂ ਦਰਦ ਭੋਜਨ ਤੋਂ 3 ਜਾਂ 4 ਘੰਟੇ ਬਾਅਦ ਹੁੰਦਾ ਹੈ।

ਇਸ ਰੋਗ ਦਾ ਦਰਦ ਜ਼ਿਆਦਾਤਰ ਰਾਤ ਸਮੇਂ ਹੁੰਦਾ ਹੈ ਕਿਉਂਕਿ ਉਸ ਸਮੇਂ ਪੇਟ ਵਿਚ ਭੋਜਨ ਨਾ ਹੋਣ ਕਾਰਨ ਪੇਟ ਖਾਲੀ ਹੁੰਦਾ ਹੈ ਜਿਸ ਨਾਲ ਅਮਲ ਜ਼ਿਆਦਾ ਤੇਜ਼ੀ ਨਾਲ ਕੰਮ ਕਰਦਾ ਹੈ। ਜ਼ਿਆਦਾ ਮਾਤਰਾ ਵਿਚ ਬਣਨ ਤੋਂ ਬਾਅਦ ਅਮਲ ਕਈ ਵਾਰ ਛਾਤੀ ਦੇ ਵਿਚਾਲੇ ਭੋਜਨ ਨਲੀ ਨੂੰ ਵੀ ਨੁਕਸਾਨ ਪਹੁੰਚਾਉਂਦੇ ਹੋਏ ਮੂੰਹ ਦੇ ਰਸਤੇ ਬਾਹਰ ਨਿਕਲਦਾ ਹੈ। ਇਸ ਸਥਿਤੀ ਨੂੰ 'ਹਾਰਟ ਬਰਨ' ਵੀ ਕਿਹਾ ਜਾਂਦਾ ਹੈ।

### ਸੁਝਾਅ

ਅਜਿਹੇ ਰੋਗੀ ਨੂੰ ਥੋੜ੍ਹੇ ਥੋੜ੍ਹੇ ਸਮੇਂ ਦੇ ਵਕਫ਼ੇ ਮਗਰੋਂ ਹਲਕਾ ਭੋਜਨ ਲੈਣਾ ਚਾਹੀਦਾ ਹੈ। ਭੋਜਨ ਤੋਂ ਡੇਢ ਘੰਟੇ ਬਾਅਦ 1 ਕੱਪ ਠੰਢਾ ਦੁੱਧ ਪੀਣ ਨਾਲ ਐਸਿਡ ਨਸ਼ਟ ਹੁੰਦਾ ਹੈ। ਭੋਜਨ ਵਿਚ ਚਰਬੀ ਰਹਿਤ ਚੀਜ਼ਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਰੋਗੀ ਨੂੰ ਮਾਨਸਿਕ ਤਣਾਅ ਤੋਂ ਬਚਣਾ ਚਾਹੀਦਾ ਹੈ ਅਤੇ ਮਿਰਚ ਮਸਾਲੇ, ਸ਼ਰਾਬ, ਸਿਗਰਟ, ਦਰਦ ਨਿਵਾਰਕ ਦਵਾਈਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

### ਪੈਂਕ੍ਰਿਆਟਾਈਟਿਸ

ਇਹ ਮੱਛੀਨੁਮਾ ਭਾਗ ਮਹੱਤਵਪੂਰਨ ਪਾਚਕ ਰਸ ਦਾ ਨਿਰਮਾਣ ਕਰਦਾ ਹੈ। ਕਦੀ ਕਦੀ ਜ਼ਿਆਦਾ ਗੰਭੀਰ ਸਥਿਤੀ ਵੀ ਪੈਦਾ ਕਰ ਸਕਦਾ ਹੈ। ਜ਼ਿਆਦਾ ਅਤੇ ਲਗਾਤਾਰ ਸ਼ਰਾਬ ਪੀਣ ਅਤੇ ਪਿੱਤੇ ਦੀ ਪਥਰੀ ਲੰਬੇ ਸਮੇਂ ਤਕ ਰਹਿਣ ਕਾਰਨ ਪੈਂਕਿਆਜ਼ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਪੇਟ ਵਿਚ ਤੇਜ਼ ਦਰਦ, ਉਲਟੀਆਂ ਆਉਣਾ, ਵਜ਼ਨ ਵਿਚ ਤੇਜ਼ੀ ਨਾਲ ਗਿਰਾਵਟ ਐਸਿਡ ਦੇ ਤੇਜ਼ ਪ੍ਰਭਾਵ ਦੇ ਲੱਛਣ ਹੋ ਸਕਦੇ ਹਨ ਅਤੇ ਸਥਿਤੀ ਨੂੰ ਜ਼ਿਆਦਾ ਭਿਆਨਕ ਬਣਾ ਸਕਦੇ ਹਨ।

### ਬਚਾਅ

ਸ਼ਰਾਬ ਦਾ ਤਿਆਗ ਅਤੇ ਪਾਚਨ ਕਿਰਿਆ ਨੂੰ ਸਿਹਤਮੰਦ ਬਣਾਉਣ ਵਾਲੀਆਂ ਦਵਾਈਆਂ ਦਾ ਸੇਵਨ ਇਸ ਤੋਂ ਬਚਾਅ ਦੇ ਵਧੀਆ ਉਪਾਅ ਹਨ।

### ਪਿੱਤੇ ਦੀ ਪਥਰੀ

ਲਿਵਰ 'ਚੋਂ ਰਿਸਣ ਵਾਲੇ ਪਾਚਕ ਰਸ ਨੂੰ ਪਿੱਤ ਕਹਿੰਦੇ ਹਨ। ਇਸ ਵਿਚ ਪਿੱਤ ਅਮਲ, ਪਿੱਤ ਲਵਣ ਆਦਿ ਮੌਜੂਦ ਹੁੰਦੇ ਹਨ। ਕੌਲੈਸਟਰੌਲ ਇਸੇ ਪਿੱਤ ਅਮਲ ਵਿਚ ਘੁਲ਼ਿਆ ਹੁੰਦਾ ਹੈ ਜਿਨ੍ਹਾਂ ਦਾ ਸਮੀਕਰਣ 1:20 ਤੋਂ 1:30 ਹੁੰਦਾ ਹੈ। ਕਿਸੇ ਵੀ ਕਾਰਨ ਨਾਲ ਜਦੋਂ ਇਹ ਸਾਧਾਰਨ ਪੱਧਰ ਦਾ ਸਮੀਕਰਨ ਆਪਣੇ ਨਿਸ਼ਚਿਤ ਅਨੁਪਾਤ ਤੋਂ ਡਿਗਣ ਲਗਦਾ ਹੈ ਤਾਂ ਕੌਲੈਸਟਰੌਲ ਠੋਸ ਅਵਸਥਾ ਵਿਚ ਅ ਕੇ ਪਿੱਤ ਦੀ ਥੈਲੀ ਵਿਚ ਜਮ੍ਹਾਂ ਹੋ ਜਾਂਦਾ ਹੈ ਅਤੇ ਇਸ ਦੇ ਚਾਰੇ ਪਾਸੇ ਕੈਲਸ਼ੀਅਮ ਅਤੇ ਰੰਗੀਤ ਪਿੱਤ ਦੇ ਧੱਬੇ ਘੇਰਾ ਪਾ ਲੈਂਦੇ ਹਨ, ਜਿਸ ਨੂੰ ਪਥਰੀ ਕਿਹਾ ਜਾਂਦਾ ਹੈ।

ਇਸ ਰੋਗੀ ਨੂੰ ਪੇਟ ਵਿਚ ਬੇਹੱਦ ਤੇਜ਼ ਦਰਦ ਉਠਦਾ ਹੈ ਜੋ ਪਿੱਛੇ ਪਿੱਠ ਅਤੇ ਅੱਗੇ ਗਲ਼ੇ ਤਕ ਵੀ ਜਾਂਦਾ ਹੈ। ਪਿੱਤੇ ਦੀ ਪਥਰੀ 40 ਸਾਲ ਦੀ ਉਮਰ ਤੋਂ ਵੱਧ ਦੀਆਂ ਮੋਟੀਆਂ ਔਰਤਾਂ ਵਿਚ ਜ਼ਿਆਦਾ ਹੁੰਦੀ ਹੈ। ਸੋਨੋਗ੍ਰਾਫ਼ੀ ਅਤੇ ਸੀਟੀ ਸਕੈਨ ਵਰਗੀਆਂ ਤਕਨੀਕਾਂ ਤੋਂ ਪਤਾ ਲਗਾਇਆ ਜਾਂਦਾ ਹੈ। ਆਪ੍ਰੇਸ਼ਨ ਰਾਹੀਂ ਇਸ ਦਾ ਇਲਾਜ ਸੰਭਵ ਹੈ। ਖ਼ੂਨ ਵਿਚ ਕੌਲੈਸਟਰੌਲ ਦਾ ਪੱਧਰ ਅਤੇ ਲਿਵਰ ਦੀ ਸਮੇਂ ਸਮੇਂ ਸਿਰ ਜਾਂਚ ਕਰਵਾਉਂਦੇ ਰਹਿਣਾ ਠੀਕ ਰਹਿੰਦਾ ਹੈ। ਲੰਬੇ ਸਮੇਂ ਤਕ ਪਥਰੀ ਰਹਿਣ ਨਾਲ ਇਨਫੈਕਸ਼ਨ ਦਾ ਖ਼ਤਰਾ ਵਧ ਜਾਂਦਾ ਹੈ।

### ਕੁਝ ਸਾਧਾਰਨ ਕਾਰਨ

- ਕਦੀ ਕਦੀ ਮਾਨਸਿਕ ਤਣਾਅ ਦੀ ਸਥਿਤੀ ਵਿਚ ਅੰਤੜੀਆਂ ਦੇ ਸੁੰਗੜਨ ਕਾਰਨ ਅਤੇ ਪਾਚਕ ਰਸ ਦੇ ਵਹਾਅ ਦੀ ਦਰ ਵਧ ਜਾਂਦੀ ਹੈ ਜਿਸ ਦੀ ਪਛਾਣ ਦਸਤ ਲੱਗਣ ਤੋਂ ਹੁੰਦੀ ਹੈ।
- ਕਬਜ਼ ਵੀ ਪੇਟਦਰਦ ਦਾ ਇਕ ਸਾਧਾਰਨ ਕਾਰਨ ਹੈ । ਪਾਖ਼ਾਨਾ ਸਖ਼ਤ ਹੋਣ ਕਰਕੇ ਦਰਦ ਪੈਦਾ ਕਰਦਾ ਹੈ। ਕਬਜ਼ ਦੂਰ ਕਰਨ ਲਈ ਜ਼ਿਆਦਾ ਪਾਣੀ ਪੀਣ, ਜ਼ਿਆਦਾ ਸਲਾਦ ਖਾਣ ਅਤੇ ਨਿਯਮਿਤ ਕਸਰਤ ਆਦਿ ਮੁੱਢਲੇ ਉਪਾਅ ਹੋ ਸਕਦੇ ਹਨ।
- ਪਾਰਟੀਆਂ ਜਾਂ ਬਾਜ਼ਾਰਾਂ ਵਿਚ ਮਿਲਣ ਵਾਲੇ ਚਟਪਟੇ ਭੋਜਨ ਇਨਫੈਕਸ਼ਨ ਕਰ ਸਕਦੇ ਹਨ। ਇਹ ਫੂਡ ਪਾਇਜ਼ਨਿੰਗ ਦਾ ਕਾਰਨ ਵੀ ਬਣਦੇ ਹਨ। •

# ਕੈਂਸਰ ਦੀਆਂ ਕੁਝ ਘਾਤਕ ਕਿਸਮਾਂ ਬਚਾਅ ਤੇ ਉਪਾਅ



ਕੌਮਾਂਤਰੀ ਕੈਂਸਰ ਦਿਵਸ ਕੈਂਸਰ ਦੇ ਸ਼ੁਰੂਆਤੀ ਪੜਾਅ ਵਿਚ ਪਤਾ ਲੱਗਣ 'ਤੇ ਰੋਕਥਾਮ, ਇਸ ਦੇ ਇਲਾਜ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਹਰ ਸਾਲ 4 ਫਰਵਰੀ ਨੂੰ ਮਨਾਇਆ ਜਾਂਦਾ ਹੈ। ਕੈਂਸਰ ਸਰੀਰ ਦੇ ਕਿਸੇ ਵੀ ਹਿੱਸੇ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਇਸ ਦੀ ਗਿਣਤੀ ਦੋ ਸੌ ਤੋਂ ਵੀ ਵੱਧ ਹੈ। ਸਾਡੇ ਸਰੀਰ ਵਿਚ 60 ਵੱਖ-ਵੱਖ ਤਰ੍ਹਾਂ ਦੇ ਅੰਗ ਹੁੰਦੇ ਹਨ ਜਿਨ੍ਹਾਂ 'ਚ ਕੈਂਸਰ ਪੈਦਾ ਹੋ ਸਕਦਾ ਹੈ। ਇੱਥੇ ਕੈਂਸਰ ਦੀਆਂ ਪੰਜ ਅਜਿਹੀਆਂ ਖ਼ਤਰਨਾਕ ਕਿਸਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

**ਰਿਪੋਰਟ ਮੁਤਾਬਿਕ ਫੇਫੜੇ ਨਾਲ ਸਬੰਧਤ 80 ਫ਼ੀਸਦੀ ਰੋਗਾਂ ਦਾ ਕਾਰਨ ਸਿਗਰਟਨੋਸ਼ੀ ਹੈ।**

**40 ਸਾਲ ਦੀ ਉਮਰ ਤੋਂ ਬਾਅਦ ਹਰੇਕ ਔਰਤ ਨੂੰ ਸਾਲ ਵਿਚ ਇਕ ਵਾਰ ਬ੍ਰੈਸਟ ਕੈਂਸਰ ਸਬੰਧੀ ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ।**

### ਚਮੜੀ ਦਾ ਕੈਂਸਰ

ਚਮੜੀ ਦੇ ਕੈਂਸਰ ਦੌਰਾਨ ਚਮੜੀ 'ਤੇ ਕਈ ਤਰ੍ਹਾਂ ਦੇ ਬਦਲਾਅ ਆਉਂਦੇ ਹਨ ਜੋ ਮੇਲੇਨੋਮਾ (ਧੁੱਪ ਨਾਲ ਹੋਣ ਵਾਲੇ) ਜਾਂ ਨਾਨ-ਮੇਲੇਨੋਮਾ (ਬੇਹੱਦ ਗੰਭੀਰ) ਕੈਂਸਰ ਦੇ ਲੱਛਣ ਹੋ ਸਕਦੇ ਹਨ। ਚਮੜੀ 'ਤੇ ਰੈਸ਼ੇਜ਼, ਤਿਲ ਜਾਂ ਜਨਮਜਾਤ ਨਿਸ਼ਾਨ ਵਿਚ ਹੋਣ ਵਾਲੇ ਬਦਲਾਅ, ਐਕਜ਼ਿਮਾ, ਖਾਜ ਜਾਂ ਚਮੜੀ 'ਤੇ ਬਹੁਤ ਜ਼ਿਆਦਾ ਲਾਲੀ ਅਤੇ ਜਲਣ ਵੀ ਕੈਂਸਰ ਦਾ ਕਾਰਨ ਹੋ ਸਕਦੇ ਹਨ। ਇਸ ਲਈ ਇਨ੍ਹਾਂ ਅਲਾਮਤਾਂ ਨੂੰ ਅਣਗੌਲਿਆਂ ਨਾ ਕਰੋ।

### ਬਚਾਅ ਦੇ ਉਪਾਅ



- ਸੂਰਜ ਦੀਆਂ ਤੇਜ਼ ਕਿਰਨਾਂ ਤੋਂ ਬਚਾਅ।
- ਧੁੱਪ ਵਿਚ ਨਿਕਲਣ ਤੋਂ ਪਹਿਲਾਂ ਸਨਸਕ੍ਰੀਨ ਲੋਸ਼ਨ ਦੀ ਵਰਤੋਂ। ਟੈਟੂ ਬਣਵਾਉਣ ਨਾਲ ਚਮੜੀ ਦੇ ਕੈਂਸਰ ਦਾ ਖ਼ਤਰਾ ਹੁੰਦਾ ਹੈ।
- ਭੋਜਨ ਵਿਚ ਵਿਟਾਮਿਨ ਡੀ ਦੀ ਮਾਤਰਾ ਸ਼ਾਮਿਲ ਕਰੋ। ਸਰੀਰ 'ਤੇ ਤੇਲ ਦੀ ਮਾਲਿਸ਼ ਕਰਨ ਨਾਲ ਵੀ ਚਮੜੀ ਦੇ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ।
- ਆਪਣੇ ਭੋਜਨ ਵਿਚ ਫਲ ਸ਼ਾਮਿਲ ਕਰਕੇ ਵੀ ਚਮੜੀ ਦੇ ਕੈਂਸਰ ਦੇ ਖ਼ਤਰੇ ਤੋਂ ਬਚਾਅ ਕੀਤਾ ਜਾ ਸਕਦਾ ਹੈ। ਅੰਗੂਰ ਦਾ ਸੇਵਨ ਚਮੜੀ ਦੇ ਕੈਂਸਰ ਦਾ ਖ਼ਤਰਾ ਘੱਟ ਕਰਦਾ ਹੈ।

### ਬ੍ਰੈਸਟ ਕੈਂਸਰ

ਭਾਰਤੀ ਔਰਤਾਂ ਵਿਚ ਬ੍ਰੈਸਟ ਕੈਂਸਰ ਹੋਣ ਦੀ ਔਸਤ ਉਮਰ 47 ਸਾਲ ਹੈ ਜੋ ਕਿ ਪੱਛਮੀ ਦੇਸ਼ਾਂ ਦੇ ਮੁਕਾਬਲੇ 10 ਸਾਲ ਘੱਟ ਹੈ। ਬ੍ਰੈਸਟ ਵਿਚ ਗੰਢ, ਬਗ਼ਲ 'ਚ ਸੋਜ਼ਿਸ਼ ਆਉਣਾ, ਆਕਾਰ ਵਿਚ ਤੇਜ਼ੀ ਨਾਲ ਤਬਦੀਲੀ ਆਦਿ ਲੱਛਣ ਸਾਹਮਣੇ ਆਉਣ 'ਤੇ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਸਮੇਂ ਸਿਰ ਬ੍ਰੈਸਟ ਕੈਂਸਰ ਦੀ ਪਛਾਣ ਕਰਕੇ ਇਸ ਦਾ ਇਲਾਜ ਸੰਭਵ ਹੈ।

### ਉਪਾਅ

- ਚਾਹ ਦਾ ਸੇਵਨ ਕਰੋ। ਕਾਲੀ ਚਾਹ ਵਿਚ ਐਪੀ ਗੈਲੋ ਕੈਟੇਚਿਨ ਨਾਂ ਦਾ ਰਸਾਇਣ ਹੁੰਦਾ ਹੈ ਜੋ ਬ੍ਰੈਸਟ ਕੈਂਸਰ ਤੋਂ ਸਰੀਰ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ।
- ਖੱਟੇ ਫਲ਼ਾਂ ਜਿਵੇਂ ਸੇਬ, ਅੰਗੂਰ, ਪੀਚ, ਨਾਸ਼ਪਤੀ, ਕੇਲਾ ਆਦਿ ਦਾ ਸੇਵਨ ਕਰਨ ਨਾਲ ਬ੍ਰੈਸਟ ਕੈਂਸਰ ਹੋਣ ਦੀ ਸੰਭਾਵਨਾ ਕੁਝ ਹੱਦ ਤਕ ਘੱਟ ਹੋ ਜਾਂਦੀ ਹੈ।
- ਸਰੀਰਕ ਰੂਪ ਵਿਚ ਜ਼ਿਆਦਾ ਕਿਰਿਆਸ਼ੀਲ ਰਹੋ। ਨਿਯਮਿਤ ਕਸਰਤ ਕਰੋ।
- ਦੁੱਧ ਅਤੇ ਦਹੀਂ ਵਿਚ ਵਿਟਾਮਿਨ ਡੀ ਹੁੰਦਾ ਹੈ ਜੋ ਬ੍ਰੈਸਟ ਕੈਂਸਰ ਦੀਆਂ ਕੋਸ਼ਿਕਾਵਾਂ ਨੂੰ ਵਧਣ ਤੋਂ ਰੋਕਦਾ ਹੈ। ਗਰਭਰੋਕੂ ਗੋਲ਼ੀਆਂ ਦਾ ਸੇਵਨ ਡਾਕਟਰ ਦੀ ਸਲਾਹ ਨਾਲ ਹੀ ਕਰੋ।
- 40 ਸਾਲ ਦੀ ਉਮਰ ਤੋਂ ਬਾਅਦ ਹਰੇਕ ਔਰਤ ਨੂੰ ਘੱਟੋ ਘੱਟ ਸਾਲ ਵਿਚ ਇਕ ਵਾਰ ਬ੍ਰੈਸਟ ਕੈਂਸਰ ਮਾਹਿਰ ਤੋਂ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ।

### ਬਲੱਡ ਕੈਂਸਰ

ਬਲੱਡ ਕੈਂਸਰ ਹੋਣ ਦਾ ਸਭ ਤੋਂ ਮੁੱਖ ਕਾਰਨ ਸਰੀਰ ਦੀ ਰੋਕਰੋਕੂ ਸਮਰੱਥਾ ਦਾ ਘੱਟ ਹੋਣਾ ਹੈ। ਕੀਟਨਾਸ਼ਕਾਂ ਅਤੇ ਨਾਈਟ੍ਰੇਟਯੁਕਤ ਪਾਣੀ ਦੀ ਵਰਤੋਂ ਨਾਲ ਬਲੱਡ ਕੈਂਸਰ ਹੋਣ ਦਾ ਖ਼ਤਰਾ ਵਧਦਾ ਹੈ। ਬਲੱਡ ਕੈਂਸਰ ਹੋਣ 'ਤੇ ਹੱਡੀਆਂ ਅਤੇ ਜੋੜਾਂ ਵਿਚ ਦਰਦ ਹੋਣ ਲਗਦਾ ਹੈ। ਬੁਖ਼ਾਰ, ਚੱਕਰ ਆਉਣਾ, ਵਾਰ-ਵਾਰ ਇਨਫੈਕਸ਼ਨ, ਰਾਤ ਨੂੰ ਪਸੀਨਾ ਆਉਣਾ ਅਤੇ ਵਜ਼ਨ ਘੱਟ ਹੋਣਾ ਬਲੱਡ ਕੈਂਸਰ ਦੇ ਪ੍ਰਮੁੱਖ ਲੱਛਣ ਹਨ।

### ਉਪਾਅ

- ਸਿਗਰਟਨੋਸ਼ੀ ਦਾ ਤਿਆਗ ਕਰਕੇ ਬਲੱਡ ਕੈਂਸਰ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ। ਸਿਗਰਟ ਨਾਲ ਸਰੀਰ 'ਚ ਪਹੁੰਚ ਰਹੀ ਨਿਕੋਟੀਨ ਕੈਂਸਰ ਨੂੰ ਸੱਦਾ ਦਿੰਦੀ ਹੈ।
- ਜ਼ਿਆਦਾ ਕੌਲੈਸਟਰੌਲ ਵਾਲਾ ਭੋਜਨ ਕਰਨ ਤੋਂ ਬਚਾਅ ਕਰੋ। ਹਰੀ ਸਬਜ਼ੀਆਂ, ਤਾਜ਼ੇ ਫਲ, ਦੁੱਧ, ਦਹੀਂ ਅਤੇ ਵਿਟਾਮਿਨ, ਮਿਨਰਲ ਯੁਕਤ ਭੋਜਨ ਖਾਓ।
- ਐਕਸ-ਰੇ ਜਾਂ ਹੋਰ ਰੇਡੀਏਸ਼ਨ ਕਿਰਨਾਂ ਦੇ ਸੰਪਰਕ ਵਿਚ ਆਉਣ ਤੋਂ ਬਚੋ ਕਿਉਂਕਿ ਰੇਡੀਏਸ਼ਨ ਨਾਲ ਬਲੱਡ ਕੈਂਸਰ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਸੀਟੀ ਸਕੈਨ ਅਤੇ ਰੇਡੀਏਸ਼ਨ ਥੈਰੇਪੀ ਵੀ ਬਲੱਡ ਕੈਂਸਰ ਦਾ ਖ਼ਤਰਾ ਵਧਾਉਂਦੀ ਹੈ।

### ਫੇਫੜਿਆਂ ਦਾ ਕੈਂਸਰ

ਫੇਫੜੇ ਦੇ 80 ਫ਼ੀਸਦੀ ਰੋਗ ਮਾਮਲੇ ਸਿਗਰਟਨੋਸ਼ੀ ਕਾਰਨ ਹੁੰਦੇ ਹਨ। ਇਹ ਸਿਗਰਟ ਜਾਂ ਕਿਸੇ ਵੀ ਧੂੰਏ ਕਾਰਨ ਹੋ ਸਕਦੇ ਹਨ। ਸਿਗਰਟ ਨਾ ਪੀਣ ਵਾਲੇ ਵੀ ਸਿਗਰਟ ਪੀਣ ਵਾਲਿਆਂ ਦੇ ਸੰਪਰਕ ਵਿਚ ਆਉਣ ਕਾਰਨ ਇਸ ਦਾ ਸ਼ਿਕਾਰ ਹੋ ਸਕਦੇ ਹਨ। ਛਾਤੀ ਵਿਚ ਦਰਦ, ਭੁੱਖ ਨਾ ਲੱਗਣਾ, ਖੰਘ ਨਾ ਖ਼ੂਨ ਆਉਣਾ, ਕਫ਼ ਦੀ ਸਮੱਸਿਆ ਜਲਦੀ ਖ਼ਤਮ ਨਾ ਹੋਣਾ ਆਦਿ ਇਸ ਦੇ ਲੱਛਣ ਹਨ।

### ਉਪਾਅ

- ਸਿਗਰਟਨੋਸ਼ੀ ਤੋਂ ਬਚੋ। ਘਰ ਅਤੇ ਆਲ਼ੇ ਦੁਆਲ਼ੇ ਨੂੰ ਹਾਨੀਕਾਰਕ ਗੈਸ ਤੋਂ ਸੁਰੱਖਿਅਤ ਰੱਖੋ।ਭੋਜਨ ਵਿਚ ਦੁੱਧ, ਦਹੀਂ, ਫਲ, ਗ੍ਰੀਨ ਟੀ ਆਦਿ ਲਾਜ਼ਮੀ ਤੌਰ 'ਤੇ ਯਕੀਨੀ ਬਣਾਓ।

### ਮੂੰਹ ਦਾ ਕੈਂਸਰ

ਮੂੰਹ ਦਾ ਕੈਂਸਰ ਜੀਭ, ਨੱਕ, ਤਾਲੂ ਜਾਂ ਭੋਜਨ ਨਲੀ ਵਿਚ ਹੁੰਦਾ ਹੈ। ਸਿਗਰਟਨੋਸ਼ੀ, ਗੁਟਖਾ, ਸ਼ਰਾਬ ਆਦਿ ਦਾ ਸੇਵਨ ਕਰਨ ਵਾਲਿਆਂ ਵਿਚ ਇਸ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਇਸ ਦੇ ਲੱਛਣਾਂ ਵਿਚ ਮੂੰਹ, ਬੁੱਲ੍ਹਾਂ 'ਤੇ ਲਾਲ ਰੰਗ ਦੇ ਦਾਗ਼, ਜਾਂ ਚਿੱਟੇ ਧੱਬੇ, ਮੂੰਹ ਤੇ ਬੁੱਲ੍ਹਾਂ 'ਤੇ ਸੋਜ, ਚਬਾਉਂਦੇ ਜਾਂ ਬੋਲਦੇ ਸਮੇਂ ਦਰਦ, ਜੀਭ ਹਿਲਾਉਣ ਵਿਚ ਮੁਸ਼ਕਿਲ, ਚਬਾਉਂਦੇ ਸਮੇਂ ਦੰਦਾਂ ਵਿਚ ਦਰਦ ਹੋਣਾ, ਕੰਨ ਵਿਚ ਦਰਦ ਹੋਣਾ ਜਾਂ ਗਲ਼ੇ 'ਚ ਜ਼ਖ਼ਮ ਆਦਿ ਪ੍ਰਮੁੱਖ ਹਨ।

### ਉਪਾਅ

- ਸਿਗਰਟ, ਤੰਬਾਕੂ, ਗੁਟਖਾ ਆਦਿ ਦੇ ਸੇਵਨ ਤੋਂ ਛੁਟਕਾਰਾ।
- ਸ਼ਰਾਬ ਕਾਰਨ ਮੂੰਹ ਦੇ ਕੈਂਸਰ ਦੀ ਸੰਭਾਵਨਾ ਚਾਰ ਗੁਣਾ ਵੱਧ ਹੋ ਜਾਂਦੀ ਹ ਕਿਉਂਕਿ ਮੂੰਹ ਵਿਚ ਅਲਕੋਹਲ ਕਾਰਨ ਜ਼ਖ਼ਮ ਹੋ ਜਾਂਦੇ ਹਨ ਅਤੇ ਉਸ ਵਿਚ ਜ਼ਖ਼ਮ ਵਧਦਾ ਜਾਂਦਾ ਹੈ।
- ਜੇਕਰ ਮੂੰਹ ਵਿਚ ਛਾਲੇ ਜਾਂ ਕੋਈ ਜ਼ਖ਼ਮ ਹੈ ਤਾਂ ਅਣਗੌਲਿਆਂ ਨਾ ਕਰੋ, ਸਮੇਂ ਸਿਰ ਡਾਕਟਰ ਕੋਲ ਜਾਓ ਅਤੇ ਇਲਾਜ ਸ਼ੁਰੂ ਕਰਵਾਓ। ਦੰਦਾਂ, ਬੁੱਲ੍ਹਾਂ ਅਤੇ ਜੀਭ ਦੀ ਸਫ਼ਾਈ ਦਾ ਉਚੇਚਾ ਧਿਆਨ ਰੱਖੋ। •

# ਹਡਾਣਾ ਨੇ ਭੁਨਰਹੇੜੀ ਬਲਾਕ ਦੇ ਹੜਾਂ ਦੌਰਾਨ ਨੁਕਸਾਨੇ ਗਏ 34 ਘਰਾਂ ਨੂੰ 51 ਲੱਖ ਦੇ ਵੰਡੇ ਅਲਾਟਮੈਂਟ ਪੱਤਰ



**ਸਨੌਰ,29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਹਲਕੇ ਵਿੱਚ ਹੜ੍ਹਾਂ ਦੌਰਾਨ ਹੋਏ ਨੁਕਸਾਨ ਦੀ ਭਰਪਾਈ ਲਈ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਰਾਹਤ ਦੇ ਕਦਮ ਤੇਜ਼ ਕਰ ਦਿੱਤੇ ਗਏ ਹਨ। ਇਸ ਸਿਲਸਿਲੇ ਹੇਠ ਅੱਜ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪਿੰਡ ਭੁਨਰਹੇੜੀ ਬਲਾਕ ਵਿੱਚ ਹੜਾਂ ਤੇ ਬਰਸਾਤਾਂ ਦੌਰਾਨ ਨੁਕਸਾਨੇ 34 ਘਰਾਂ ਦੇ ਪਰਿਵਾਰਾਂ ਨੂੰ 51 ਲੱਖ ਰੁਪਏ ਦੇ ਅਲਾਟਮੈਂਟ ਪੱਤਰ ਵੰਡੇ। ਇਹ 1.50 ਲੱਖ ਪ੍ਰਤੀ ਘਰ ਮਿਲਣ ਵਾਲੀ ਰਕਮ ਪੂਰੀ ਤਰ੍ਹਾਂ ਘਰਾਂ ਦੀ ਮੁਰੰਮਤ ਅਤੇ ਮੁੜ ਨਿਰਮਾਣ ਲਈ ਜਾਰੀ ਕੀਤੀ ਗਈ ਹੈ, ਤਾਂ ਜੋ ਪ੍ਰਭਾਵਿਤ ਪਰਿਵਾਰ ਜਲਦੀ ਦੁਬਾਰਾ ਆਪਣੇ ਘਰਾਂ ਵਿੱਚ ਸੁਰੱਖਿਅਤ ਜੀਵਨ ਬਤੀਤ ਕਰ ਸਕਣ। ਇਸ ਮੌਕੇ ਬਲਾਕ ਭੁਨਰਹੇੜੀ ਦੇ ਬੀ ਡੀ ਪੀ ਓ ਸੰਦੀਪ ਸਿੰਘ ਅਤੇ ਹੋਰ ਅਧਿਕਾਰੀ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ. ਇਸ ਮੌਕੇ ਰਣਜੋਧ ਹਡਾਣਾ ਨੇ ਕਿਹਾ ਕਿ ਹੜਾਂ ਦਾ ਦੁੱਖ ਸਭ ਤੋਂ ਵੱਧ ਉਹੀ ਜਾਣਦਾ ਹੈ ਜਿਸ ਦੇ ਸਿਰੋਂ ਛੱਤ ਹਟ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਹੜਾਂ ਤੇ ਬਰਸਾਤਾਂ ਦੌਰਾਨ ਹੋਏ ਨੁਕਸਾਨ ਦੀ ਪੂਰੀ ਰਿਪੋਰਟ ਤਿਆਰ ਕਰਵਾਈ ਗਈ ਸੀ ਅਤੇ ਤਸਦੀਕ ਤੋਂ ਬਾਅਦ ਇਹ ਮਦਦ ਜਾਰੀ ਕੀਤੀ ਗਈ ਹੈ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਜਿੱਥੇ ਜਿੱਥੇ ਹੜਾਂ ਨੇ ਨੁਕਸਾਨ ਕੀਤਾ ਹੈ, ਉੱਥੇ ਹਲਕਾ ਪ੍ਰਸ਼ਾਸਨ ਅਤੇ ਸਰਕਾਰ ਮਿਲ ਕੇ ਤੇਜ਼ੀ ਨਾਲ ਰਾਹਤ ਦੇ ਕੰਮ ਕਰ ਰਹੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮਾਨ ਸਰਕਾਰ ਨੇ ਕਦੇ ਵੀ ਕਾਗਜ਼ੀ ਘੋਸ਼ਣਾਵਾਂ ਨਹੀਂ ਕੀਤੀਆਂ, ਸਗੋਂ ਹਰ ਵਾਅਦਾ ਜ਼ਮੀਨ ਹਕੀਕਤ ਨਾਲ ਪੂਰਾ ਕੀਤਾ ਹੈ।

ਅਲਾਟਮੈਂਟ ਪੱਤਰ ਲੈਣ ਆਏ ਪੀੜਤ ਪਰਿਵਾਰਾਂ ਨੇ ਰਣਜੋਧ ਹਡਾਣਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਹੜਾਂ ਦੇ ਸਮੇਂ ਜਿਵੇਂ ਹਲਕਾ ਇੰਚਾਰਜ ਨੇ ਹਰ ਪਿੰਡ ਵਿੱਚ ਖੁਦ ਜਾ ਕੇ ਹਾਲਾਤ ਵੇਖੇ ਸਨ, ਉਸੇ ਤਰ੍ਹਾਂ ਅੱਜ ਮਦਦ ਜਾਰੀ ਕਰਕੇ ਉਹਨਾਂ ਨੇ ਸਾਬਤ ਕੀਤਾ ਹੈ ਕਿ ਉਹ ਲੋਕਾਂ ਲਈ ਸੱਚਮੁੱਚ ਖੜ੍ਹੇ ਹਨ।

ਹਡਾਣਾ ਨੇ ਅੰਤ ਵਿੱਚ ਕਿਹਾ ਕਿ ਅਗਲੇ ਸਮੇਂ ਵਿੱਚ ਇਸ ਤਰ੍ਹਾਂ ਦੀ ਸਥਿਤੀ ਤੋਂ ਬਚਣ ਲਈ ਟਾਂਗਰੀ ਨਦੀ ਅਤੇ ਹੋਰ ਡਰੇਨੇਜ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਪ੍ਰੋਜੈਕਟਾਂ ਨੂੰ ਵੀ ਤੇਜ਼ ਕੀਤਾ ਜਾ ਰਿਹਾ ਹੈ, ਤਾਂ ਜੋ ਹੜਾਂ ਵਾਲੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਬਲਾਕ ਪਟਿਆਲਾ ਦੇ 96 ਲਾਭਪਾਤਰੀਆਂ ਨੂੰ ਆਵਾਸ ਯੋਜਨਾ ਸਕੀਮ 1 ਕਰੋੜ 15 ਲੱਖ ਰੁਪਏ ਦੇ ਪ੍ਰਵਾਨਗੀ ਪੱਤਰ ਵੰਡੇ



**ਪਟਿਆਲਾ, 29 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਜੂਦਗੀ ਤੇ ਗਰੀਬ ਬੇਘਰੇ ਲੋਕਾਂ ਨੂੰ ਰਹਿਣ ਲਈ ਘਰ ਪ੍ਰਦਾਨ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਯਤਨਾ ਸਦਕਾ ਬਲਾਕ ਪਟਿਆਲਾ ਦੇ 96 ਲਾਭਪਾਤਰੀਆਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਸਕੀਮ ਤਹਿਤ ਕੁਲ 1 ਕਰੋੜ 15 ਲੱਖ 20 ਹਜ਼ਾਰ ਰੁਪਏ ਦੇ ਪ੍ਰਵਾਨਗੀ ਪੱਤਰਾਂ ਵੰਡੇ ਗਏ। ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੀ ਅਗਵਾਈ ਹੇਠ ਹੋਏ ਇਸ ਸਮਾਰੋਹ ਦੌਰਾਨ ਮਾਰਕੀਟ ਕਮੇਟੀ ਸਮਾਣਾ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਨੇ ਹਰੇਕ ਲਾਭਪਾਤਰੀ ਨੂੰ 1 ਲੱਖ 20 ਹਜ਼ਾਰ ਰੁਪਏ ਦੇ ਪੱਤਰ ਸੌਂਪਦਿਆਂ ਦੱਸਿਆ ਕਿ ਸਾਰੀ ਪ੍ਰਕ੍ਰਿਆ ਪੂਰੀ ਪਾਰਦਰਸ਼ੀ ਢੰਗ ਨਾਲ ਬਿਨ੍ਹਾਂ ਕਿਸੇ ਸਿਫ਼ਾਰਸ਼ ਤੋਂ ਨੇਪਰੇ ਚਾੜ੍ਹੀ ਗਈ ਹੈ।

ਬੀ.ਡੀ.ਪੀ.ਓ. ਸੁਖਵਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿ ਇਸ ਦੌਰਾਨ ਲਾਭਪਾਤਰੀਆਂ ਨੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਤੇ ਏ.ਡੀ.ਸੀ (ਪੇਂਡੂ ਵਿਕਾਸ) ਦਮਨਜੀਤ ਸਿੰਘ ਮਾਨ ਦਾ ਧੰਨਵਾਦ ਕੀਤਾ।

ਸਮਾਗਮ ਮੌਕੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਪਟਿਆਲਾ ਸੁਖਵਿੰਦਰ ਸਿੰਘ ਟਿਵਾਣਾ, ਐਸ.ਈ.ਪੀ.ਓ ਹਰਮਿੰਦਰ ਸਿੰਘ, ਪੰਚਾਇਤ ਅਫ਼ਸਰ ਗੁਰਮੁੱਖ ਸਿੰਘ, ਰਜਿੰਦਰ ਸਿੰਘ ਸਰਪੰਚ ਚੂਹੜਪੁਰ ਕਲਾਂ, ਤਰਲੋਚਨ ਸਿੰਘ ਸਰਪੰਚ ਰੱਖੜਾ, ਨਰਿੰਦਰ ਸਿੰਘ ਸਰਪੰਚ ਬਰਸਟ, ਸੰਦੀਪ ਸਿੰਘ ਸਰਪੰਚ ਝੰਡੀ, ਬਲਵਿੰਦਰ ਸਿੰਘ ਸਰਪੰਚ ਰਿਵਾਸ ਬ੍ਰਾਹਮਣਾ, ਸੰਦੀਪ ਕੌਰ ਸਰਪੰਚ ਰਾਮਗੜ੍ਹ, ਮਲਕੀਤ ਸਿੰਘ ਸਰਪੰਚ ਸ਼ੇਰਮਾਜਰਾ, ਮਨਜਿੰਦਰ ਕੌਰ ਸਰਪੰਚ ਚੂਹੜਪੁਰ ਜੱਟਾਂ, ਲਖਵਿੰਦਰ ਸਿੰਘ ਸਰਪੰਚ ਖੇੜੀ ਬਰਨਾ, ਬਲਕਾਰ ਸਿੰਘ ਰਾਜਗੜ੍ਹ, ਦਰਸ਼ਨ ਸਿੰਘ ਸਰਪੰਚ ਕਲਿਆਣ, ਕੁਲਬੀਰ ਸਿੰਘ ਸਰਪੰਚ ਨਵੀਂ ਲਲੌਛੀ, ਗੁਰਜੀਤ ਸਿੰਘ ਸਰਪੰਚ ਦਦਹੇੜਾ, ਜਗਤਾਰ ਸਿੰਘ ਸ਼ੇਖੂਪੁਰ, ਮਨਪ੍ਰੀਤ ਸਿੰਘ ਤੇ ਸ ਇੰਦਰਜੀਤ ਸਿੰਘ ਬਲਾਕ ਪ੍ਰਧਾਨ ਖੇੜੀਮਾਨੀਆਂ, ਸਤਨਾਮ ਸਿੰਘ ਸਰਪੰਚ ਗੱਜੂਮਾਜਰਾ, ਗੁਰਤੇਜ ਸਿੰਘ ਸਰਪੰਚ ਸਦਰਪੁਰ, ਸ਼ੇਰ ਸਿੰਘ ਸਰਪੰਚ ਖੇੜੀ ਮੱਲਾ, ਰਜਿੰਦਰ ਸਿੰਘ ਤੇ ਸੁਖਦੀਪ ਸਿੰਘ ਬਲਾਕ ਪ੍ਰਧਾਨ ਅਸਾਹਿਬਪੁਰਾ, ਜਸਵੰਤ ਸਿੰਘ ਸਰਪੰਚ ਚੂਹੜਪੁਰਮਰਾਸੀਆਂ, ਅਵਤਾਰ ਸਿੰਘ ਸਰਪੰਚ ਕਰਹਾਲੀ ਵੀ ਹਾਜ਼ਰ ਸਨ।

## ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿਖੇ ਭਾਰਤ ਦਾ ਸੰਵਿਧਾਨ ਦਿਵਸ ਮਨਾਇਆ

# ਲੋਕਾਂ ਦੀ ਨਿਆਂ ਤੱਕ ਪਹੁੰਚ ਮਜ਼ਬੂਤ ਬਣਾਉਣ ਲਈ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਵੱਲੋਂ ਜੁਡੀਸ਼ੀਅਲ ਅਧਿਕਾਰੀਆਂ ਨੂੰ ਪ੍ਰੇਰਨਾ



**ਪਟਿਆਲਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

26 ਨਵੰਬਰ 1949 ਨੂੰ ਭਾਰਤ ਦੇ ਸੰਵਿਧਾਨ ਨੂੰ ਅਪਣਾਏ ਜਾਣ ਦੀ ਯਾਦ ਮਨਾਉਂਦੇ ਹੋਏ ਤੇ ਸੰਵਿਧਾਨ ਵਿੱਚ ਦਰਜ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਨਿਆਂਪਾਲਿਕਾ ਦੀ ਵਚਨਬੱਧਤਾ ਨੂੰ ਦੁਹਰਾਉਣ ਲਈ ਪਟਿਆਲਾ ਦੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਅਵਤਾਰ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿਖੇ ਭਾਰਤ ਦਾ ਸੰਵਿਧਾਨ ਦਿਵਸ ਮਨਾਇਆ ਗਿਆ।

ਸੰਵਿਧਾਨ ਦੀ ਪ੍ਰਸਤਾਵਨਾ ਦੇ ਪਫ਼ਨ ਪੜ੍ਹਕੇ ਸਮਾਗਮ ਦੀ ਸ਼ੁਰੂਆਤ ਮੌਕੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਅਵਤਾਰ ਸਿੰਘ ਨੇ ਦੇਸ਼ ਦੇ ਲੋਕਤੰਤਰੀ ਢਾਂਚੇ ਵਿੱਚ ਸੰਵਿਧਾਨ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਵਰਗੀਆਂ ਸੰਵਿਧਾਨਿਕ ਕਦਰਾਂ-ਕੀਮਤਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਸਾਰੇ ਜੁਡੀਸ਼ੀਅਲ ਅਧਿਕਾਰੀਆਂ ਤੇ ਸਟਾਫ ਮੈਂਬਰਾਂ ਨੂੰ ਆਪਣੀ ਜਿੰਮੇਵਾਰੀ ਨਿਭਾਉਣ ਵਿੱਚ ਇਮਾਨਦਾਰੀ ਅਤੇ ਸਮਰਪਣ ਨਾਲ ਕੰਮ ਕਰਨ ਦੀ ਅਪੀਲ ਕੀਤੀ।

ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਨੇ ਪ੍ਰੇਰਿਤ ਕੀਤਾ ਕਿ ਉਹ ਨਾਗਰਿਕਾਂ ਖਾਸ ਕਰਕੇ ਪੱਛੜੇ ਅਤੇ ਸੰਵੇਦਨਸ਼ੀਲ ਵਰਗਾਂ ਵਿੱਚ ਸੰਵਿਧਾਨਕ ਚੇਤਨਾ ਵਧਾਉਣ, ਤਾਂ ਜੋ ਉਨ੍ਹਾਂ ਦੀ ਨਿਆਂ ਤੱਕ ਪਹੁੰਚ ਮਜ਼ਬੂਤ ਹੋ ਸਕੇ। ਉਹਨਾਂ ਨੇ ਸਮੂਹ ਜੁਡੀਸ਼ੀਅਲ ਅਧਿਕਾਰੀਆਂ ਨੂੰ 6 ਦਸੰਬਰ 2025 ਨੂੰ ਸ਼ੁਰੂ ਹੋਕੇ ਇੱਕ ਮਹੀਨੇ ਲਈ ਚੱਲਣ ਵਾਲੇ ਮਿਸ਼ਨ ਨਸ਼ਾ ਮੁਕਤ ਪੰਜਾਬ ਵਿੱਚ ਸਰਗਰਮ ਭਾਗੀਦਾਰੀ ਕਰਨ ਲਈ ਵੀ ਉਤਸ਼ਾਹਿਤ ਕੀਤਾ।

ਇਹ ਪ੍ਰੋਗਰਾਮ ਸੰਵਿਧਾਨ ਨੂੰ ਕਾਇਮ ਰੱਖਣ ਅਤੇ ਸਾਰਿਆਂ ਲਈ ਨਿਆਂ ਯਕੀਨੀ ਬਣਾਉਣ ਵਾਸਤੇ ਸਾਂਝੇ ਤੌਰ 'ਤੇ ਕੰਮ ਕਰਨ ਦਾ ਵਚਨ ਲੈ ਕੇ ਸਮਾਪਤ ਹੋਇਆ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਨੇ ਅਦਾਲਤੀ ਕੰਪਲੈਕਸ ਵਿੱਚ ਰੁੱਖ ਵੀ ਲਗਾਇਆ ਗਿਆ। ਸਮਾਰੋਹ ਮੌਕੇ ਜੁਡੀਸ਼ੀਅਲ ਅਧਿਕਾਰੀ ਤੇ ਹੋਰ ਅਮਲਾ ਮੌਜੂਦ ਰਿਹਾ।

# 350 ਸਾਲਾ ਸ਼ਹੀਦੀ ਦਿਹਾੜੇ ਮੌਕੇ 33 ਯੂਨਿਟ ਖ਼ੂਨ ਦਾਨ



**ਪਟਿਆਲਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੈਨੇਜਰ ਭਾਗ ਸਿੰਘ ਰਾਜਪੁਰਾ ਦੇ ਸਹਿਯੋਗ ਨਾਲ ਸ਼੍ਰੋਮਣੀ ਅਕਾਲੀ ਦਲ ਜਿਲ੍ਹਾ ਪਟਿਆਲਾ ਸ਼ਹਿਰੀ, ਹਿਊਮਨ ਵੈਲਫੇਅਰ ਫਾਊਂਡੇਸ਼ਨ ਅਤੇ ਐਚ. ਡੀ. ਐਫ. ਸੀ. ਬੈਂਕ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਵਿਖੇ ਪੰਚਮੀ ਦੇ ਦਿਹਾੜੇ ਲੰਗਰ ਹਾਲ ਦੇ ਵਰਾਂਡੇ ਵਿਚ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਗਾਇਆ ਗਿਆ। ਇਹ ਕੈਂਪ ਸ਼ਹਿਰੀ ਪ੍ਰਧਾਨ ਅਮਿਤ ਸਿੰਘ ਰਾਠੀ ਦੀ ਅਗਵਾਈ ਹੇਠ ਲਗਾਇਆ ਗਿਆ ਜਿਸ ਵਿਚ 33 ਵਲੰਟੀਅਰਾਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਵਲੰਟੀਅਰਾਂ ਨੂੰ ਆਸ਼ੀਰਵਾਦ ਦੇਣ ਲਈ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਐਸ. ਜੀ. ਪੀ. ਸੀ. ਤੇ ਸ਼੍ਰੋਮਣੀ ਅਕਾਲੀ ਦਲ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਅਮਿਤ ਸਿੰਘ ਰਾਠੀ, ਲਖਵੀਰ ਸਿੰਘ ਲੌਟ ਸਾਬਕਾ ਚੇਅਰਮੈਨ ਤੇ ਸੁਖਦੇਵ ਸਿੰਘ ਕਾਹਲਵਾਂ ਪਹੁੰਚੇ।

ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕਰਦਿਆਂ ਪ੍ਰੋ. ਬਡੂੰਗਰ ਨੇ ਕਿਹਾ ਕਿ ਖ਼ੂਨਦਾਨ ਪਰਉਪਕਾਰ ਦੀ ਸੇਵਾ ਹੈ, ਜਿਸ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ।

ਇਸ ਮੌਕੇ ਅਮਿਤ ਸਿੰਘ ਰਾਠੀ ਨੇ ਕਿਹਾ ਕਿ ਖ਼ੂਨਦਾਨ ਕੈਂਪ ਲਗਾਉਣ ਦਾ ਉਪਰਾਲਾ ਸ਼ਲਾਘਾਯੋਗ ਹੈ ਕਿਉਂਕਿ ਖ਼ੂਨ ਇੱਕ ਅਜਿਹਾ ਤਰਲ ਹੈ ਜੋ ਕਿਸੇ ਫੈਕਟਰੀ ਜਾਂ ਕਾਰਖਾਨੇ ਵਿਚ ਨਹੀਂ ਬਣਦਾ, ਇਹ ਸਿਰਫ ਮਨੁੱਖੀ ਸਰੀਰ ਅੰਦਰ ਹੀ ਬਣਦਾ ਹੈ ਅਤੇ ਇਸ ਨਾਲ ਲੋੜਵੰਦ ਮਰੀਜ਼ਾਂ ਦੀ ਜ਼ਿੰਦਗੀ ਬਚਾਉਦ ਵਿਚ ਮਦਦ ਹੋ ਸਕਦੀ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬੀ. ਸੀ. ਵਿੰਗ ਦੇ ਸਾਬਕਾ ਪ੍ਰਧਾਨ ਹਰਮੀਤ ਸਿੰਘ ਬਡੂੰਗਰ, ਗੁਰਪ੍ਰੀਤ ਸਿੰਘ ਤੇ ਵਿਨੋਦ ਕੁਮਾਰ ਐਚ. ਡੀ. ਐਫ. ਸੀ. ਬੈਂਕ, ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਜਥੇਦਾਰ ਹੈਪੀ ਲੰਗਰ ਵਾਲੇ, ਲੇਖਕ ਹਰੀਸ਼ ਹਰਫ਼ ਸਿਉਣਾ, ਕਿਰਪਾਲ ਸਿੰਘ ਪੰਜੋਲਾ, ਭਾਈ ਰਵਿੰਦਰ ਸਿੰਘ ਭਾਂਖਰ ਤੇ ਗੁਰਪ੍ਰੀਤ ਸਿੰਘ ਮੀਤ ਬਡੂੰਗਰ ਵੀ ਹਾਜ਼ਰ ਸਨ।

# 45ਵੀਆਂ ਅੰਤਰ ਜ਼ਿਲਾ ਸਕੂਲ ਖੇਡਾਂ ਅੱਜ ਤੋਂ, ਪ੍ਰਬੰਧ ਮੁਕੰਮਲ; ਜ਼ਿਲ੍ਹਾ ਸਿੱਖਿਆ ਅ.ਫਸਰ (ਐਲੀ.ਸਿੱ.) ਨੇ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਪਟਿਆਲਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਮੁਤਾਬਿਕ ਪਟਿਆਲਾ ਵਿਖੇ ਅੱਜ ਵੀਰਵਾਰ ਤੋਂ 45ਵੀਆਂ ਪੰਜਾਬ ਰਾਜ ਅੰਤਰ ਜ਼ਿਲਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਸ਼ੁਰੂ ਹੋਣ ਜਾ ਰਹੀਆਂ ਹਨ, ਜੋ 30 ਨਵੰਬਰ ਤੱਕ ਚੱਲਣਗੀਆਂ। ਜਿਸ ਸਬੰਧੀ ਜਿਲਾ ਸਿੱਖਿਆ ਵਿਭਾਗ, ਪਟਿਆਲਾ ਨੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਹਨ।

ਬੁੱਧਵਾਰ ਨੂੰ ਜ਼ਿਲਾ ਸਿੱਖਿਆ ਅਫਸਰ (ਐਲੀ. ਸਿੱ.) ਪਟਿਆਲਾ ਸ਼ਾਲੂ ਮਹਿਰਾ ਅਤੇ ਉਪ ਜ਼ਿਲਾ ਸਿੱਖਿਆ ਅਫਸਰ ਮਨਵਿੰਦਰ ਕੌਰ ਭੁੱਲਰ ਵੱਲੋਂ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ ਪੋਲੋ ਗ੍ਰਾਊਂਡ ਵਿਖੇ ਪਹੁੰਚ ਕੇ ਵੱਖ-ਵੱਖ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਉਕਤ ਅਧਿਕਾਰੀਆਂ ਨੇ ਦੱਸਿਆ ਕਿ ਖੇਡਾਂ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਹਨਾਂ ਖੇਡਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਬਿਨਾਂ ਕਿਸੇ ਦਿੱਕਤ ਪਰੇਸ਼ਾਨੀ ਤੋਂ ਖੇਡਾਂ ਵਿੱਚ ਭਾਗ ਲੈ ਸਕਣਗੇ। ਖਿਡਾਰੀਆਂ ਲਈ ਰਹਿਣ ਸਹਿਣ ਅਤੇ ਖਾਣ ਪੀਣ ਦਾ ਸਮੁੱਚਾ ਪ੍ਰਬੰਧ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਪਟਿਆਲਾ ਦੇ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ ਪੋਲੋ ਗ੍ਰਾਊਂਡ ਵਿਖੇ ਬੈਡਮਿੰਟਨ (ਮੁੰਡੇ, ਕੁੜੀਆਂ) ਅਤੇ ਕੁਸ਼ਤੀਆਂ (ਮੁੰਡੇ) ਦੇ ਮੁਕਾਬਲੇ ਲਗਾਤਾਰ ਚਾਰ ਦਿਨ ਕਰਵਾਏ ਜਾਣੇ ਹਨ। ਇਸ ਮੌਕੇ ਵੱਖ-ਵੱਖ ਕਮੇਟੀਆਂ ਦੇ ਨੁਮਾਇੰਦੇ ਹਾਜ਼ਰ ਸਨ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੈਡੋਂ ਬੇਟ ਵਿਖੇ ਕਰਵਾਏ ਗਏ ਸਮਾਗਮ



**ਮਾਛੀਵਾੜਾ ਸਾਹਿਬ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ,ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਪਿੰਡ ਹੈਡੋਂ ਬੇਟ ਵਿਖੇ ਗੁਰਦੁਆਰਾ ਸਿੰਘ ਸਭਾ ਸਾਹਿਬ ਵਿੱਚ ਕਰਵਾਇਆ ਗਿਆ। ਜਾਣਕਾਰੀ ਦਿੰਦਿਆਂ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਜਸਪ੍ਰੀਤ ਸਿੰਘ ਜੱਸਾ ਅਤੇ ਹੈਡ ਗ੍ਰੰਥੀ ਭਾਈ ਰੋਸ਼ਨ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ (ਚਮਕੌਰ ਸਾਹਿਬ) ਦੇ ਹੈਡ ਗ੍ਰੰਥੀ ਕਥਾਵਾਚਕ ਭਾਈ ਜਸਵੀਰ ਸਿੰਘ ਜੀ ਨੇ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ। ਸਭ ਤੋਂ ਪਹਿਲਾਂ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਇਸ ਉਪਰੰਤ ਬੱਚਿਆਂ ਦੇ ਸੁੰਦਰ ਲਿਖਾਈ ਅਤੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ ਸਵਾਲ ਪ੍ਰਸ਼ਨੋਤਰੀ, ਅਤੇ ਕਵਿਤਾ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਬੱਚਿਆਂ ਨੇ ਉਤਸਾਹ ਪੂਰਵਕ ਭਾਗ ਲਿਆ। ਜੇਤੂ ਵਿਦਿਆਰਥੀਆਂ ਦਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ ।ਰਾਤ ਸਮੇਂ ਜਿੱਥੇ ਭਾਈ ਸਾਹਿਬ ਭਾਈ ਜਸਵੀਰ ਸਿੰਘ ਜੀ ਚਮਕੌਰ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਗੁਰਮਤ ਵਿਚਾਰਾਂ ਦੀ ਸਾਂਝ ਪਾਉਂਦਿਆਂ ਗੁਰਬਾਣੀ ਨਾਲ ਜੋੜਿਆ ਉੱਥੇ ਹੀ ਬੱਚਿਆਂ ਵੱਲੋਂ ਵੀ ਰਸਭਿੰਨਾ ਕੀਰਤਨ ਕੀਤਾ ਗਿਆ।

ਕਥਾ ਵਾਚਕ ਭਾਈ ਗੁਰਮੀਤ ਸਿੰਘ ਜੀ ਵੱਲੋਂ ਪ੍ਰਬੰਧਕ ਕਮੇਟੀ ਨੂੰ ਗੁਰਦੁਆਰਾ ਸਾਹਿਬ ਨਾਲ ਇੱਕ ਕਮਰਾ ਦਾਨ ਵਜੋਂ ਦੇਣ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਪ੍ਰਿੰਸੀਪਲ ਸੁਰਜੀਤ ਸਿੰਘ ਨੇ ਨਿਭਾਈ।ਇਸ ਸਮਾਗਮ ਲਈ ਸਮੁੱਚੀ ਸਾਧ ਸੰਗਤ ਦਾ ਪ੍ਰਬੰਧਕ ਕਮੇਟੀ ਵੱਲੋਂ ਧੰਨਵਾਦ ਪ੍ਰਗਟ ਕੀਤਾ ਗਿਆ।

# ਪਿੰਡ ਖ਼ੈਰਪੁਰ ਜੱਟਾਂ ਨੂੰ ਨੋ ਡਰੋਨ ਜ਼ੋਨ ਖੇਤਰ ਐਲਾਨਿਆ

**ਪਟਿਆਲਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੇਲ ਪਾਈਪ ਲਾਈਨ ਨੈੱਟਵਰਕ ਕੰਪਨੀ ਦੁਆਰਾ ਵੱਖ-ਵੱਖ ਰਾਜਾਂ ਦੇ ਭਾਗਾਂ 'ਚ ਗੈਸ ਦੀ ਸਪਲਾਈ ਕੀਤੀ ਜਾ ਰਹੀ ਹੈ। ਇਸ ਲਈ ਵਧੀਕ ਜ਼ਿਲ੍ਹਾ ਮੈਜਿਸਟਰੇਟ ਸਿਮਰਪ੍ਰੀਤ ਕੌਰ ਨੇ ਸੁਰਖਿਆ ਦੇ ਮੱਦੇ ਨਜ਼ਰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਿੰਡ ਖ਼ੈਰਪੁਰ ਜੱਟਾਂ , ਤਹਿਸੀਲ ਰਾਜਪੁਰਾ, ਜਿਲ੍ਹਾ ਪਟਿਆਲਾ ਸਥਿਤ ਸਾਰੇ ਲਘੂ ਸਥਾਨਾਂ ਨੂੰ ਨੋ - ਡਰੋਨ ਜ਼ੋਨ ਘੋਸ਼ਿਤ ਕੀਤਾ ਹੈ। ਇਹ ਹੁਕਮ 24 ਨਵੰਬਰ ਤੋਂ 23 ਜਨਵਰੀ 2026 ਤਕ ਲਾਗੂ ਰਹੇਗਾ।

# ਸ੍ਰੀ ਗੁਰੂ ਤੇ.ਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ



**ਸਮਾਣਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਗੁਰੂ ਰਵਿਦਾਸ ਸਾਹਿਬ ਮਲਕਾਨਾ ਪੱਤੀ ਸਮਾਣਾ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦਾ 350ਵੇਂ ਸ਼ਹੀਦੀ ਦਿਹਾੜਾ ਸ਼ਰਧਾ-ਭਾਵਨਾ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਉਪਰੰਤ ਭਾਈ ਮਨਪ੍ਰੀਤ ਸਿੰਘ ਖ਼ਾਲਸਾ, ਬੀਬੀ ਨੂਰਗੁਣਤਾਸ ਕੌਰ, ਭਾਈ ਕੁਲਜਿੰਦਰ ਸਿੰਘ ਅਤੇ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਬੱਚਿਆਂ ਨੇ ਗੁਰਬਾਣੀ ਦਾ ਰਸ ਭਿੰਨਾਂ ਕੀਰਤਨ ਕੀਤਾ। ਕਮੇਟੀ ਪ੍ਰਧਾਨ ਰਾਜ ਸਿੰਘ ਨੇ ਗੁਰੂ ਸਾਹਿਬ ਅਤੇ ਗੁਰਸਿੱਖਾਂ ਦੇ ਸ਼ਹੀਦੀ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਸਮਾਜ ਵਿਚ ਨ.ਫ਼ਰਤ ਦਾ ਪਰਸਾਰ ਹੋ ਰਿਹਾ ਅਤੇ ਥਾਂ-ਥਾਂ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਸਮੇਂ ਦੀਆਂ ਸਰਕਾਰਾਂ ਗੁਰੂ ਸਾਹਿਬ ਅਤੇ ਸਿੱਖਾਂ ਦੇ ਸ਼ਹੀਦੀ ਦਿਹਾੜੇ ਮਨਾ ਰਹੀਆਂ ਹਨ ਪਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਿਚ ਅੱਗੇ ਹਨ। ਭਾਈ ਰਾਜ ਸਿੰਘ ਨੇ ਕੀਰਤਨ ਕਰਨ ਵਾਲੇ ਬੱਚਿਆਂ ਅਤੇ ਸੇਵਾਦਾਰਾਂ ਦਾ ਸਨਮਾਨ ਕੀਤਾ। ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆ। ਇਸ ਮੌਕੇ ਬਲਰਾਜ ਸਿੰਘ ਫੌਜੀ, ਮਾਸਟਰ ਬਲਦੇਵ ਸਿੰਘ, ਜਰਨੈਲ ਸਿੰਘ ਫੌਜੀ, ਜਰਨੈਲ ਸਿੰਘ ਮਾਨ, ਮਨਜਿੰਦਰ ਸਿੰਘ ਬੱਬੂ, ਗੁਰਵਿੰਦਰ ਸਿੰਘ, ਜਗਤਾਰ ਸਿੰਘ, ਅਵਤਾਰ ਸਿੰਘ, ਗੁਰਸੇਵਕ ਸਿੰਘ, ਗੁਰਮੇਲ ਸਿੰਘ, ਬਾਬਾ ਬਲਵਿੰਦਰ ਸਿੰਘ ਮੁੱਖ ਗ੍ਰੰਥੀ ਆਦਿ ਹਾਜ਼ਰ ਸਨ।

# ਸੰਵਿਧਾਨ ਬਚਾਓ ਦਿਵਸ ਸੰਬੰਧੀ ਸਮਾਗਮ ਕਰਵਾਇਆ




**ਫਗਵਾੜਾ, 26 ਨਵੰਰਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਗਵਾੜਾ ਵਿਖੇ ਜਿਲਾ ਪ੍ਰਧਾਨ ਸਰਦਾਰ ਬਲਵਿੰਦਰ ਸਿੰਘ ਧਾਲੀਵਾਲ ਐਮ ਐਲ ਏ ਫਗਵਾੜਾ ਦੀ ਅਗਵਾਈ ਵਿਚ ਸੰਵਿਧਾਨ ਬਚਾਓ ਦਿਵਸ ਸੰਬੰਧੀ ਸਮਾਗਮ ਕਰਵਾਇਆ ਗਿਆ। ਜਿਸ ਤਰੀਕੇ ਨਾਲ ਭਾਜਪਾ ਲਗਾਤਾਰ ਸੰਵਿਧਾਨ ਉੱਤੇ ਹਮਲੇ ਕਰ ਰਹੀ ਹੈ, ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਦਾ ਟਾਕਰਾ ਕਰਨਾ ਪਵੇਗਾ। ਪੰਜਾਬੀਆਂ ਨੇ ਹਮੇਸ਼ਾ ਹਰ ਜ਼ੁਲਮ ਅਤੇ ਜਾਲਮ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਹੈ ਅਤੇ ਇਸ ਵਾਰ ਵੀ ਜੋ ਸਾਡੇ ਜਮਹੂਰੀ ਹੱਕਾਂ ਉੱਤੇ ਡਾਕਾ ਮਾਰਨ ਦੀ ਕੋਸ਼ਿਸ਼ ਕਰੇਗਾ ਉਸਨੂੰ ਅਸੀਂ ਜ਼ਰੂਰ ਜਵਾਬ ਦੇਵਾਂਗੇ। ਸੰਵਿਧਾਨ ਉੱਤੇ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਕਾਂਗਰਸ ਪਾਰਟੀ ਦਾ ਵਰਕਰਸ ਹਰ ਕਦਮ ਚੁੱਕਣ ਲਈ ਤਿਆਰ ਹੈ ਅਤੇ ਇਸ ਦੀ ਰੱਖਿਆ ਲਈ ਵਚਨਬੱਧ ਹੈ।ਇਸ ਦੌਰਾਨ ਗੁਰਜੀਤ ਪਾਲ ਵਾਲੀਆ ਡੈਲੀਗੇਟ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ,ਰਮੇਸ਼ ਡਡਵਿੰਡੀ ਸਾਬਕਾ ਜਿਲਾ ਪ੍ਰਧਾਨ ਕਾਂਗਰਸ, ਗੁਰਦਿਆਲ ਸਿੰਘ ਭੁੱਲਾਰਾਈ ਚੇਅਰਮੈਨ ਬਲਾਕ ਸੰਮਤੀ ,ਤਰਨਜੀਤ ਸਿੰਘ ਵਾਲੀਆ ਪ੍ਰਧਾਨ ਬਲਾਕ ਕਾਂਗਰਸ, ਜਸਵੰਤ ਸਿੰਘ ਨੀਟਾ ਪ੍ਰਧਾਨ ਬਲਾਕ ਕਾਂਗਰਸ ਸਰਜੀਵਨ ਸਰਮਾ,ਰਣਜੀਤ ਰਾਣੀ ਪ੍ਰਧਾਨ ਮਹਿਲਾ ਕਾਂਗਰਸ ਅਤੇ ਕਾਂਗਰਸ ਵਰਕਰਸ ਹਾਜਿਰ ਸਨ।

# ਮਹੰਤ ਰਵੀ ਕਾਂਤ ਮੁਨੀ ਦੀ ਅਗਵਾਈ ਹੇਠ ਵ.ਫਦ ਨੇ ਡੀਜੀਪੀ ਏ ਐਸ ਰਾਏ ਨਾਲ ਕੀਤੀ ਮੁਲਾਕਾਤ



**ਪਟਿਆਲਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਹਿੰਦੂ ਗਰੁੱਪ (ਹਿੰਦੂ ਵੈਲਫੇਅਰ ਬੋਰਡ) ਦੇ ਚੇਅਰਪਰਸਨ, ਮਹੰਤ ਰਵੀ ਕਾਂਤ ਮੁਨੀ ਜੀ ਦੀ ਨਿਗਰਾਨੀ ਹੇਠ ਇੱਕ ਉੱਚ ਪੱਧਰੀ ਵ.ਫਦ ਨੇ ਅੱਜ ਚੰਡੀਗੜ੍ਹ ਸਥਿਤ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਸ੍ਰੀ ਏ ਐਸ ਰਾਏ, ਆਈ.ਪੀ.ਐਸ. ਨਾਲ ਮੁਲਾਕਾਤ ਕੀਤੀ। ਵ.ਫਦ ਨੇ ਸੂਬੇ ਵਿੱਚ ਅਣਪਛਾਤੇ ਵਸਨੀਕਾਂ, ਪ੍ਰਵਾਸੀ ਕਾਮਿਆਂ ਅਤੇ ਸ਼ੱਕੀ ਵਿਦੇਸ਼ੀ ਘੁਸਪੈਠੀਆਂ ਦੀ ਇੱਕ ਵੱਡੇ ਪੱਧਰ 'ਤੇ ਅਤੇ ਸਮਾਂਬੱਧ ਤਸਦੀਕ (ਵੈਰੀਫਿਕੇਸ਼ਨ) ਡਰਾਈਵ ਸ਼ੁਰੂ ਕਰਨ ਦੀ ਅਤਿ ਲੋੜ ਨੂੰ ਉਜਾਗਰ ਕਰਦਾ ਇੱਕ ਵਿਸਥਾਰਪੂਰਵਕ ਮੈਮੋਰੈਂਡਮ ਪੇਸ਼ ਕੀਤਾ। ਮੈਮੋਰੈਂਡਮ ਵਿੱਚ ਸਪਸ਼ਟ ਤੌਰ 'ਤੇ ਦੱਸਿਆ ਗਿਆ ਹੈ ਕਿ ਪੰਜਾਬ ਇੱਕ ਸੰਵੇਦਨਸ਼ੀਲ ਸਰਹੱਦੀ ਸੂਬਾ ਹੋਣ ਕਰਕੇ, ਜਿੱਥੇ ਅੱਤਵਾਦ ਅਤੇ ਅਸਥਿਰਤਾ ਦੀਆਂ ਚੁਣੌਤੀਆਂ ਰਹੀਆਂ ਹਨ, ਉੱਥੇ ਹੁਣ ਸੁਰੱਖਿਆ ਨੂੰ ਲੈ ਕੇ ਵੱਧ ਰਹੇ ਖ਼ਤਰੇ ਹਨ। ਵ.ਫਦ ਨੇ ਡਕੈਤੀ, ਲੁੱਟ-ਖੋਹ, ਜਬਰ-ਵਸੂਲੀ, ਗਊ-ਹੱਤਿਆ, ਗਾਂ-ਤਸਕਰੀ ਦੀਆਂ ਘਟਨਾਵਾਂ, ਧਾਰਮਿਕ ਤਣਾਅ, ਜਬਰਨ ਧਰਮ ਪਰਿਵਰਤਨ ਅਤੇ ਮਹਿਲਾਵਾਂ ਵਿਰੁੱਧ ਅਪਰਾਧਾਂ ਵਿੱਚ ਤੇਜ਼ੀ ਨਾਲ ਹੋਏ ਵਾਧੇ 'ਤੇ ਡੂੰਘੀ ਚਿੰਤਾ ਪ੍ਰਗਟਾਈ। ਮੁੱਖ ਦਲੀਲ ਇਹ ਪੇਸ਼ ਕੀਤੀ ਗਈ ਕਿ ਇਹਨਾਂ ਅਪਰਾਧਾਂ ਵਿੱਚੋਂ ਬਹੁਤ ਸਾਰੇ ਅਜਿਹੇ ਲੋਕਾਂ ਦੁਆਰਾ ਕੀਤੇ ਜਾ ਰਹੇ ਹਨ ਜੋ ਬਿਨਾਂ ਕਿਸੇ ਪਛਾਣ, ਰਜਿਸਟ੍ਰੇਸ਼ਨ ਜਾਂ ਪ੍ਰਸ਼ਾਸਨਿਕ ਜਾਂਚ ਦੇ ਪੰਜਾਬ ਵਿੱਚ ਦਾਖਲ ਹੋਏ ਹਨ।

ਖਾਸ ਤੌਰ 'ਤੇ, ਅਣਪਛਾਤੇ ਬਾਹਰੀ ਤੱਤਾਂ ਦੁਆਰਾ ਕੀਤੀਆਂ ਜਾ ਰਹੀਆਂ ਸ਼ੱਕੀ ਗਤੀਵਿਧੀਆਂ ਦਾ ਜ਼ਿਕਰ ਕੀਤਾ ਗਿਆ, ਜਿਨ੍ਹਾਂ ਵਿੱਚ ਜਾਅਲੀ ਦਸਤਾਵੇਜ਼ (ਆਧਾਰ, ਪੈਨ, ਵੋਟਰ ਕਾਰਡ ਆਦਿ) ਤਿਆਰ ਕਰਵਾਉਣਾ, ਬਿਨਾਂ ਕਾਨੂੰਨੀ ਪ੍ਰਕਿਰਿਆ ਦੇ ਨਾਜਾਇਜ਼ ਧਾਰਮਿਕ ਢਾਂਚੇ ਖੜ੍ਹੇ ਕਰਨਾ, ਕੁਝ ਖਾਸ ਥਾਵਾਂ 'ਤੇ ਵੱਡੀ ਗਿਣਤੀ ਵਿੱਚ ਸ਼ੱਕੀ ਹ.ਫ਼ਤਾਵਾਰੀ ਇਕੱਠ ਕਰਨਾ ਅਤੇ ਸੂਬੇ ਦੀ ਜਨਸੰਖਿਆ (ਡੇਮੋਗ੍ਰਾਫੀ) ਨੂੰ ਬਦਲਣ ਦੀਆਂ ਕੋਸ਼ਿਸ਼ਾਂ ਸ਼ਾਮਲ ਹਨ। ਇਸ ਤੋਂ ਇਲਾਵਾ, ਹਾਈਵੇਅ ਅਤੇ ਰੇਲਵੇ ਲਾਈਨਾਂ ਦੇ ਨੇੜੇ ਗੈਰ-ਕਾਨੂੰਨੀ ਝੁੱਗੀਆਂ, ਸ਼ੱਕੀ ਵਿਦੇਸ਼ੀ ਫੰਡਿੰਗ, ਅਤੇ ਹਵਾਲਾ ਜਾਂ ਕਾਲੇ ਧਨ ਦੀ ਵਰਤੋਂ ਨਾਲ ਜਾਇਦਾਦਾਂ ਦੀ ਖਰੀਦੋ-ਫਰੋਖਤ ਜਿਹੇ ਮਾਮਲਿਆਂ 'ਤੇ ਵੀ ਚਾਨਣਾ ਪਾਇਆ ਗਿਆ।

# ਮਹਿਲਾ ਤਸਕਰ 100 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਸਮਾਣਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ੀਲੀਆਂ ਗੋਲੀਆਂ ਵੇਚਣ ਜਾ ਰਹੀ ਇੱਕ ਮਹਿਲਾ ਤਸਕਰ ਨੂੰ ਸਦਰ ਪੁਲਿਸ ਨੇ 100 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਉਸਦੇ ਖਿਲਾਫ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਮਹਿਲਾ ਦੀ ਪਛਾਣ ਅਮਰ ਕੌਰ ਪਤਨੀ ਅਮਰਨਾਥ ਵਾਸੀ ਪਿੰਡ ਤਲਵੰਡੀ ਮਲਿਕ ਵਜੋਂ ਹੋਈ ਹੈ। ਸਦਰ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਏ.ਐਸ.ਆਈ.ਨਿਰਮਲ ਸਿੰਘ ਵਿਰਕ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਖਤਰੀਵਾਲਾ ਵਿਖੇ ਮੌਜੂਦ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਨਸ਼ੀਲੀਆਂ ਗੋਲੀਆਂ ਵੇਚਣ ਦੀ ਆਦੀ ਮਹਿਲਾ ਗੋਲੀਆਂ ਵੇਚਣ ਲਈ ਪਿੰਡ ਗਾਜੇਵਾਸ ਤੋਂ ਤਲਵੰਡੀ ਮਲਿਕ ਨੂੰ ਜਾ ਰਹੀ ਹੈ।

ਪੁਲਿਸ ਪਾਰਟੀ ਸਮੇਤ ਰੇਡ ਦੌਰਾਨ ਮੁਲਜ਼ਮ ਮਹਿਲਾ ਤੋਂ ਨਸ਼ੀਲੀਆਂ ਲੈ ਕੇ ਕਾਰਵਾਈ ਕੀਤੀ ਜਾਵੇਗੀ। ਗੋਲੀਆਂ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮਹਿਲਾ ਪੇਸ਼ੇਵਰ ਤਸਕਰ ਹੈ, ਅਤੇ ਉਸ ਦੇ ਖਿਲਾਫ ਪਹਿਲਾਂ ਵੀ ਕਈ ਮਾਮਲੇ ਦਰਜ ਹਨ। ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁੱਛਗਿੱਛ ਲਈ ਪੁਲਿਸ ਰਿਮਾਂਡ 'ਤੇ ਲਿਆ ਗਿਆ

# 350 ਸਾਲਾ ਗੁਰੂ ਤੇਗ ਬਹਾਦਰ ਸ਼ਹੀਦੀ ਦਿਵਸ਼ ਮੋਕੇ ਤੇ ਫਸਟ ਏਡ ਪੋਸਟ



**ਪਟਿਆਲਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਅਤੇ ਪ੍ਰਧਾਨ, ਜਿਲ੍ਹਾ ਰੈਡ ਕਰਾਸ ਸੋਸਾਇਟੀ, ਪਟਿਆਲਾ ਜੀ ਦੀ ਪ੍ਰਵਾਨਗੀ ਅਨੁਸਾਰ ਅਤੇ ਮੈਨੇਜਰ, ਗੁਰਦੁਆਰਾ ਸ੍ਰੀ ਕੇਸ਼ਗੜ੍ਹ ਸਾਹਿਬ, ਅਨੰਦਪੁਰ ਸਾਹਿਬ ਜਿਲ੍ਹਾ ਰੋਪੜ ਜੀ ਦੀ ਬੇਨਤੀ ਦੀ ਪਾਲਣਾ ਵਿੱਚ ਭਾਈ ਘਨੱਇਆ ਸੈਂਟ ਜ਼ੋਨ ਐਂਬੂਲੈਂਸ ਬ੍ਰਗੇਡ, ਪਟਿਆਲਾ ਦੀ ਮੈਡੀਕਲ ਫਸਟ ਏਡ ਟੀਮ ਸਮੇਤ ਐਂਬੂਲੈਂਸ ਵੈਨ ਸ੍ਰੀ ਹਰਿੰਦਰ ਸਿੰਘ ਕਰੀਰ, ਸਹਾਇਕ ਕਮਿਸ਼ਨਰ (ਸੈਂਟ ਜ਼ੋਨ) ਅਤੇ ਕੋਰ ਕਮਾਂਡਰ (ਭਾਈ ਘਨੱਇਆ ਕੋਰ) ਦੀ ਅਗਵਾਈ ਵਿੱਚ 350 ਸਾਲਾ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਮੋਕੇ ਮਿਤੀ 23.11.2025 ਤੋਂ 25.11.2025 ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਭੇਜੀ ਗਈ।ਸ੍ਰੀ ਪ੍ਰਿਤਪਾਲ ਸਿੰਘ ਸਕੱਤਰ, ਜਿਲ੍ਹਾ ਰੈਡ ਕਰਾਸ ਸੋਸਾਇਟੀ, ਪਟਿਆਲਾ ਨੇ ਦੱਸਿਆ ਕਿ ਇਸ ਟੀਮ ਵਲੋਂ ਸਰੋਵਰ ਸਾਹਿਬ ਦੇ ਬਾਹਰ ਦਿਨ ਰਾਤ ਮੁਫਤ ਮੈਡੀਕਲ ਪੋਸਟ ਲਗਾਈ ਅਤੇ ਲੋੜਵੰਦ ਵਿਆਕਤੀਆਂ ਨੂੰ ਫਸਟ ਏਡ ਦਿੱਤੀ ਗਈ।ਇਸ ਪੋਸਟ ਤੇ ਡਾਕਟਰ ਹਰਮੇਸ ਸਿੰਘ, ਸ੍ਰ: ਹਰਬਿੰਦਰ ਸਿੰਘ, ਕੋਰ ਅਫਸਰ,ਸ਼੍ਰੀ ਜਸਪਾਲ ਸਿੰਘ, ਡਵੀਜ਼ਨਲ ਕਮਾਂਡਰ,ਸ੍ਰੀ ਰਣਜੀਤ ਸਿੰਘ ਮਾਨ, ਐਂਬੂਲੈਂਸ ਅਫਸਰ,ਸ੍ਰੀ ਨਰਿੰਦਰਪਾਲ ਸਿੰਘ,ਸ੍ਰੀ ਸੁਖਨੈਬ ਸਿੰਘ,(ਦੋਨੋ ਸਾਰਜੈਂਟ) ਸ੍ਰੀ ਬਲਬੀਰ ਸਿੰਘ ਕਾਰਪੋਰਲ,ਸ੍ਰੀ ਧਰਮਪਾਲ, ਸ੍ਰੀ ਸ਼ਮਸ਼ੇਰ ਸਿੰਘ (ਦੋਨੋ ਐਂਬੂਲੈਂਸ ਮੈਂਬਰ) ਅਤੇ ਬਲਵਿੰਦਰ ਸਿੰਘ, ਡਰਾਇਵਰ ਨੇ ਸ੍ਰੀ ਹਰਿੰਦਰ ਸਿੰਘ ਕਰੀਰ ਦੀ ਕਮਾਂਡ ਅਧੀਨ ਫਸਟ ਏਡ ਪੋਸਟ ਲਗਾਈ।ਸਾਰੇ ਬ੍ਰਗੇਡ ਮੈਂਬਰਾਂ ਵਲੋ ਦਿਨ ਰਾਤ ਫਸਟ ਏਡ ਪੋਸਟਾਂ ਤੇ 2479 ਲੋੜਵੰਦ ਵਿਅਕਤੀਆਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ ਅਤੇ ਪੱਟੀਆਂ ਆਦਿ ਕੀਤੀਆਂ ਗਈਆਂ।ਇਸ ਤੋਂ ਇਲਾਵਾ ਆਪਣੇ ਮਾਤਾ ਪਿਤਾ ਤੋਂ ਬਿਛੜੇ ਹੋਏ 02 ਬੱਚਿਆਂ ਨੂੰ ਉਨਾ ਦੇ ਮਾਤਾ ਪਿਤਾ ਦੇ ਸਪੁੱਰਦ ਕੀਤਾ ਗਿਆ। ਇਸ ਪੋਸਟ ਤੇ ਪੰਜਾਬ ਸਟੇਟ ਬ੍ਰਾਂਚ ਵੱਲੋਂ ਸ੍ਰੀ ਅਮਰਜੀਤ ਸਿੰਘ, ਸੀਨੀਅਰ ਫੀਲਡ ਅਫਸਰ, ਸ੍ਰੀ ਕੁਲਵਿੰਦਰ ਸਿੰਘ, ਫੀਲਡ ਅਫਸਰ, ਅਤੇ ਸ: ਸੋਹਨ ਸਿੰਘ, ਸਕੱਤਰ ਜਿਲ੍ਹਾ ਰੈਡ ਕਰਾਸ ਸੁਸਾਇਟੀ ਰੋਪੜ ਨੇ ਵਿਜ਼ਟ ਕੀਤਾ ਅਤੇ ਉਨ੍ਹਾਂ ਨੇ ਸੈਂਟ ਜ਼ੋਨ ਐਂਬੂਲੈਂਸ ਬ੍ਰਗੇਡ, ਪਟਿਆਲਾ ਦੇ ਮੈਬਰਾਂ ਵਲੋ ਕੀਤੀ ਸੇਵਾ ਦੀ ਸਲਾਘਾਂ ਕੀਤੀ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਰਵਾਈ ਜਾ ਰਹੀ 5 ਕਿਲੋਮੀਟਰ ਦੌੜ ਵਿੱਚ ਪਟਿਆਲਾ ਵਾਸੀ ਅਤੇ ਨੌਜਵਾਨ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਨ ਲਈ ਅੱਗੇ ਆਉਣ : ਬਲਤੇਜ ਪੰਨੂੰ




ਬਲਤੇਜ ਸਿੰਘ ਪੰਨੂੰ ਜੀ ਯੁੱਧ ਨਸ਼ਿਆਂ ਵਿਰੁੱਧ ਕਰਵਾਈ ਜਾ ਰਹੀ ਦੌੜ ਦੇ ਪੋਸਟਰ ਰਲੀਜ਼ ਕਰਦੇ ਹੋਏ ਨਾਲ ਡੀ ਐਸ ਪੀ ਸਿਟੀ 1 ਸਤਨਾਮ ਸਿੰਘ, ਚੇਅਰਮੈਨ ਤੇਜਿੰਦਰ ਮਹਿਤਾ,ਉਪਕਾਰ ਸਿੰਘ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ।

**ਪਟਿਆਲਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਦੀ ਅਗਵਾਈ ਹੇਠ ਕਰਵਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 5 ਕਿਲੋਮੀਟਰ ਦੌੜ ਦੇ ਪੋਸਟਰ ਬਲਤੇਜ ਸਿੰਘ ਪੰਨੂੰ ਮੀਡੀਆ ਸਲਾਹਕਾਰ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਅਤੇ ਤੇਜਿੰਦਰ ਮਹਿਤਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਨੇ ਜੀ ਨੇ ਰਲੀਜ਼ ਕੀਤੇ। ਇਸ ਮੌਕੇ ਵਿਸ਼ੇਸ਼ ਤੌਰ ਤੇ ਡੀ ਐਸ ਪੀ ਸਿਟੀ 1 ਸਤਨਾਮ ਸਿੰਘ, ਡਿਪਟੀ ਐਡਵੋਕੇਟ ਜਨਰਲ ਪੰਜਾਬ ਮੋਹਿਤ ਕਪੂਰ,ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ , ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਐਸ ਆਈ ਗੁਰਪਿੰਦਰ ਸਿੰਘ ਐਸ ਐਚ ਓ ਡਵੀਜ਼ਨ ਨੰਬਰ 2,ਜਪਨਾਮ ਸਿੰਘ ਇੰਚਾਰਜ ਸਿਟੀ 1 ਟ੍ਰੈਫਿਕ, ਰਾਜ ਕੁਮਾਰ ਪਿੰਟੂ ਨੇ ਸ਼ਿਰਕਤ ਕੀਤੀ।ਇਸ ਮੌਕੇ ਬਲਤੇਜ ਸਿੰਘ ਪੰਨੂੰ ਮੀਡੀਆ ਸਲਾਹਕਾਰ ਮੁੱਖ ਮੰਤਰੀ ਪੰਜਾਬ ਨੇ ਕਿਹਾ ਕਿ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਕਰਵਾਈ ਜਾ ਰਹੀ 5 ਕਿਲੋਮੀਟਰ ਦੌੜ ਦੇ ਵਿੱਚ ਪਟਿਆਲਾ ਵਾਸੀ ਅਤੇ ਨੌਜਵਾਨ ਵੱਧ ਚੜ੍ਹਕੇ ਭਾਗ ਲੈਣ । ਉਹਨਾਂ ਕਿਹਾ ਕਿ ਖੇਡਾਂ ਹੀ ਨਿਰੋਏ ਸਮਾਜ ਦੀ ਸਿਰਜਣਾ ਕਰ ਸਕਦੀਆਂ ਹਨ ਇਸ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਵਿਚ ਰੁਚੀ ਲੈਣੀ ਚਾਹੀਦੀ ਹੈ ਇਸ ਨਾਲ ਉਹੋ ਨਸ਼ਿਆਂ ਤੋਂ ਵੀ ਦੂਰ ਰਹਿ ਸਕਦੇ ਹਨ। ਇਸ ਮੌਕੇ ਉਪਕਾਰ ਸਿੰਘ ਪ੍ਰਧਾਨ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਨੇ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਕਰਵਾਈ ਜਾ ਰਹੀ 5 ਕਿਲੋਮੀਟਰ ਦੌੜ ਜੋਂ ਕਿ ਪੋਲੋ ਗਰਾਊਂਡ ਵਿਖੇ ਕਰਵਾਈ ਜਾ ਰਹੀ ਹੈ ਦੋਰਾਨ ਭਾਗ ਲੈਣ ਵਾਲੇ ਜੇਤੂਆਂ ਨੂੰ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ ਅਤੇ ਸਾਰੇ ਪ੍ਰਤੀਭਾਗੀਆਂ ਨੂੰ, ਮੈਡਲ, ਸਰਟੀਫਿਕੇਟ,ਟੀ ਸ਼ਰਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਅਤੇ ਸਾਰੇ ਖਿਡਾਰੀਆਂ ਨੂੰ ਰਿਫਰੈਸਮੈਂਟ ਵੀ ਦਿੱਤੀ ਜਾਵੇਗੀ।

ਕੌਮੀ ਪਤ੍ਰਿਕਾ

# ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ 14 ਦਸੰਬਰ ਨੂੰ; ਰਾਜ ਚੋਣ ਕਮਿਸ਼ਨਰ ਵੱਲੋਂ ਚੋਣ ਪ੍ਰੋਗਰਾਮ ਜਾਰੀ

**ਚੰਡੀਗੜ੍ਹ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ 'ਚ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ 14 ਦਸੰਬਰ ਨੂੰ ਐਤਵਾਰ ਵਾਲੇ ਦਿਨ ਹੋਣਗੀਆਂ ਅਤੇ ਚੋਣ ਨਤੀਜਾ 17 ਦਸੰਬਰ ਨੂੰ ਐਲਾਨਿਆ ਜਾਵੇਗਾ। ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਅੱਜ ਇੱਥੇ ਚੋਣ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ ਜਿਸ ਦੇ ਨਾਲ ਹੀ ਸੂਬੇ 'ਚ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਹੈ। ਪੰਜਾਬ 'ਚ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀਆਂ ਦੀ ਆਖਰੀ ਚੋਣ 19 ਸਤੰਬਰ 2018 ਨੂੰ ਹੋਈ ਸੀ। ਪੰਜਾਬ 'ਚ 23 ਜ਼ਿਲ੍ਹਾ ਪਰਿਸ਼ਦਾਂ ਅਤੇ 154 ਪੰਚਾਇਤ ਸਮਿਤੀਆਂ ਦੀਆਂ ਚੋਣਾਂ ਹੁਣ 14 ਦਸੰਬਰ ਨੂੰ ਹੋਣਗੀਆਂ।

ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਪਰਿਸ਼ਦ ਦੇ 357 ਜ਼ੋਨਾਂ ਤੇ ਪੰਚਾਇਤ ਸਮਿਤੀ ਦੇ 2863 ਜ਼ੋਨਾਂ 'ਚ ਵੋਟਾਂ 14 ਦਸੰਬਰ ਨੂੰ ਸਵੇਰ 8 ਵਜੇ ਤੋਂ ਸ਼ਾਮ ਚਾਰ ਵਜੇ ਤੱਕ ਪੈਣਗੀਆਂ। ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਕੰਮ ਪਹਿਲੀ ਦਸੰਬਰ ਤੋਂ ਸ਼ੁਰੂ ਹੋਵੇਗਾ ਅਤੇ ਉਮੀਦਵਾਰ 4 ਦਸੰਬਰ ਨੂੰ ਤਿੰਨ ਵਜੇ ਤੱਕ ਕਾਗ਼ਜ਼ ਦਾਖਲ ਕਰ ਸਕਣਗੇ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 5 ਦਸੰਬਰ ਨੂੰ ਹੋਵੇਗੀ। ਨਾਮਜ਼ਦਗੀ ਪੱਤਰ 6 ਦਸੰਬਰ ਨੂੰ ਵਾਪਸ ਲਏ ਜਾ ਸਕਣਗੇ। ਉਸ ਉਪਰੰਤ ਚੋਣ ਪ੍ਰਚਾਰ ਸ਼ੁਰੂ ਹੋ ਜਾਵੇਗਾ।

ਪੰਜਾਬ 'ਚ ਇਨ੍ਹਾਂ ਚੋਣਾਂ ਲਈ 19,181 ਪੋਲਿੰਗ ਬੂਥ ਬਣਾਏ ਗਏ ਹਨ ਅਤੇ 13013 ਪੋਲਿੰਗ ਸਟੇਸ਼ਨ ਬਣਾਏ ਗਏ ਹਨ ਜਿਨ੍ਹਾਂ ਚੋਂ 915 ਅਤਿ ਸੰਵੇਦਨਸ਼ੀਲ ਐਲਾਨੇ ਗਏ ਹਨ। ਇਨ੍ਹਾਂ ਚੋਣਾਂ 'ਚ 1.36 ਕਰੋੜ ਦਿਹਾਤੀ ਵੋਟਰ ਆਪਣੇ ਸਿਆਸੀ ਹੱਕ ਦਾ ਇਸਤੇਮਾਲ ਕਰ ਸਕਣਗੇ। ਚੋਣ ਅਮਲੇ ਦੇ ਕਰੀਬ 96 ਹਜ਼ਾਰ ਮੁਲਾਜ਼ਮ ਡਿਊਟੀ 'ਤੇ ਤਾਇਨਾਤ ਹੋਣਗੇ ਅਤੇ 50 ਹਜ਼ਾਰ ਪੁਲੀਸ ਮੁਲਾਜ਼ਮਾਂ ਦੀ ਤਾਇਨਾਤੀ ਹੋਵੇਗੀ। ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਬੈਲਟ ਬਾਕਸ ਜ਼ਰੀਏ ਹੋਣਗੀਆਂ ਅਤੇ ਇਨ੍ਹਾਂ ਚੋਣਾਂ 'ਚ ਔਰਤਾਂ ਲਈ 50 ਫ਼ੀਸਦੀ ਰਾਖਵੇਂਕਰਨ ਲਾਗੂ ਰਹੇਗਾ। ਔਰਤਾਂ ਚੋਣਾਂ 'ਚ ਹਰ ਜ਼ਿਲ੍ਹੇ 'ਚ ਇੱਕ ਚੋਣ ਅਬਜ਼ਰਵਰ ਦੀ ਵੀ ਤਾਇਨਾਤੀ ਹੋਵੇਗੀ ਜੋ ਕਿ ਆਈਏਐੱਸ ਜਾਂ ਸੀਨੀਅਰ ਪੀਸੀਐੱਸ ਰੈਂਕ ਦਾ ਅਧਿਕਾਰੀ ਹੋਵੇਗਾ। ਇਸ ਤਰ੍ਹਾਂ ਹਰ ਜ਼ਿਲ੍ਹੇ 'ਚ ਪੁਲੀਸ ਅਬਜ਼ਰਵਰ ਵੀ ਤਾਇਨਾਤ ਰਹੇਗਾ। ਮੁੱਖ ਚੋਣ ਕਮਿਸ਼ਨਰ ਚੌਧਰੀ ਨੇ ਦੱਸਿਆ ਕਿ ਨਾਮਜ਼ਦਗੀ ਪੱਤਰ ਦਾਖਲ ਕਰਨ ਮੌਕੇ ਵੀਡੀਓ ਗਰਾਫ਼ੀ ਵੀ ਕਰਵਾਈ ਜਾਵੇਗੀ। ਉਮੀਦਵਾਰਾਂ ਲਈ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲਈ ਜ਼ਮਾਨਤ ਵਜੋਂ 400 ਰੁਪਏ ਅਤੇ ਪੰਚਾਇਤ ਸਮਿਤੀ ਲਈ 200 ਰੁਪਏ ਜ਼ਮਾਨਤ ਰਾਸ਼ੀ ਰੱਖੀ ਗਈ ਹੈ। ਐੱਸਸੀ ਅਤੇ ਬੀਸੀ ਉਮੀਦਵਾਰਾਂ ਲਈ ਫੀਸ 50 ਫ਼ੀਸਦੀ ਘੱਟ ਹੋਵੇਗੀ। ਚੋਣ ਖ਼ਰਚੇ ਦੀ ਸੀਮਾ ਵੀ ਉਮੀਦਵਾਰਾਂ ਲਈ ਨਿਸ਼ਚਿਤ ਕੀਤੀ ਗਈ ਹੈ ਜਿਸ ਤਹਿਤ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਵੱਧ ਤੋਂ ਵੱਧ 2.55 ਲੱਖ ਰੁਪਏ ਅਤੇ ਪੰਚਾਇਤ ਸਮਿਤੀ ਚੋਣ ਲਈ ਚੋਣ ਖ਼ਰਚੇ ਦੀ ਹੱਦ 1.10 ਲੱਖ ਰੁਪਏ ਹੋਵੇਗੀ। ਉਮੀਦਵਾਰ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਸਵੈ ਘੋਸ਼ਣਾ ਪੱਤਰ ਦੇਣਾ ਵੀ ਲਾਜ਼ਮੀ ਹੋਵੇਗਾ ਜਿਸ 'ਚ ਉਮੀਦਵਾਰ ਆਪਣੀ ਸੰਪਤੀ ਅਤੇ ਦਰਜ ਕੇਸਾਂ ਦਾ ਵੇਰਵਾ ਨਸ਼ਰ ਕਰੇਗਾ। ਰਾਜ ਚੋਣ ਕਮਿਸ਼ਨਰ ਨੇ ਦੱਸਿਆ ਕਿ ਆਜ਼ਾਦ ਉਮੀਦਵਾਰਾਂ ਨੂੰ ਸਿਆਸੀ ਪਾਰਟੀਆਂ ਵੀ ਸਪਾਂਸਰ ਕਰ ਸਕਣਗੀਆਂ।

ਪੰਜਾਬ 'ਚ ਪੰਚਾਇਤੀ ਸੰਸਥਾਵਾਂ ਦੀ ਚੋਣ ਦੇ ਐਲਾਨ ਨਾਲ ਹੀ ਸਿਆਸੀ ਧਿਰਾਂ ਨੇ ਸਰਗਰਮੀ ਵਧਾ ਦਿੱਤੀ ਹੈ ਅਤੇ ਇਹ ਚੋਣਾਂ ਸਭ ਸਿਆਸੀ ਧਿਰਾਂ ਦੀ ਕਾਰਗੁਜ਼ਾਰੀ ਮਾਪਣ ਦਾ ਪੈਮਾਨਾ ਵੀ ਬਣਨਗੀਆਂ। 'ਆਪ' ਸਰਕਾਰ ਦੌਰਾਨ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਦੀ ਚੋਣ ਪਹਿਲੀ ਵਾਰ ਹੋ ਰਹੀ ਹੈ ਜਦੋਂ ਕਿ ਪੰਚਾਇਤਾਂ ਦੀਆਂ ਚੋਣਾਂ ਵੀ ਕਰੀਬ ਇੱਕ ਸਾਲ ਪਹਿਲਾਂ 15 ਅਕਤੂਬਰ 2024 ਨੂੰ ਕਰਵਾਈਆਂ ਗਈਆਂ ਸਨ। ਪੰਜਾਬ ਸਰਕਾਰ ਹੁਣ ਚੋਣ ਜ਼ਾਬਤਾ ਲੱਗਣ ਕਰਕੇ ਕੋਈ ਨਵਾਂ ਵਿਕਾਸ ਪ੍ਰੋਜੈਕਟ ਨਹੀਂ ਐਲਾਨ ਸਕੇਗੀ। ਪਿੰਡਾਂ 'ਚ ਇਨ੍ਹਾਂ ਚੋਣਾਂ 'ਚ ਕੁੱਦਣ ਦੇ ਚਾਹਵਾਨਾਂ ਨੇ ਗੇੜੇ ਵਧਾ ਦਿੱਤੇ ਹਨ। ਪੰਚਾਇਤ ਵਿਭਾਗ ਨੇ ਇਨ੍ਹਾਂ ਚੋਣਾਂ ਲਈ ਹਰ ਤਰ੍ਹਾਂ ਦੀ ਕਾਨੂੰਨੀ ਪ੍ਰਕਿਰਿਆ ਪਹਿਲਾਂ ਹੀ ਮੁਕੰਮਲ ਕਰ ਲਈ ਹੈ। ਡਿਪਟੀ ਕਮਿਸ਼ਨਰਾਂ ਵੱਲੋਂ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਲਈ ਜ਼ੋਨ ਬਣਾਉਣ ਅਤੇ ਰਾਖਵੇਂਕਰਨ ਦਾ ਨੋਟੀਫ਼ਿਕੇਸ਼ਨ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਹਾਈ ਕੋਰਟ 'ਚ ਇਹ ਚੋਣਾਂ ਪੰਜ ਦਸੰਬਰ ਤੱਕ ਕਰਾਏ ਜਾਣ ਬਾਰੇ ਹਲਫ਼ੀਆ ਬਿਆਨ ਦਾਇਰ ਕੀਤਾ ਸੀ ਪ੍ਰੰਤੂ ਇਹ ਚੋਣਾਂ ਬਲਾਕਾਂ ਦੇ ਪੁਨਰਗਠਨ ਕਰਕੇ ਅਤੇ ਪੰਜਾਬ 'ਚ ਹੜ੍ਹ ਆਉਣ ਕਰਕੇ ਇਨ੍ਹਾਂ ਚੋਣਾਂ ਨੂੰ ਟਾਲਣਾ ਪਿਆ।

# ਸਰਹੱਦੀ ਖੇਤਰਾਂ ਦੇ ਡਾਕਟਰਾਂ ਤੇ ਅਧਿਆਪਕਾਂ ਨੂੰ ਮਿਲੇਗਾ ਵਿਸ਼ੇਸ਼ ਭੱਤਾ; ਕੈਬਨਿਟ ਮੀਟਿੰਗ 'ਚ ਲਿਆ ਫ਼ੈਸਲਾ



**ਚੰਡੀਗੜ੍ਹ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕੈਬਨਿਟ ਨੇ ਅੱਜ ਸਰਹੱਦੀ ਖੇਤਰਾਂ 'ਚ ਡਾਕਟਰਾਂ ਅਤੇ ਅਧਿਆਪਕਾਂ ਦੀ ਤਾਇਨਾਤੀ ਲਈ ਨਵੀਂ ਨੀਤੀ ਬਣਾਉਣ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਅੱਜ ਇੱਥੇ ਹੋਈ ਕੈਬਨਿਟ ਮੀਟਿੰਗ 'ਚ ਸਿੱਖਿਆ ਅਤੇ ਸਿਹਤ ਖੇਤਰ ਦੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਪ੍ਰਮੁੱਖ ਫ਼ੈਸਲਾ ਲਿਆ ਗਿਆ। ਪੰਜਾਬ ਦੇ ਸੱਤ ਸਰਹੱਦੀ ਜ਼ਿਲ੍ਹਿਆਂ 'ਚ ਤਾਇਨਾਤ ਹੋਣ ਵਾਲੇ ਡਾਕਟਰਾਂ ਅਤੇ ਅਧਿਆਪਕਾਂ ਨੂੰ ਨਵੀਂ ਨੀਤੀ ਦੇ ਹੋਂਦ 'ਚ ਆਉਣ ਉਪਰੰਤ ਵਿਸ਼ੇਸ਼ ਭੱਤਾ ਮਿਲੇਗਾ। ਕੈਬਨਿਟ ਮੀਟਿੰਗ ਦੇ ਇਸ ਫ਼ੈਸਲੇ ਮਗਰੋਂ ਸਰਹੱਦੀ ਖੇਤਰਾਂ 'ਚ ਸਰਕਾਰੀ ਡਾਕਟਰਾਂ ਅਤੇ ਅਧਿਆਪਕਾਂ ਦੀ ਤਾਇਨਾਤੀ ਯਕੀਨੀ ਬਣਾਉਣ ਲਈ ਵਿਸ਼ੇਸ਼ ਨੀਤੀ ਬਣਾਉਣ ਲਈ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਜਿਸ ਤਹਿਤ ਸਰਹੱਦੀ ਜ਼ਿਲ੍ਹਿਆਂ ਦੇ ਡਾਕਟਰਾਂ ਤੇ ਅਧਿਆਪਕਾਂ ਨੂੰ ਵਿਸ਼ੇਸ਼ ਭੱਤਾ ਦੇਣ ਦੀ ਵਿਵਸਥਾ ਕੀਤੀ ਜਾਣੀ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੰਤਰੀ ਮੰਡਲ ਦੇ ਫ਼ੈਸਲਿਆਂ ਦੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਰਹੱਦੀ ਜ਼ਿਲ੍ਹਿਆਂ 'ਚ ਅਸਾਮੀਆਂ ਖ਼ਾਲੀ ਰਹਿ ਜਾਂਦੀਆਂ ਹਨ ਜਿਨ੍ਹਾਂ ਨੂੰ ਹੁਣ ਤਰਕਸੰਗਤ ਕੀਤਾ ਜਾਵੇਗਾ। ਵਿੱਤ ਮੰਤਰੀ ਨੇ ਦੱਸਿਆ ਕਿ ਸਿਹਤ ਖੇਤਰ 'ਚ ਬਿਹਤਰ ਸੇਵਾਵਾਂ ਲਈ ਤਿੰਨ ਸੌ ਪ੍ਰਾਈਵੇਟ ਮਾਹਿਰ ਡਾਕਟਰਾਂ ਨੂੰ ਪੈਨਲ 'ਚ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਨ੍ਹਾਂ ਪ੍ਰਾਈਵੇਟ ਡਾਕਟਰਾਂ ਨੂੰ ਓਪੀਡੀ ਅਤੇ ਆਈਪੀਡੀ 'ਚ ਸੇਵਾਵਾਂ ਬਦਲੇ ਪ੍ਰਤੀ ਮਰੀਜ਼ ਇੱਕ ਸੌ ਰੁਪਏ ਮਿਲਣਗੇ। ਓਪੀਡੀ 'ਚ ਇਹ ਡਾਕਟਰ 50 ਤੋਂ ਡੇਢ ਸੌ ਮਰੀਜ਼ ਚੈੱਕ ਕਰ ਸਕਣਗੇ ਜਦੋਂ ਕਿ ਆਈਪੀਡੀ 'ਚ ਦੋ ਤੋਂ 20 ਮਰੀਜ਼ਾਂ ਤੱਕ ਚੈੱਕ ਕਰਨ ਦੀ ਸੀਮਾ ਤੈਅ ਕੀਤੀ ਗਈ ਹੈ। ਚੀਮਾ ਨੇ ਦੱਸਿਆ ਕਿ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਦੀ ਅਗਰ ਰਾਤ ਦੀ ਡਿਊਟੀ ਹੈ ਤਾਂ ਉਨ੍ਹਾਂ ਨੂੰ ਦਿਨ ਵਕਤ ਬੁਲਾਏ ਜਾਣ 'ਤੇ ਪ੍ਰਤੀ ਵਿਜ਼ਟ ਇੱਕ ਹਜ਼ਾਰ ਰੁਪਏ ਮਿਲਣਗੇ ਜਦੋਂ ਕਿ ਰਾਤ ਨੂੰ ਬੁਲਾਏ ਜਾਣ 'ਤੇ ਪ੍ਰਤੀ ਵਿਜ਼ਟ ਦੋ ਹਜ਼ਾਰ ਰੁਪਏ ਮਿਲਣਗੇ। ਇਸੇ ਤਰ੍ਹਾਂ ਕੈਬਨਿਟ ਮੀਟਿੰਗ 'ਚ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ 1860 'ਚ ਤਬਦੀਲੀ ਕੀਤੀ ਗਈ ਹੈ।

# ਰਾਹੁਲ ਨੇ ਰਾਜਧਾਨੀ 'ਚ ਪ੍ਰਦੂਸ਼ਣ ਦੇ ਮੁੱਦੇ 'ਤੇ ਮੋਦੀ ਦੀ ਚੁੱਪ 'ਤੇ ਸਵਾਲ ਚੁੱਕਿਆ

**ਨਵੀਂ ਦਿੱਲੀ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਕੌਮੀ ਰਾਜਧਾਨੀ ਵਿੱਚ ਹਵਾ ਪ੍ਰਦੂਸ਼ਣ ਦੇ ਮੁੱਦੇ 'ਤੇ ਸੰਸਦ ਵਿੱਚ ਵਿਸਥਾਰਤ ਚਰਚਾ ਦੀ ਮੰਗ ਕੀਤੀ।ਉਨ੍ਹਾਂ ਇਸ ਸਿਹਤ ਐਮਰਜੈਂਸੀ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪ 'ਤੇ ਵੀ ਸਵਾਲ ਚੁੱਕੇ ਹਨ।

ਕਾਂਗਰਸੀ ਆਗੂ ਨੇ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਇੱਕ ਸਖ਼ਤ, ਲਾਗੂ ਕਰਨ ਯੋਗ ਕਾਰਜ ਯੋਜਨਾ ਦੀ ਮੰਗ ਵੀ ਕੀਤੀ ਅਤੇ ਪੁੱਛਿਆ ਕਿ ਮੋਦੀ ਸਰਕਾਰ ਇਸ ਮੁੱਦੇ 'ਤੇ ਕੋਈ ਜਲਦਬਾਜ਼ੀ ਜਾਂ ਜਵਾਬਦੇਹੀ ਕਿਉਂ ਨਹੀਂ ਦਿਖਾ ਰਹੀ ਹੈ।

ਗਾਂਧੀ ਨੇ ਇਸ ਮੁੱਦੇ 'ਤੇ ਆਪਣੀ ਰਿਹਾਇਸ਼ 'ਤੇ ਕੁਝ ਮਹਿਲਾਵਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਹੋਈ ਗੱਲਬਾਤ ਦੀ ਇੱਕ ਵੀਡੀਓ ਸਾਂਝੀ ਕੀਤੀ। ਉਨ੍ਹਾਂ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਪੁੱਛਿਆ, ਹਰ ਮਾਂ



ਜਿਸ ਨੂੰ ਮੈਂ ਮਿਲਦਾ ਹਾਂ, ਉਹ ਮੈਨੂੰ ਇੱਕੋ ਗੱਲ ਦੱਸਦੀ ਹੈ: ਉਸਦਾ ਬੱਚਾ ਜ਼ਹਿਰੀਲੀ ਹਵਾ ਵਿੱਚ ਸਾਹ ਲੈ ਕੇ ਵੱਡਾ ਹੋ ਰਿਹਾ ਹੈ। ਉਹ ਥੱਕੀਆਂ ਹੋਈਆਂ ਹਨ, ਡਰੀਆਂ ਹੋਈਆਂ ਹਨ ਅਤੇ ਗੁੱਸੇ ਵਿੱਚ ਹਨ।

ਉਨ੍ਹਾਂ ਸਵਾਲ ਕੀਤਾ, ਮੋਦੀ ਜੀ, ਭਾਰਤ ਦੇ ਬੱਚੇ ਸਾਡੇ ਸਾਹਮਣੇ ਦਮ ਘੁੱਟ ਰਹੇ ਹਨ। ਤੁਸੀਂ ਚੁੱਪ ਕਿਵੇਂ ਰਹਿ ਸਕਦੇ ਹੋ ? ਤੁਹਾਡੀ ਸਰਕਾਰ ਕੋਈ ਜਲਦਬਾਜ਼ੀ, ਕੋਈ ਯੋਜਨਾ, ਕੋਈ ਜਵਾਬਦੇਹੀ ਕਿਉਂ ਨਹੀਂ ਦਿਖਾਉਂਦੀ ?' ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਜ਼ੋਰ ਦੇ ਕੇ ਕਿਹਾ, ਭਾਰਤ ਨੂੰ ਹਵਾ ਪ੍ਰਦੂਸ਼ਣ 'ਤੇ ਤੁਰੰਤ, ਵਿਸਥਾਰਤ ਸੰਸਦੀ ਬਹਿਸ ਅਤੇ ਇਸ ਸਿਹਤ ਐਮਰਜੈਂਸੀ ਨਾਲ ਨਜਿੱਠਣ ਲਈ ਇੱਕ ਸਖ਼ਤ, ਲਾਗੂ ਕਰਨ ਯੋਗ ਕਾਰਜ ਯੋਜਨਾ ਦੀ ਲੋੜ ਹੈ।÷ ਉਨ੍ਹਾਂ ਕਿਹਾ, ÷ਸਾਡੇ ਬੱਚੇ ਸਾਫ਼ ਹਵਾ ਦੇ ਹੱਕਦਾਰ ਹਨ ਨਾ ਕਿ ਬਹਾਨਿਆਂ ਅਤੇ ਧਿਆਨ ਭਟਕਾਉਣ ਦੇ,।

ਜ਼ਿਕਰਯੋਗ ਹੈ ਕਿ ਦਿੱਲੀ ਪਿਛਲੇ 15 ਦਿਨਾਂ ਤੋਂ ਬਹੁਤ ਖਰਾਬ ਹਵਾ ਗੁਣਵੱਤਾ ਨਾਲ ਜੂਝ ਰਹੀ ਹੈ। ਮਾਹਿਰਾਂ ਨੇ ਕਿਹਾ ਕਿ ਜ਼ਹਿਰੀਲੀ ਹਵਾ ਸਾਹ ਨਾਲੀ ਦੀ ਸੋਜਸ਼ (airway inflammation) ਨੂੰ ਸ਼ੁਰੂ ਕਰਦੀ ਹੈ, ਫੇਫੜਿਆਂ ਦੇ ਕਾਰਜ ਨੂੰ ਘਟਾਉਂਦੀ ਹੈ ਅਤੇ ਅੰਦਰੂਨੀ ਬਿਮਾਰੀਆਂ ਨੂੰ ਵਧਾਉਂਦੀ ਹੈ, ਇਸ ਲਈ ਰੋਕਥਾਮ ਵਾਲੇ ਸਿਹਤ ਜਾਂਚ ਬਹੁਤ ਮਹੱਤਵਪੂਰਨ ਹੁੰਦੇ ਜਾ ਰਹੇ ਹਨ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕੂੜ੍ਹੇ ਨੂੰ ਖੁਲ੍ਹੇ ਵਿਚ ਸਾੜ੍ਹਨ ਵਿਰੁੱਧ ਕੀਤੀ ਕਾਰਵਾਈ



**ਪਟਿਆਲਾ, 29 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਸ਼ਹਿਰਾਂ ਦੇ ਨੇੜੇ ਸਾਲਿਡ ਵੇਸਟ ਵਾਲੀਆਂ ਥਾਵਾਂ 'ਤੇ ਨਗਰ ਨਿਗਮਾਂ, ਨਗਰ ਪਾਲਿਕਾਵਾਂ, ਮਿਊਂਸਪਲ ਕਮੇਟੀਆਂ ਵੱਲੋਂ ਕੂੜ੍ਹਾ ਸਾੜ੍ਹਨਾ ਲਗਾਤਾਰ ਜਾਰੀ ਹੈ। ਜਿਸ ਤੋਂ ਫੈਲੇ ਜ਼ਹਿਰੀਲੇ ਧੂੰਏਂ ਕਾਰਨ ਲੋਕਾਂ ਦਾ ਜਿਊਣਾ ਮੁਹਾਲ ਹੋ ਕੇ ਰਹਿ ਜਾਂਦਾ ਹੈ। ਜਿਸ ਨੂੰ ਦੇਖਦੇ ਹੋਏ ਸੋਸ਼ਲ ਮੀਡੀਆ ਅਤੇ ਹੋਰ ਸਰੋਤਾਂ 'ਤੇ ਮਿਲੀਆਂ ਸ਼ਿਕਾਇਤਾਂ 'ਤੇ ਨੋਟਿਸ ਲੈਂਦੇ ਹੋਏ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਮੁਹਾਲੀ ਵਿਚ ਖੁਲ੍ਹੇ ਵਿਚ ਕੂੜ੍ਹਾ ਸਾੜਨ ਵਾਲਿਆਂ 'ਤੇ ਕਾਰਵਾਈ ਕਰਦੇ ਹੋਏ ਤਾੜ੍ਹਨਾ ਕੀਤੀ ਕਿ ਭਵਿੱਖ ਵਿਚ ਜੇਕਰ ਕਿਸੇ ਵੀ ਕੂੜ੍ਹੇ ਦੇ ਢੇਰ ਨੂੰ ਅੱਗ ਲਗਾਉਣਗੇ ਤਾਂ ਉਨ੍ਹਾਂ ਖਿਲਾਫ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਮੁਤਾਬਕ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕੂੜ੍ਹੇ ਦੇ ਢੇਰ ਨੂੰ ਲੱਗੀ ਅੱਗ ਨੂੰ ਪਹਿਲਾਂ ਫਾਇਰ ਬ੍ਰਿਗੇਡ ਦੀ ਟੀਮ ਦਾ ਸਹਿਯੋਗ ਲੈ ਕੇ ਇਸ ਨੂੰ ਬੁਝਾਇਆ ਗਿਆ। ਜਿਸ ਸੰਬੰਧੀ ਗੱਲਬਾਤ ਕਰਦੇ ਹੋਏ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਨੇ ਕਿਹਾ ਕਿ ਖੁਲ੍ਹੇ ਵਿਚ ਕੂੜ੍ਹਾ ਸਾੜ੍ਹਨਾ ਆਬੋ-ਹਵਾ ਨੂੰ ਖਰਾਬ ਕਰਦਾ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮਾਂ, ਨਗਰ ਪਾਲਿਕਾਵਾਂ, ਮਿਊਂਸਪਲ ਕਮੇਟੀਆਂ ਵੱਲੋਂ ਖੁੱਲ੍ਹੇ ਵਿਚ ਕੂੜ੍ਹਾ ਸੁੱਟਣਾ ਬੰਦ ਕਰਵਾਉਣਾ ਚਾਹੀਦਾ ਹੈ ਅਤੇ ਇਸ 'ਤੇ ਹਰ ਮੁਲਾਜ਼ਮ ਨੂੰ ਨਿਗਰਾਨੀ ਰੱਖਣੀ ਚਾਹੀਦੀ ਹੈ ਕਿ ਕੋਈ ਗਲਤ ਅਨਸਰ ਇਨ੍ਹਾਂ ਨੂੰ ਅੱਗ ਨਾ ਲਗਾ ਸਕੇ। ਜਿਸ 'ਤੇ ਆਲੇ ਦੁਆਲੇ ਰਹਿੰਦੇ ਲੋਕਾਂ ਨੂੰ ਵੀ ਨਿਗ੍ਹਾ ਰੱਖਣੀ ਚਾਹੀਦੀ ਹੈ। ਇਸ ਮੌਕੇ ਖੇਤਰੀ ਅਧਿਕਾਰੀ ਨਵਤੇਜ ਸਿੰਗਲਾ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਪੰਜਾਬ ਭਰ 'ਚ ਸਰਕਾਰੀ ਬੱਸਾਂ ਦਾ ਚੱਕਾ ਜਾਮ; ਥਾਂ-ਥਾਂ ਲੱਗੇ ਧਰਨੇ

## ਕਈ ਆਗੂ ਹਿਰਾਸਤ ਵਿੱਚ ਲਏ; ਪੈਟਰੋਲ ਦੀਆਂ ਬੋਤਲਾਂ ਲੈ ਕੇ ਬੱਸ ਦੀ ਛੱਤ 'ਤੇ ਚੜ੍ਹੇ ਪ੍ਰਦਰਸ਼ਨਕਾਰੀ

**ਚੰਡੀਗੜ੍ਹ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਲੋਮੀਟਰ ਸਕੀਮ ਦੀਆਂ ਬੱਸਾਂ ਪਾਉਣ ਸਬੰਧੀ ਜਾਰੀ ਰੇੜਕੇ ਨੂੰ ਲੈ ਕੇ ਪੀਆਰਟੀਸੀ, ਪੰਜਾਬ ਰੋਡਵੇਜ ਅਤੇ ਪਨਬਸ ਕੰਟਰੈਕਟ ਵਰਕਰ ਯੂਨੀਅਨ ਨੇ ਸ਼ੁੱਕਰਵਾਰ ਤੜਕੇ ਹੀ ਸੂਬਾ ਵਿਆਪੀ ਹੜਤਾਲ ਸ਼ੁਰੂ ਕਰਕੇ ਸਰਕਾਰੀ ਬੱਸਾਂ ਦਾ ਚੱਕਾ ਜਾਮ ਕਰ ਦਿੱਤਾ ਹੈ। ਇਸ ਦੌਰਾਨ ਪੀਆਰਟੀਸੀ ਦੇ ਮੁੱਖ ਦਫਤਰ ਵਾਲੇ ਸ਼ਹਿਰ ਪਟਿਆਲਾ ਸਮੇਤ ਕਈ ਹੋਰ ਥਾਵਾਂ 'ਤੇ ਵੀ ਬੱਸ ਅੱਡਿਆਂ ਦੀ ਤਾਲਾਬੰਦੀ ਕਰਕੇ ਧਰਨੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਮੁਲਾਜ਼ਮਾਂ ਨੇ ਕਿਹਾ ਕਿ ਕਿਲੋਮੀਟਰ ਸਕੀਮ ਦੇ ਵਿਰੋਧ ਵਿੱਚ ਜਾਰੀ ਇਨ੍ਹਾਂ ਧਰਨਿਆਂ ਤੋਂ ਪਹਿਲਾਂ ਹੀ ਅੱਜ ਵੱਡੇ ਤੜਕੇ ਪਟਿਆਲਾ ਸਮੇਤ ਪੰਜਾਬ ਭਰ ਵਿੱਚੋਂ ਯੂਨੀਅਨ ਦੇ ਕਈ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਯੂਨੀਅਨ ਦੇ ਸੂਬਾਈ ਬੁਲਾਰੇ ਹਰਕੇਸ਼ ਵਿੱਕੀ



(ਪਟਿਆਲਾ) ਨੇ ਦੱਸਿਆ ਕਿ ਸਰਕਾਰ ਦੇ ਇਸ ਜਬਰ ਦੇ ਵਿਰੋਧ ਵਿੱਚ ਜਾਰੀ ਇਸ ਸੰਘਰਸ਼ ਨੂੰ ਅੱਜ ਸਰਕਾਰੀ ਮੁਲਾਜ਼ਮਾਂ ਵੱਲੋਂ ਵੀ ਹਮਾਇਤ ਦਿੱਤੀ ਗਈ ਹੈ॥

ਇਸ ਦੌਰਾਨ ਸਾਥੀ ਮੁਲਾਜ਼ਮਾਂ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਪੀਆਰਟੀਸੀ, ਪੰਜਾਬ ਰੋਡਵੇਜ ਅਤੇ ਪਨਬਸ ਵਰਕਰ ਯੂਨੀਅਨ ਦੇ ਕਈ ਆਗੂ ਆਤਮਦਾਹ ਦੀ ਧਮਕੀ ਦਿੰਦਿਆਂ ਪੈਟਰੋਲ ਦੀਆਂ ਬੋਤਲਾਂ ਨਾਲ ਬੱਸਾਂ ਦੀਆਂ ਛੱਤਾਂ ਅਤੇ ਓਵਰ ਬ੍ਰਿਜ 'ਤੇ ਚੜ੍ਹ ਗਏ। ਪਟਿਆਲਾ ਪ੍ਰਦਰਸ਼ਨ ਦੀ ਅਗਵਾਈ ਯੂਨੀਅਨ ਦੇ ਸਵਾਈ ਮੀਤ ਪ੍ਰਧਾਨ ਹਰਕੇਸ਼ ਵਿੱਕੀ ਵੱਲੋਂ ਕੀਤੀ ਜਾ ਰਹੀ ਹੈ। ਉੱਧਰ ਬੱਸ ਅੱਡੇ ਦੇ ਬਾਹਰ ਡੀਐੱਸਪੀ ਜੰਗਜੀਤ ਸਿੰਘ ਦੀ ਅਗਵਾਈ ਹੇਠਾਂ ਵੱਡੀ ਗਿਣਤੀ ਵਿੱਚ ਪੁਲੀਸ ਫੋਰਸ ਵੀ ਤੈਨਾਤ ਕਰ ਦਿੱਤੀ ਗਈ ਹੈ। ਮੁਲਾਜ਼ਮਾਂ ਦੇ ਪ੍ਰਦਰਸ਼ਨ ਕਾਰਨ ਚੰਡੀਗੜ੍ਹ ਰਾਜਪੁਰਾ ਅਤੇ ਦਿੱਲੀ ਵੱਲ ਜਾਣ ਵਾਲੇ ਰਾਹਗੀਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੋਂ ਤੱਕ ਕਿ ਪੰਜਾਬੀ ਯੂਨੀਵਰਸਿਟੀ ਦੇ ਮੁਲਾਜ਼ਮ ਵੀ ਹੋਰ ਰਸਤਿਆਂ ਰਾਹੀਂ ਆਪਣੀ ਡਿਊਟੀ 'ਤੇ ਪੁੱਜ ਰਹੇ ਹਨ।

ਕਿਲੋਮੀਟਰ ਸਕੀਮ ਦੇ ਵਿਰੋਧ ਵਿੱਚ ਬਠਿੰਡਾ ਵਿੱਚ ਪੀਆਰਟੀਸੀ ਅਤੇ ਪਨਬਸ ਕੰਟ੍ਰੈਕਟ ਵਰਕਰ ਯੂਨੀਅਨ ਵਲੋਂ ਅੱਜ ਤੜਕੇ ਤਿੱਖਾ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਗਿਆ। ਬਠਿੰਡਾ ਡਿੱਪੂ ਵਿੱਚ ਵੀ ਪ੍ਰਦਰਸ਼ਨਕਾਰੀ ਪੈਟਰੋਲ ਦੀਆਂ ਬੋਤਲਾਂ ਲੈ ਪਾਣੀ ਵਾਲੀ ਟੈਂਕੀ ਤੇ ਚੜ ਗਏ। ਪ੍ਰਦਰਸ਼ਨ ਦੀ ਅਗਵਾਈ ਡਿੱਪੂ ਪ੍ਰਧਾਨ ਹਰਤਾਰ ਸ਼ਰਮਾ, ਚੇਅਰਮੈਨ ਰਵਿੰਦਰ ਸਿੰਘ, ਕਲੁਵੰਤ ਸਿੰਘ ਮਨੇਸ ਸਮੇਤ ਹੋਰ ਆਗੂਆਂ ਨੇ ਕੀਤੀ।

ਇਸ ਦੌਰਾਨ ਵੱਡੀ ਗਿਣਤੀ ਵਿੱਚ ਸਥਾਨਕ ਪੁਲੀਸ ਮੌਕੇ 'ਤੇ ਪਹੁੰਚੀ ਅਤੇ ਵਿਰੋਧ ਕਰ ਰਹੇ ਕਈ ਆਗੂਆਂ ਨੂੰ ਗ੍ਰਿਫਤਾਰ ਕਰਕੇ ਹਿਰਾਸਤ ਵਿੱਚ ਲੈ ਕੇ ਬੱਸਾਂ ਰਾਹੀਂ ਵੱਖ-ਵੱਖ ਥਾਣਿਆ ਵਿੱਚ ਭੇਜ ਦਿੱਤਾ ਗਿਆ ਹੈ।

ਯੂਨੀਅਨ ਦੇ ਨੁਮਾਇੰਦਿਆਂ ਨੇ ਕਿਹਾ ਕਿ ਕਿਲੋਮੀਟਰ ਸਕੀਮ ਖ਼ਿਲਾਫ ਅੱਜ 11 ਵਜੇ ਤੋਂ 1 ਵਜੇ ਤੱਕ ਯੂਨੀਅਨ ਵਲੋਂ ਗੇਟ ਰੈਲੀ ਰੱਖੀ ਗਈ ਸੀ।ਉਨ੍ਹਾਂ ਕਿਹਾ ਕਿਲੋਮੀਟਰ ਸਕੀਮ ਮੁਲਾਜ਼ਮਾਂ ਦੇ ਹਿੱਤਾਂ ਦੇ ਖ਼ਿਲਾਫ਼ ਹੈ ਅਤੇ ਗ੍ਰਿਫ਼ਤਾਰ ਕੀਤੇ ਸਾਥੀਆਂ ਨੂੰ ਬਿਨਾ ਦੇਰੀ ਰਿਹਾਅ ਕੀਤਾ ਜਾਵੇ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਭਰਾਤਰੀ ਜਥੇਬੰਦੀ ਨੂੰ ਨਾਲ ਲੈ ਕਿ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

ਪ੍ਰਦਰਸ਼ਨ ਕਾਰਨ ਬਠਿੰਡਾ ਬੱਸ ਅੱਡੇ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਲੁਧਿਆਣਾ, ਫਰੀਦਕੋਟ, ਮਾਨਸਾ ਅਤੇ ਚੰਡੀਗੜ੍ਹ ਵੱਲ ਜਾਣ ਵਾਲੇ ਯਾਤਰੀਆਂ ਨੂੰ ਰੁਕਾਵਟਾਂ ਅਤੇ ਦੇਰੀ ਦਾ ਸਾਹਮਣਾ ਕਰਨਾ ਪਿਆ।

# ਐਚਡੀਐਫਸੀ ਬੈਂਕ ਦੀ 17ਵੀਂ ਸਾਲਾਨਾ ਖ਼ੂਨਦਾਨ ਅਭਿਆਨ 5 ਦਸੰਬਰ ਨੂੰ

**ਚੰਡੀਗੜ੍ਹ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ: ਭਾਰਤ ਦਾ ਮੋਹਰੀ ਨਿੱਜੀ ਖੇਤਰ ਦਾ ਬੈਂਕ, ਐਚਡੀਐਫਸੀ ਬੈਂਕ, ਆਪਣੀ ਪ੍ਰਮੁੱਖ CSR ਪਹਿਲਕਦਮੀ, ਪਰਿਵਰਤਨ ਦੇ ਹਿੱਸੇ ਵਜੋਂ ਆਪਣੀ ਦੇਸ਼ ਵਿਆਪੀ ਖ਼ੂਨਦਾਨ ਅਭਿਆਨ ਦੇ 17ਵੇਂ ਐਡੀਸ਼ਨ ਦਾ ਆਯੋਜਨ ਕਰੇਗਾ। ਇਹ ਖ਼ੂਨਦਾਨ ਅਭਿਆਨ 5 ਦਸੰਬਰ, 2025 ਨੂੰ ਸਵੇਰੇ 9:30 ਵਜੇ ਤੋਂ ਸ਼ਾਮ 5:30 ਵਜੇ ਤੱਕ ਭਾਰਤ ਭਰ ਦੇ 1,100 ਤੋਂ ਵੱਧ ਸ਼ਹਿਰਾਂ ਵਿੱਚ ਇੱਕੋ ਸਮੇਂ ਹੋਵੇਗਾ। ਇਸ ਅਭਿਆਨ ਵਿੱਚ ਐਚਡੀਐਫਸੀ ਬੈਂਕ ਦੇ ਕਰਮਚਾਰੀ, ਗਾਹਕ, ਕਾਰਪੋਰੇਟ, ਰੱਖਿਆ ਬਲਾਂ ਦੇ ਮੈਂਬਰ, ਵਿਦਿਆਰਥੀ ਅਤੇ ਭਾਈਚਾਰੇ ਦੇ ਮੈਂਬਰ ਸ਼ਾਮਲ ਹੋਣਗੇ। ਇਹ ਪਹਿਲਕਦਮੀ ਬੈਂਕ ਦੀ ਸਮਾਜ ਭਲਾਈ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਦੇਸ਼ ਦੀ ਸੁਰੱਖਿਅਤ ਅਤੇ ਸਮੇਂ ਸਿਰ ਖ਼ੂਨਦਾਨ ਦੀ ਚੱਲ ਰਹੀ ਜ਼ਰੂਰਤ ਦਾ ਸਮਰਥਨ ਕਰਦੀ ਹੈ। ਇਹ ਸਾਲਾਨਾ ਖ਼ੂਨਦਾਨ ਅਭਿਆਨ ਬੈਂਕ ਦੁਆਰਾ ਸ਼ੁਰੂ ਕੀਤੀਆਂ ਗਈਆਂ ਪਹਿਲੀਆਂ CSR ਪਹਿਲਕਦਮੀਆਂ ਵਿੱਚੋਂ ਇੱਕ ਹੈ ਅਤੇ ਸਿਹਤ ਸੰਭਾਲ ਅਤੇ ਸਫਾਈ ਦੇ ਇਸਦੇ ਮੁੱਖ ਫੋਕਸ ਖੇਤਰ ਵਿੱਚ ਆਉਂਦੀ ਹੈ। ਐਚਡੀਐਫਸੀ ਬੈਂਕ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਸ਼੍ਰੀ ਕੈਜ਼ਾਦ ਭਰੂਚਾ ਨੇ ਕਿਹਾ, ÷ਇਹ ਮੁਹਿੰਮ ਕਈ ਸਾਲਾਂ ਤੋਂ ਲੋਕਾਂ ਨੂੰ ਇੱਕ ਸਾਂਝੇ ਉਦੇਸ਼ ਲਈ ਇਕੱਠੇ ਕਰ ਰਹੀ ਹੈ। ਖ਼ੂਨਦਾਨ ਕਰਨਾ ਇੱਕ ਸਧਾਰਨ ਕਾਰਜ ਹੈ ਜੋ ਕਿਸੇ ਦੇ ਜੀਵਨ ਵਿੱਚ ਤੁਰੰਤ ਫ਼ਰਕ ਪਾ ਸਕਦਾ ਹੈ। ਅਸੀਂ ਹਰ ਵਲੰਟੀਅਰ ਅਤੇ ਸਾਥੀ ਦੇ ਧੰਨਵਾਦੀ ਹਾਂ ਜੋ ਹਰ ਸਾਲ ਇਸ ਯਤਨ ਦਾ ਸਮਰਥਨ ਕਰਦਾ ਹੈ।÷ ਐਚਡੀਐਫਸੀ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਸ਼੍ਰੀ ਭਾਵੇਸ਼ ਜ਼ਵੇਰੀ ਨੇ ਕਿਹਾ, ÷ਸਾਲਾਨਾ ਖ਼ੂਨਦਾਨ ਮੁਹਿੰਮ ਲਗਾਤਾਰ ਵਧੀ ਹੈ ਕਿਉਂਕਿ ਸਾਡੇ ਕਰਮਚਾਰੀ ਅਤੇ ਭਾਈਵਾਲ ਇਸਨੂੰ ਸਮਰਪਣ ਅਤੇ ਟੀਮ ਵਰਕ ਨਾਲ ਕਰਦੇ ਹਨ। ਸਾਨੂੰ ਇਸ ਪਹਿਲਕਦਮੀ 'ਤੇ ਮਾਣ ਹੈ ਕਿ ਇਹ ਪਹਿਲ ਕਿਵੇਂ ਵਧੀ ਹੈ ਅਤੇ ਦੇਸ਼ ਦੇ ਸਿਹਤ ਸੰਭਾਲ ਵਾਤਾਵਰਣ ਪ੍ਰਣਾਲੀ ਵਿੱਚ ਯੋਗਦਾਨ ਪਾਉਣ ਲਈ ਵਚਨਬੱਧ ਹੈ। ਇਸ ਸਹਿਯੋਗੀ ਯਤਨ ਨੂੰ ਮਜ਼ਬੂਤ ਕਰਨ ਵਿੱਚ ਹਰ ਦਾਨੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।÷ ਹਰ ਸਾਲ, ਬੈਂਕ ਸੁਰੱਖਿਆ, ਪਾਰਦਰਸ਼ਤਾ ਅਤੇ ਮੈਡੀਕਲ ਪ੍ਰੋਟੋਕੋਲ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਪ੍ਰਸਿੱਧ ਬਲੱਡ ਬੈਂਕਾਂ ਅਤੇ ਸਿਹਤ ਸੰਭਾਲ ਸੰਗਠਨਾਂ ਨਾਲ ਮਿਲ ਕੇ ਕੰਮ ਕਰਦਾ ਹੈ। ਇਸ ਸਾਲ, ਇਹ ਪਹਿਲ ਦੇਸ਼ ਭਰ ਦੇ ਪ੍ਰਸਿੱਧ ਬਲੱਡ ਬੈਂਕਾਂ, ਸਰਕਾਰੀ ਅਧਿਕਾਰੀਆਂ ਅਤੇ ਗੈਰ-ਸਰਕਾਰੀ ਸੰਗਠਨਾਂ ਨਾਲ ਆਪਣੀ ਭਾਈਵਾਲੀ ਜਾਰੀ ਰੱਖੇਗੀ।

ਇਹ ਮੁਹਿੰਮ 18 ਤੋਂ 60 ਸਾਲ ਦੀ ਉਮਰ ਦੇ ਸਾਰੇ ਸਿਹਤਮੰਦ ਦਾਨੀਆਂ ਲਈ ਖੁੱਲ੍ਹੀ ਹੈ। ਹਿੱਸਾ ਲੈਣ ਵਿੱਚ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਕੈਂਪ ਦਾ ਦੌਰਾ ਕਰ ਸਕਦੇ ਹਨ। ਸਥਾਨਾਂ ਦੀ ਪੂਰੀ ਸੂਚੀ ਮਿਤੀ ਤੱਕ ਐਚਡੀਐਫਸੀ ਬੈਂਕ ਦੀ ਵੈੱਬਸਾਈਟ 'ਤੇ ਉਪਲਬਧ ਹੈ/ਹੋਵੇਗੀ।

2007 ਵਿੱਚ ਇਸਦੀ ਸ਼ੁਰੂਆਤ ਤੋਂ ਬਾਅਦ, ਇਹ ਪਹਿਲ ਆਪਣੇ ਪਹਿਲੇ ਸਾਲ ਵਿੱਚ 88 ਕੇਂਦਰਾਂ ਅਤੇ 4,385 ਯੂਨਿਟ ਖ਼ੂਨ ਇਕੱਠਾ ਕਰਨ ਤੋਂ ਵਧ ਕੇ 1,408 ਥਾਵਾਂ 'ਤੇ 5,533 ਕੈਂਪਾਂ ਅਤੇ 2024 ਵਿੱਚ 3.38 ਲੱਖ ਯੂਨਿਟ ਖ਼ੂਨ ਇਕੱਠਾ ਕਰਨ ਤੱਕ ਪਹੁੰਚ ਗਈ ਹੈ।

# ਅੰਮ੍ਰਿਤਪਾਲ ਸਿੰਘ ਵੱਲੋਂ ਮੁੜ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਰੁਖ਼; ਸੁਣਵਾਈ ਪਹਿਲੀ ਨੂੰ; ਪੰਜਾਬ ਸਰਕਾਰ ਦੇ ਹੁਕਮ ਨੂੰ ਚੁਣੌਤੀ ਦਿੱਤੀ

**ਚੰਡੀਗੜ੍ਹ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਮੁੜ ਰੁਖ਼ ਕਰਦਿਆਂ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਆਰਜ਼ੀ ਪੈਰੋਲ ਦੀ ਮੁੜ ਮੰਗ ਕੀਤੀ ਹੈ। ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਦੇ ਸੰਸਦ ਵਿਚ ਸ਼ਾਮਲ ਹੋਣ ਤੋਂ ਰੋਕ ਦਿੱਤਾ ਸੀ ਜਿਸ ਨੂੰ ਅਦਾਲਤ ਵਿਚ ਚੁਣੌਤੀ ਦਿੰਦਿਆਂ ਸੁਣਵਾਈ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮਾਮਲੇ ਦੀ ਸੁਣਵਾਈ ਪਹਿਲੀ ਦਸੰਬਰ ਨੂੰ ਹੋਵੇਗੀ। ਪੰਜਾਬ ਸਰਕਾਰ ਨੇ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਦੀ ਅਰਜ਼ੀ ਰੱਦ ਕਰ ਦਿੱਤੀ ਸੀ ਜਿਸ ਕਾਰਨ ਉਸ ਦੇ ਸੰਸਦ ਦੇ ਸਰਦ ਰੁੱਤ ਸੈਸ਼ਨ 'ਚ ਭਾਗ ਲੈਣ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਮਾਮਲੇ



ਵਿੱਚ ਦਾਇਰ ਪਟੀਸ਼ਨ 'ਤੇ 21 ਨਵੰਬਰ ਨੂੰ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੂੰ ਹਫ਼ਤੇ 'ਚ ਫ਼ੈਸਲਾ ਕਰਨ ਦੇ ਨਿਰਦੇਸ਼ ਦਿੱਤੇ ਸਨ। ਪੰਜਾਬ ਦੇ ਗ੍ਰਹਿ ਵਿਭਾਗ ਨੇ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਅਤੇ ਜ਼ਿਲ੍ਹਾ ਪੁਲੀਸ ਕਪਤਾਨ ਤੋਂ ਹਾਈ ਕੋਰਟ ਦੇ ਹੁਕਮਾਂ ਦੇ ਮੱਦੇਨਜ਼ਰ ਰਿਪੋਰਟ ਮੰਗੀ ਸੀ। ਅੰਮ੍ਰਿਤਸਰ ਪ੍ਰਸ਼ਾਸਨ ਨੇ ਪੈਰੋਲ ਦੀ ਅਰਜ਼ੀ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਸੀ ਜਿਸ ਦੇ ਆਧਾਰ 'ਤੇ ਗ੍ਰਹਿ ਵਿਭਾਗ ਨੇ ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਨਾ ਦੇਣ ਦਾ ਫ਼ੈਸਲਾ ਕੀਤਾ। ਦੱਸਣਯੋਗ ਹੈ ਕਿ ਸੰਸਦ ਦਾ ਸਰਦ ਰੁੱਤ ਇਜਲਾਸ ਪਹਿਲੀ ਦਸੰਬਰ ਤੋਂ 19 ਦਸੰਬਰ ਤੱਕ ਹੋ ਰਿਹਾ ਹੈ ਜਿਸ 'ਚ ਸ਼ਾਮਲ ਹੋਣ ਲਈ ਅੰਮ੍ਰਿਤਪਾਲ ਸਿੰਘ ਨੇ ਆਪਣੇ ਵਕੀਲ ਜ਼ਰੀਏ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ ਸੀ। ਜਾਣਕਾਰੀ ਮੁਤਾਬਕ ਸੁਪਰੀਮ ਕੋਰਟ 'ਚ ਵੀ ਅੰਮ੍ਰਿਤਪਾਲ ਸਿੰਘ ਦੇ ਸਬੰਧ 'ਚ ਇੱਕ ਮਾਮਲਾ ਸੁਣਵਾਈ ਅਧੀਨ ਹੈ। ਅੰਮ੍ਰਿਤਪਾਲ ਸਿੰਘ ਕੌਮੀ ਸੁਰੱਖਿਆ ਐਕਟ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਅਪਰੈਲ 2023 ਤੋਂ ਨਜ਼ਰਬੰਦ ਹੈ। ਅੰਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਹਲਕੇ ਤੋਂ ਲੋਕ ਸਭਾ ਦੀ ਚੋਣ ਵੀ ਨਜ਼ਰਬੰਦੀ ਦੌਰਾਨ ਹੀ ਜਿੱਤੀ ਸੀ। ਸੰਸਦੀ ਚੋਣਾਂ ਦੇ ਨਤੀਜੇ ਚਾਰ ਜੂਨ 2024 ਨੂੰ ਐਲਾਨੇ ਗਏ ਸਨ ਪ੍ਰੰਤੂ ਉਹ ਹਾਲੇ ਤੱਕ ਸੰਸਦ ਦੇ ਕਿਸੇ ਵੀ ਸੈਸ਼ਨ 'ਚ ਹਿੱਸਾ ਨਹੀਂ ਲੈ ਸਕਿਆ ਹੈ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਦੀਆਂ ਹੋਣ ਵਾਲੀਆਂ ਆਮ ਚੋਣਾਂ ਲਈ ਪ੍ਰਬੰਧਾਂ ਦੀ ਸਮੀਖਿਆ



**ਮਲੇਰਕੋਟਲਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਮੈਂਬਰਾਂ ਦੀਆਂ ਆਮ ਚੋਣਾਂ-2025 ਨੂੰ ਧਿਆਨ ਵਿੱਚ ਰੱਖਦਿਆਂ ਸੁਰੱਖਿਆ, ਪ੍ਰਬੰਧਕੀ ਕਾਰਜਵਾਹੀ ਅਤੇ ਤਿਆਰੀਆਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ। ਇਸ ਮਹੱਤਵਪੂਰਨ ਬੈਠਕ ਵਿੱਚ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਸਹਾਇਕ ਕਮਿਸ਼ਨਰ ਰਾਕੇਸ਼ ਗਰਗ, ਐਸ.ਡੀ.ਐਮ. ਮਾਲੇਰਕੋਟਲਾ/ਅਹਿਮਦਗੜ੍ਹ ਗੁਰਮੀਤ ਕੁਮਾਰ ਬਾਂਸਲ, ਐਸ.ਡੀ.ਐਮ. ਅਮਰਗੜ੍ਹ ਸੁਰਿੰਦਰ ਕੌਰ, ਡੀ.ਆਈ.ਓ. ਸ਼ਾਈਨ ਕਮਲ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਜ਼ੋਰ ਦਿੰਦੇ ਹੋਏ ਕਿਹਾ ਕਿ ਚੋਣਾਂ ਨੂੰ ਪੂਰੀ ਨਿਰਪੱਖਤਾ ਅਤੇ ਪਾਰਦਰਸ਼ਤਾ ਨਾਲ ਕਰਵਾਉਣਾ ਪ੍ਰਸ਼ਾਸਨ ਦੀ ਪਹਿਲੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਹਰੇਕ ਪਿੰਡ, ਹਰੇਕ ਪੋਲਿੰਗ ਬੂਥ ਅਤੇ ਸੰਬੰਧਤ ਇਲਾਕਿਆਂ ਦੀ ਵੱਖ-ਵੱਖ ਮਾਪਦੰਡਾਂ ਤੇ ਵਿਸਥਾਰ ਨਾਲ ਜਾਂਚ ਕੀਤੀ ਜਾਵੇ। ਜਿੱਥੇ ਵੀ ਸੰਵੇਦਨਸ਼ੀਲ ਜਾਂ ਅਤਿ-ਸੰਵੇਦਨਸ਼ੀਲ ਬੂਥ ਹਨ, ਉਨ੍ਹਾਂ ਦੀ ਪਛਾਣ ਕਰਕੇ ਉੱਥੇ ਵਾਧੂ ਪੁਲਿਸ ਫੋਰਸ ਤੈਨਾਤ ਕੀਤੀ ਜਾਵੇ।

ਉਨ੍ਹਾਂ ਨੇ ਕਿਹਾ ਕਿ ਨੌਮੀਨੇਸ਼ਨ ਸੈਂਟਰਾਂ, ਮਤਦਾਨ ਕੇਂਦਰਾਂ ਅਤੇ ਗਿਣਤੀ ਸਥਾਨਾਂ 'ਤੇ ਵਿਸ਼ੇਸ਼ ਸੁਰੱਖਿਆ ਇੰਤਜ਼ਾਮ ਕੀਤੇ ਜਾਣੇ ਲਾਜ਼ਮੀ ਹਨ, ਤਾਂ ਜੋ ਚੋਣ ਪ੍ਰਕਿਰਿਆ ਦੌਰਾਨ ਕਿਸੇ ਵੀ ਕਿਸਮ ਦੀ ਅਣਚਾਹੀ ਘਟਨਾ ਨੂੰ ਰੋਕਿਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਕਾਨੂੰਨ-ਵਿਵਸਥਾ ਮਜ਼ਬੂਤ ਬਣਾਉਣ ਲਈ ਪੁਲਿਸ, ਸਿਵਲ ਪ੍ਰਸ਼ਾਸਨ ਅਤੇ ਹੋਰ ਸੰਬੰਧਿਤ ਵਿਭਾਗ ਇੱਕ-ਦੂਜੇ ਨਾਲ ਘੱਟੋ-ਘੱਟ ਸਮੇਂ 'ਤੇ ਮਿਲ ਕੇ ਕੰਮ ਕਰਨ।

ਮੀਟਿੰਗ ਦੌਰਾਨ ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਮਤਦਾਨ ਦੀਆਂ ਤਿਆਰੀਆਂ ਦਾ ਨਿੱਜੀ ਤੌਰ 'ਤੇ ਨਿਰੀਖਣ ਕਰਨ ਅਤੇ ਸਾਰੇ ਲਾਜ਼ਮੀ ਪ੍ਰਬੰਧ ਸਮੇਂ ਸਿਰ ਪੂਰੇ ਕਰਨ। ਉਨ੍ਹਾਂ ਨੇ ਹਦਾਇਤ ਕੀਤੀ ਕਿ ਪੋਲਿੰਗ ਬੂਥਾਂ 'ਤੇ ਸਾਫ਼-ਸਫ਼ਾਈ, ਬਿਜਲੀ ਦੀ ਨਿਰੰਤਰ ਉਪਲਬਧਤਾ, ਪਾਣੀ ਦੀ ਸੁਵਿਧਾ, ਰੈਂਪ ਅਤੇ ਬਜ਼ੁਰਗ/ਦਿਵਿਆਂਗ ਵੋਟਰਾਂ ਲਈ ਖਾਸ ਸਹੂਲਤਾਂ ਨੂੰ ਯਕੀਨੀ ਬਣਾਇਆ ਜਾਵੇ। ਇਸਦੇ ਨਾਲ-ਨਾਲ ਮਤਦਾਨ ਟੀਮਾਂ ਦੀ ਟਰੇਨਿੰਗ, ਮਤਦਾਨ ਸਮੱਗਰੀ ਅਤੇ ਵਾਹਨਾਂ ਦੀ ਉਪਲਬਧਤਾ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ।

# ਭਾਰਤੀ ਭਾਸ਼ਾਵਾਂ ਲਈ ਬਹੁ-ਭਾਸ਼ਾਈ ਪਹੁੰਚਯੋਗਤਾ ਟੂਲ ਲਾਂਚ, ਦਿਵਿਆਂਗਜਨਾਂ ਨੂੰ ਮਿਲੇਗਾ ਸਸ਼ਕਤੀਕਰਨ

**ਪਟਿਆਲਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰਿਸਰਚ ਸੈਂਟਰ ਫਾਰ ਟੈਕਨੀਕਲ ਡਿਵੈਲਪਮੈਂਟ ਆਫ ਪੰਜਾਬੀ ਲੈਂਗੂਏਜ, ਲਿਟਰੇਚਰ ਐਂਡ ਕਲਚਰ ਵੱਲੋਂ ਆਯੋਜਿਤ ਦ੍ਰਿਸ਼ਟੀਹੀਣ ਵਿਅਕਤੀਆਂ ਲਈ ਭਾਸ਼ਿਨੀ ਤਕਨੀਕਾਂ ਬਾਰੇ ਸੈਮੀਨਾਰ ਅੱਜ ਸੈਂਟਰਲ ਹਾਲ ਵਿਖੇ ਸੰਪੰਨ ਹੋਇਆ। ਇਸ ਪ੍ਰੋਗਰਾਮ ਵਿੱਚ ਪੂਰੇ ਭਾਰਤ ਦੇ ਦ੍ਰਿਸ਼ਟੀਹੀਣ ਉਪਭੋਗਤਾਵਾਂ ਨੂੰ ਸ਼ਕਤੀ ਪ੍ਰਦਾਨ ਕਰਨ ਦੇ ਉਦੇਸ਼ ਨਾਲ ਤਿੰਨ ਅਤਿ-ਆਧੁਨਿਕ ਸੌਫਟਵੇਅਰ ਹੱਲਾਂ ਦੀ ਰਸਮੀ ਸ਼ੁਰੂਆਤ ਕੀਤੀ ਗਈ। ਇਸ ਸਮਾਗਮ ਵਿੱਚ ਭਾਰਤ ਸਰਕਾਰ ਦੀ ਭਾਸ਼ਿਨੀ ਪਹਿਲਕਦਮੀ ਤਹਿਤ ਵਿਕਸਤ ਕੀਤੇ ਗਏ ਅਤਿ-ਆਧੁਨਿਕ ਏਆਈ-ਆਧਾਰਿਤ ਪਹੁੰਚਯੋਗਤਾ ਟੂਲਾਂ ਦਾ ਪ੍ਰਦਰਸ਼ਨ ਕੀਤਾ ਗਿਆ, ਜਿਸਦਾ ਟੀਚਾ ਪ੍ਰਮੁੱਖ ਭਾਰਤੀ ਭਾਸ਼ਾਵਾਂ ਲਈ ਉੱਨਤ ਤਕਨਾਲੋਜੀ ਵਿਕਸਤ ਕਰਨਾ ਹੈ।

ਡੀਨ ਅਕਾਦਮਿਕਸ ਡਾ. ਜਸਵਿੰਦਰ ਸਿੰਘ ਬਰਾੜ ਨੇ ਤਿੰਨ ਪ੍ਰਮੁੱਖ ਸੌਫਟਵੇਅਰਾਂ ਦੀ ਸ਼ੁਰੂਆਤ ਕੀਤੀ। ਪਹਿਲਾ ਸੌਫਟਵੇਅਰ ਦ੍ਰਿਸ਼ਟੀ-ਲਾਈਬ੍ਰੇਰੀ, ਜਿਸ ਨੂੰ ਆਈਆਈਆਈਟੀ ਹੈਦਰਾਬਾਦ ਨੇ



ਵਿਕਸਤ ਕੀਤਾ ਹੈ, ਇੱਕ ਏਆਈ-ਆਧਾਰਿਤ ਪਲੇਟਫਾਰਮ ਹੈ ਜੋ ਭਾਸ਼ਿਨੀ ਦੇ ਓਸੀਆਰ (OCR) ਅਤੇ ਟੀਟੀਐਸ (TTS) ਸਿਸਟਮਾਂ ਦੀ ਵਰਤੋਂ ਕਰਕੇ ਛਪੀਆਂ ਕਿਤਾਬਾਂ ਨੂੰ ਬਾਰ੍ਹਾਂ ਭਾਰਤੀ ਭਾਸ਼ਾਵਾਂ—ਜਿਨ੍ਹਾਂ ਵਿੱਚ ਪੰਜਾਬੀ ਵੀ ਸ਼ਾਮਲ ਹੈ—ਵਿੱਚ ਕੁਦਰਤੀ ਆਵਾਜ਼ ਵਾਲੀਆਂ ਆਡੀਓਬੁੱਕਾਂ ਵਿੱਚ ਬਦਲਦਾ ਹੈ। ਨਵ-ਨਿਰਮਿਤ ਨਵਚੇਤਨਾ (Navchetna) ਦੇ ਸਹਿਯੋਗ ਨਾਲ ਗ੍ਰੈਜੂਏਸ਼ਨ ਪੱਧਰ ਦੀਆਂ ਪਾਠ ਪੁਸਤਕਾਂ ਨੂੰ ਆਡੀਓ ਫਾਰਮੈਟ ਵਿੱਚ ਬਦਲਣ ਦਾ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ।

ਦੂਜਾ ਸੌਫਟਵੇਅਰ ਦ੍ਰਿਸ਼ਟੀ-ਡਾਟ ਭਾਰਤ ਦਾ ਪਹਿਲਾ ਅਜਿਹਾ ਸਿਸਟਮ ਹੈ ਜੋ ਬਾਰ੍ਹਾਂ ਭਾਰਤੀ ਭਾਸ਼ਾਵਾਂ ਵਿੱਚ ਛਪੀਆਂ ਕਿਤਾਬਾਂ ਨੂੰ ਸਿੱਧੇ ਗ੍ਰੇਡ-1 ਬਰੇਲ ਵਿੱਚ ਬਦਲਣ ਦੇ ਸਮਰੱਥ ਹੈ—ਇਹ ਬਰੇਲ ਪਹੁੰਚਯੋਗਤਾ ਦੀ ਦਿਸ਼ਾ ਵਿੱਚ ਇੱਕ ਇਤਿਹਾਸਕ ਕਦਮ ਹੈ।

ਤੀਜਾ ਸੌਫਟਵੇਅਰ ਦੋਭਾਸ਼ੀ ਗੁਰਮੁਖੀ ਓਸੀਆਰ ਮੋਬਾਈਲ ਐਪ ਹੈ, ਜਿਸ ਨੂੰ ਪੰਜਾਬੀ ਯੂਨੀਵਰਸਿਟੀ ਨੇ ਵਿਕਸਤ ਕੀਤਾ ਹੈ। ਇਹ ਮੋਬਾਈਲ ਉਪਕਰਨਾਂ ਦੀ ਵਰਤੋਂ ਕਰਦੇ ਹੋਏ ਤਸਵੀਰਾਂ ਤੋਂ ਪੰਜਾਬੀ ਪਾਠ ਦੀ ਅਸਲ ਸਮੇਂ ਵਿੱਚ ਪਛਾਣ ਅਤੇ ਪੜ੍ਹਨ ਦੀ ਸਹੂਲਤ ਪ੍ਰਦਾਨ ਕਰਦਾ ਹੈ। ਪ੍ਰੋਗਰਾਮ ਵਿੱਚ ਦ੍ਰਿਸ਼ਟੀ-ਸਭਾ ਦੇ ਪ੍ਰੋਟੋਟਾਈਪ ਦਾ ਵੀ ਪ੍ਰਦਰਸ਼ਨ ਕੀਤਾ ਗਿਆ—ਇਹ ਪੰਜਾਬ ਵਿਧਾਨ ਸਭਾ ਦੀਆਂ ਬਹੁ-ਭਾਸ਼ਾਈ ਬਹਿਸਾਂ ਲਈ ਭਾਰਤ ਦਾ ਪਹਿਲਾ ਆਵਾਜ਼-ਸਮਰੱਥ ਸਵਾਲ-ਜਵਾਬ ਪ੍ਰਣਾਲੀ ਹੈ।

ਸੈਮੀਨਾਰ ਵਿੱਚ ਆਈਆਈਟੀ ਮਦਰਾਸ, ਆਈਆਈਆਈਟੀ ਹੈਦਰਾਬਾਦ, ਸੀਡੈਕ ਮੁੰਬਈ ਅਤੇ ਜ਼ੈਂਡੋਲਾ ਦੇ ਖੋਜਕਰਤਾਵਾਂ ਵੱਲੋਂ ਤਕਨੀਕੀ ਪੇਸ਼ਕਾਰੀਆਂ ਵੀ ਦਿੱਤੀਆਂ ਗਈਆਂ, ਜਿਨ੍ਹਾਂ ਨੇ ਭਾਰਤ ਵਿੱਚ ਏਆਈ-ਆਧਾਰਿਤ ਪਹੁੰਚਯੋਗਤਾ ਤਕਨੀਕਾਂ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਵਾਤਾਵਰਣ ਨੂੰ ਉਜਾਗਰ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਰਿਸਰਚ ਸੈਂਟਰ ਦੇ ਡਾਇਰੈਕਟਰ ਡਾ. ਧਰਮਵੀਰ ਸ਼ਰਮਾ ਦੇ ਸੁਆਗਤੀ ਭਾਸ਼ਣ ਨਾਲ ਹੋਈ, ਜਿਸ ਵਿੱਚ ਉਨ੍ਹਾਂ ਨੇ ਕੇਂਦਰ ਵਿੱਚ ਚੱਲ ਰਹੀਆਂ ਭਾਸ਼ਿਨੀ ਨਾਲ ਸਬੰਧਤ ਖੋਜ ਗਤੀਵਿਧੀਆਂ ਦੀ ਜਾਣਕਾਰੀ ਸਾਂਝੀ ਕੀਤੀ। ਆਪਣੇ ਮੁੱਖ ਭਾਸ਼ਣ ਵਿੱਚ ਆਈਆਈਆਈਟੀ ਹੈਦਰਾਬਾਦ ਦੇ ਪ੍ਰੋ. ਸੀ. ਵੀ. ਜਵਾਹਰ ਨੇ ਦ੍ਰਿਸ਼ਟੀਹੀਣ ਵਿਅਕਤੀਆਂ ਲਈ ਏਆਈ ਅਤੇ ਉੱਭਰ ਰਹੀਆਂ ਤਕਨਾਲੋਜੀਆਂ ਵਿੱਚ ਹਾਲੀਆ ਤਰੱਕੀ, ਖਾਸ ਕਰਕੇ ਭਾਰਤੀ ਭਾਸ਼ਾਵਾਂ ਦੇ ਪਾਠ ਪਛਾਣ ਪ੍ਰਣਾਲੀ, 'ਤੇ ਚਾਨਣਾ ਪਾਇਆ। ਪ੍ਰੋਗਰਾਮ ਵਿੱਚ ਐਨਆਈਈਪੀਵੀਡੀ ਦੇਹਰਾਦੂਨ ਦੇ ਰਾਜੇਂਦਰ ਨੇਗੀ ਵੱਲੋਂ ਸਹਾਇਕ ਤਕਨੀਕਾਂ 'ਤੇ ਮਾਹਰ ਲੈਕਚਰ ਅਤੇ ਡਾ. ਜਸਵਿੰਦਰ ਸਿੰਘ ਬਰਾੜ (ਡੀਨ ਅਕਾਦਮਿਕਸ) ਦਾ ਪ੍ਰਧਾਨਗੀ ਭਾਸ਼ਣ ਵੀ ਸ਼ਾਮਲ ਸੀ।

# ਪਿੰਡਾਂ 'ਚ ਪਸ਼ੂਆਂ ਲਈ ਮੁਫ਼ਤ ਵੈਟਰਨਰੀ ਸੇਵਾਵਾਂ ਦਿੱਤੀਆਂ ਜਾਣਗੀਆਂ : ਡਾ ਬਲਬੀਰ ਸਿੰਘ

**ਪਟਿਆਲਾ/ਨਾਭਾ , 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਅੱਜ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿੰਡਾਂ ਵਿੱਚ ਵਿਕਾਸ ਦੀ ਨਵੀਂ ਲਹਿਰ ਨੂੰ ਹੋਰ ਤੇਜ਼ ਕਰਦਿਆਂ 12 ਪਿੰਡਾਂ ਵਿੱਚ ਲੱਖਾਂ ਰੁਪਏ ਦੇ ਵਿਕਾਸ ਚੈਕ ਵੰਡੇ। ਇਹ ਚੈਕ ਪਿੰਡ ਘਮਰੌਦਾ, ਲਾਲੋਦਾ, ਰੋਹਟੀ ਮੌੜਾ, ਹੀਆਣਾ ਕਲਾਂ, ਸ਼ਮਲਾ, ਕਨਸੂਹਾ ਕਲਾਂ, ਧਨੌਰਾ, ਕੈਰੀਅਰ ਇੰਕਲੇਵ, ਮਾਜਰੀ ਅਕਾਲੀਆਂ, ਕਲਵਾ, ਕਸੀਆਨਾ ਅਤੇ ਕਰਮਗੜ੍ਹ ਸਮੇਤ ਕਈ ਹੋਰ ਪਿੰਡਾਂ ਦੇ ਸਮੁੱਚੇ ਵਿਕਾਸ ਲਈ ਜਾਰੀ ਕੀਤੇ ਗਏ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਪਿੰਡਾਂ ਤੱਕ ਵਿਕਾਸ ਦੇ ਲਾਭ ਸਮਾਨ ਰੂਪ ਵਿੱਚ ਪਹੁੰਚਾਉਣਾ ਹੈ, ਤਾਂ ਜੋ ਹਰ ਪਿੰਡ ਵਧੀਆ ਸਹੂਲਤਾਂ ਨਾਲ ਖਿੜ ਸਕੇ। ਇਸ ਮੁਹਿੰਮ ਤਹਿਤ ਪਿੰਡਾਂ ਵਿੱਚ ਪੰਜ ਸਾਲ ਦੀ ਗਰੰਟੀ ਵਾਲੀਆਂ ਪੱਕੀਆਂ ਸੜਕਾਂ ਬਣਾਈਆਂ ਜਾਣਗੀਆਂ, ਨਵੀਆਂ ਪਾਈਪਾਂ ਲਗਾ ਕੇ ਪੀਣ ਵਾਲੇ ਪਾਣੀ ਦੀ ਸਹੂਲਤ ਮਜ਼ਬੂਤ ਕੀਤੀ ਜਾਵੇਗੀ ਅਤੇ ਨੌਜਵਾਨਾਂ ਲਈ ਖੇਡ ਦੇ ਮੈਦਾਨ, ਪਾਰਕ, ਜਿਮ ਅਤੇ ਸੈਰ-ਸਪਾਟੇ ਦੀਆਂ ਜਗ੍ਹਾ ਤਿਆਰ ਕੀਤੀਆਂ ਜਾਣਗੀਆਂ।

ਇਸ ਤੋਂ ਇਲਾਵਾ ਪਿੰਡਾਂ ਦੇ ਪੁਰਾਣੇ ਟੋਭਿਆਂ ਦੀ ਸਫਾਈ ਲਈ ਵੀ ਖਾਸ ਵੰਡ ਕੀਤੀ ਗਈ ਹੈ, ਤਾਂ ਜੋ ਸਫਾਈ ਵਿੱਚ ਸੁਧਾਰ ਹੋਵੇ।

ਇਸ ਮੌਕੇ ਸਿਹਤ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਸਰਕਾਰ ਸਿਰਫ ਵਿਅਕਤੀਆਂ ਦੀ ਸਿਹਤ ਹੀ ਨਹੀਂ, ਸਗੋਂ ਪਸ਼ੂ ਧਨ ਦੀ ਸਿਹਤ ਤੇ ਵੀ ਪੂਰਾ ਧਿਆਨ ਦੇ ਰਹੀ ਹੈ। ਪਿੰਡ-ਪਿੰਡ ਪਸ਼ੂਆਂ ਦੀ ਸੰਭਾਲ ਲਈ ਵੈਟਰਨਰੀ ਡਾਕਟਰ ਮੁਹੱਈਆ ਕਰਵਾਏ ਜਾਣਗੇ, ਜੋ ਪਸ਼ੂਆਂ ਨੂੰ ਮੁਫ਼ਤ ਦਵਾਈ ਪ੍ਰਦਾਨ ਕਰਨਗੇ।

ਸਿੱਖਿਆ ਖੇਤਰ ਵਿੱਚ ਸੁਧਾਰਾਂ ਦੀ ਗੱਲ ਕਰਦਿਆਂ ਸਿਹਤ ਮੰਤਰੀ ਨੇ ਐਲਾਨ ਕੀਤਾ ਕਿ ਸਕੂਲੀ ਬੱਚਿਆਂ ਨੂੰ ਸਕੂਲ ਜਾਣ ਆਉਣ ਲਈ ਈ- ਰਿਕਸ਼ਾ ਸਹੂਲਤ ਮੁਹੱਈਆ ਕਰਵਾਈ ਜਾਵੇਗੀ, ਤਾਂ ਜੋ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾ ਨਾ ਰਹੇ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪਿੰਡਾਂ ਦੀਆਂ ਔਰਤਾਂ ਨੂੰ ਅਚਾਰ-ਮੁਰੱਬੇ, ਮੱਕੀ ਦੀ ਰੋਟੀ, ਸਾਗ, ਬੜੀਆਂ ਆਦਿ ਵਰਗੇ ਘਰੇਲੂ ਉਤਪਾਦ ਵੇਚਣ ਲਈ ਖਾਸ ਜਗ੍ਹਾਂ ਮੁਹੱਈਆ ਕਰਵਾਈ ਜਾਵੇਗੀ, ਤਾਂ ਜੋ ਉਹ ਆਤਮਨਿਰਭਰ ਬਣ ਸਕਣ ਤੇ ਘਰੇਲੂ ਆਮਦਨ ਵਿੱਚ ਵਾਧਾ ਹੋ ਸਕੇ। ਇਸ ਤੋਂ ਇਲਾਵਾ ਪਿੰਡਾਂ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਵੀ ਮੁਹੱਈਆ ਕਰਵਾਏ ਜਾਣਗੇ। ਓਹਨਾ ਕਿਹਾ ਕਿ ਪੰਜਾਬ ਸਰਕਾਰ ਦਾ ਸੁਪਨਾ ਹੈ ਕਿ ਹਰ ਨੌਜਵਾਨ ਆਪਣੇ ਪਿੰਡ ਵਿੱਚ ਹੀ ਰੋਜ਼ਗਾਰ ਪ੍ਰਾਪਤ ਕਰੇ ਅਤੇ ਪਰਿਵਾਰ ਦੀ ਆਰਥਿਕਤਾ ਵਿੱਚ ਯੋਗਦਾਨ ਪਾਏ।

# ਪੰਜਾਬ ਦੇ ਮੁੱਖ ਮੰਤਰੀ ਨੇ ਹਰਿਆਣਾ ਦੇ ਬਾਸਕਟਬਾਲ ਖਿਡਾਰੀ ਹਾਰਦਿਕ ਰਾਠੀ ਦੇ ਪਰਿਵਾਰ ਨਾਲ ਦੁੱਖ ਵੰਡਾਇਆ

**ਲਖਨ ਮਾਜਰਾ (ਰੋਹਤਕ), 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ 16 ਸਾਲਾ ਕੌਮੀ ਬਾਸਕਟਬਾਲ ਖਿਡਾਰੀ ਹਾਰਦਿਕ ਰਾਠੀ ਦੇ ਪਰਿਵਾਰ ਨਾਲ ਦੁੱਖ ਵੰਡਾਇਆ ਜਿਸ ਦੀ ਬੀਤੇ ਦਿਨ ਪਿੰਡ ਦੇ ਖੇਡ ਮੈਦਾਨ ਵਿੱਚ ਅਭਿਆਸ ਦੌਰਾਨ ਅਚਾਨਕ ਬਾਸਕਟ ਬਾਲ ਦਾ ਪੋਲ ਡਿੱਗਣ ਕਾਰਨ ਮੌਤ ਹੋ ਗਈ ਸੀ।



ਇਸ ਘਟਨਾ ਨੂੰ ਪੂਰੇ ਦੇਸ਼ ਲਈ ਸ਼ਰਮਨਾਕ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਘਟਨਾ ਨਾਲ ਪੂਰਾ ਖੇਡ ਜਗਤ ਸਦਮੇ ਵਿੱਚ ਹੈ। ਉਨ੍ਹਾਂ ਕਿਹਾ ਕਿ ਰਾਠੀ ਦੇ ਮਾਪਿਆਂ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਅਭਿਆਸ ਕਰਨ ਗਏ ਪੁੱਤ ਦੀ ਲਾਸ਼ ਘਰ ਆਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਖੇਡਾਂ ਨਾਲ ਪਿਆਰ ਹੈ ਜਿਸ ਕਰਕੇ ਉਹ ਮ੍ਰਿਤਕ ਖਿਡਾਰੀ ਦੇ ਪਰਿਵਾਰ ਨਾਲ ਦੁੱਖ ਦੀ ਇਸ ਘੜੀ ਵਿੱਚ ਅਫਸੋਸ ਕਰਨ ਆਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਪਿੰਡ ਵਾਸੀਆਂ ਨੇ ਬਾਸਕਟਬਾਲ ਮੈਦਾਨ ਦੀ ਖਸਤਾ ਹਾਲਤ ਬਾਰੇ ਕਈ ਵਾਰ ਸ਼ਿਕਾਇਤਾਂ ਵੀ ਦਿੱਤੀਆਂ ਸਨ ਪਰ ਕਿਸੇ ਨੇ ਧਿਆਨ ਨਹੀਂ ਦਿੱਤਾ ਜਿਸ ਕਰਕੇ ਹਰਿਆਣਾ ਸਰਕਾਰ ਨੂੰ ਇਸ ਲਾਪਰਵਾਹੀ ਲਈ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਪੀੜਤ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਢੁਕਵਾਂ ਮੁਆਵਜ਼ਾ ਦੇਣ ਦੀ ਮੰਗ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਹਾਦਸੇ ਨੇ ਹਰਿਆਣਾ ਵਿੱਚ ਖਸਤਾ ਹਾਲ ਖੇਡ ਢਾਂਚੇ ਦੀ ਪੋਲ ਖੋਲ੍ਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਭਾਵੇਂ ਖੇਡਾਂ ਦੇ ਮਜ਼ਬੂਤ ਬੁਨਿਆਦੀ ਢਾਂਚੇ ਬਾਰੇ ਵੱਡੇ ਦਾਅਵੇ ਕਰਦੀ ਹੈ ਪਰ ਜ਼ਮੀਨੀ ਪੱਧਰ 'ਤੇ ਹਾਲਤ ਬਦ ਤੋਂ ਵੀ ਬਦਤਰ ਹੈ। ਉਨ੍ਹਾਂ ਕਿਹਾ ਕਿ ਇਸ ਪਿੰਡ ਦੇ 47 ਤੋਂ ਵੱਧ ਖਿਡਾਰੀ ਕੌਮੀ ਜਾਂ ਕੌਮਾਂਤਰੀ ਪੱਧਰ 'ਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ ਪਰ ਇਸ ਦੇ ਬਾਵਜੂਦ ਹਰਿਆਣਾ ਸਰਕਾਰ ਨੇ ਇਸ ਪਿੰਡ ਦੇ ਖੇਡ ਮੈਦਾਨ ਵਿੱਚ ਕੋਈ ਸਹੂਲਤ ਨਹੀਂ ਦਿੱਤੀ ਜਿਸ ਕਰਕੇ ਇਹ ਹਾਦਸਾ ਵਾਪਰਿਆ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਦੁੱਖ ਦੀ ਗੱਲ ਹੈ ਕਿ ਖੇਡ ਮੈਦਾਨ ਦੇ ਸੁਧਾਰ ਲਈ ਫੰਡ ਵੀ ਜਾਰੀ ਹੋ ਚੁੱਕੇ ਹਨ ਪਰ ਅਜੇ ਤੱਕ ਇਕ ਪੈਸਾ ਵੀ ਨਹੀਂ ਖਰਚਿਆ ਗਿਆ ਜਿਸ ਲਈ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਹਰਿਆਣਾ ਵਿੱਚ ਬਹਾਦਰਗੜ੍ਹ ਵਿੱਚ ਬਾਸਕਟਬਾਲ ਪੋਲ ਡਿੱਗਣ ਕਾਰਨ 15 ਸਾਲਾ ਖਿਡਾਰੀ ਅਮਨ ਕੁਮਾਰ ਦੀ ਮੌਤ 'ਤੇ ਵੀ ਦੁੱਖ ਜ਼ਾਹਰ ਕਰਦਿਆਂ ਲੋੜੀਂਦੀ ਕਾਰਵਾਈ ਕਰਨ ਦੀ ਮੰਗ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਖੇਡ ਮੰਤਰਾਲੇ ਨੂੰ ਦੇਸ਼ ਦੇ ਖੇਡ ਮੈਦਾਨਾਂ ਦੀ ਮੌਜੂਦਾ ਹਾਲਤ ਦਾ ਪਤਾ ਲਾਉਣ ਸਾਰੇ ਸੂਬਿਆਂ ਪਾਸੋਂ ਰਿਪੋਰਟ ਮੰਗਣੀ ਚਾਹੀਦੀ ਹੈ ਤਾਂ ਕਿ ਭਵਿੱਖ ਵਿੱਚ ਅਜਿਹੀ ਕੋਈ ਘਟਨਾ ਨਾ ਵਾਪਰੇ। ਉਨ੍ਹਾਂ ਕਿਹਾ ਕਿ ਇਕ ਪਾਸੇ ਸਾਲ 2030 ਵਿੱਚ ਭਾਰਤ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰ ਰਿਹਾ ਹੈ ਜਦਕਿ ਦੂਜੇ ਪਾਸੇ ਮਾੜੇ ਖੇਡ ਢਾਂਚੇ ਕਾਰਨ ਖੇਡ ਜਗਤ ਦੇ ਹੀਰੇ ਗੁਆ ਰਹੇ ਹਾਂ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਅਜਿਹੀਆਂ ਘਟਨਾਵਾਂ ਨੂੰ ਵਿਚਾਰਨ ਦੀ ਲੋੜ ਹੈ ਕਿ ਅਸੀਂ ਵਿਸ਼ਵ ਖੇਡ ਮੁਕਾਬਲੇ ਕਰਵਾਉਣ ਦੇ ਯੋਗ ਹਾਂ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਲਈ 1194 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਭਰ ਵਿੱਚ 3100 ਤੋਂ ਵੱਧ ਅਤਿ-ਆਧੁਨਿਕ ਸਟੇਡੀਅਮ ਬਣਾਉਣ ਲਈ ਪ੍ਰਾਜੈਕਟ ਲਾਗੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਲਈ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਨੇ ਖੇਡਾਂ ਦਾ ਬਜਟ ਵਧਾ ਕੇ ਇਕ ਹਜ਼ਾਰ ਕਰੋੜ ਰੁਪਏ ਕਰ ਦਿੱਤਾ ਹੈ। ਇਸੇ ਤਰ੍ਹਾਂ ਉੱਭਰਦੇ ਖਿਡਾਰੀਆਂ ਨੂੰ ਕੌਮੀ ਤੇ ਕੌਮਾਂਤਰੀ ਮੁਕਾਬਲਿਆਂ ਲਈ ਤਿਆਰ ਕਰਨ ਵਾਸਤੇ ਲਗਾਤਾਰ ਤਿੰਨ ਸਾਲ ਖੇਡਾਂ ਵਤਨ ਪੰਜਾਬ ਦੀਆਂ ਕਰਵਾਈ ਜਾ ਚੁੱਕੀਆਂ ਹਨ ਜਿਸ ਵਿੱਚ ਲੱਖਾਂ ਖਿਡਾਰੀ ਹਿੱਸਾ ਲੈਂਦੇ ਹਨ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੁਰੂਗ੍ਰਾਮ ਵਿੱਚ ਟੇਸਲਾ ਇੰਡੀਆ ਮੋਟਰਸ ਦੇ ਦੇਸ਼ ਦੇ ਪਹਿਲੇ ਆਲ ਇਨ ਵਨ ਕੇਂਦਰ ਦਾ ਕੀਤਾ ਉਦਘਾਟਨ

**ਚੰਡੀਗੜ੍ਹ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਿਰਫ ਇੱਕ ਬਾਜ਼ਾਰ ਨਹੀਂ ਹੈ, ਇਹ ਮੈਨੂਫੈਕਚਰਿੰਗ ਦੀ ਮਹਾਸ਼ਕਤੀ ਹੈ। ਇਹ ਆਟੋਮੋਬਾਇਲ, ਆਈਟੀ ਅਤੇ ਹੋਰ ਉਦਯੋਗਾਂ ਦਾ ਵੱਡਾ ਕੇਂਦਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਟੇਸਲਾ ਭਾਰਤ ਵਿੱਚ ਆਪਣਾ ਪਹਿਲਾ ਇਲੈਕਟ੍ਰਿਕ ਵਾਹਨ ਮੈਨੂਫੈਕਚਰਿੰਗ ਪਲਾਂਟ ਹਰਿਆਣਾ ਵਿੱਚ ਹੀ ਸਥਾਪਿਤ ਕਰੇਗਾ ਅਤੇ ਟੇਸਲਾ ਦੀ ਹੋਰ ਸਬੰਧਿਤ ਇਕਾਈਆਂ ਵੀ ਇੱਥੇ ਲੱਗਣਗੀਆਂ।

ਮੁੱਖ ਮੰਤਰੀ ਵੀਰਵਾਰ ਨੂੰ ਗੁਰੂਗ੍ਰਾਮ ਵਿੱਚ ਟੇਸਲਾ ਇੰਡੀਆ ਮੋਟਰਸ ਦੇ ਦੇਸ਼ ਦੇ ਪਹਿਲੇ ਆਲ ਇਨ ਵਨ ਕੇਂਦਰ ਦਾ ਉਦਘਾਟਨ ਕਰਨ ਬਾਅਦ ਮੌਜੂਦ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ। ਪ੍ਰੋਗਰਾਮ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ, ਪਟੌਦੀ ਦੀ ਵਿਧਾਇਕ ਸ੍ਰੀਮਤੀ ਬਿਮਲਾ ਚੌਧਰੀ, ਸੋਹਨਾ ਦੇ ਵਿਧਾਇਕ ਸ੍ਰੀ ਤੇਜਪਾਲ ਤੰਵਰ, ਗੁਰੂਗ੍ਰਾਮ ਦੇ ਵਿਧਾਇਕ ਸ੍ਰੀ ਮੁਕੇਸ਼ ਸ਼ਰਮਾ ਵੀ ਮੌਜੂਦ ਰਹੇ।



ਮੁੱਖ ਮੰਤਰੀ ਨੇ ਟੇਸਲਾ ਇੰਡੀਆ ਮੋਟਰਸ ਦੇ ਕੇਂਦਰ ਦਾ ਉਦਘਾਟਨ ਕਰਨ ਦੇ ਬਾਅਦ ਆਪਣੇ ਸੰਬੋਧਨ ਵਿੱਚ ਕਿਹਾ ਕਿ ਹਰਿਆਣਾ ਵਿੱਚ ਉਦਯੋਗਾਂ ਦੀ ਕੋਸਟ ਆਫ ਡੂਇੰਗ ਬਿਜਨੈਸ ਨੂੰ ਘੱਟ ਕਰਨ ਲਈ ਹਰਿਆਣਾ ਸਰਕਾਰ ਲਗਾਤਾਰ ਯਤਨਸ਼ੀਲ ਹੈ। ਇੰਨ੍ਹਾਂ ਯਤਨਾਂ ਤਹਿਤ ਉਦਯੋਗਿਕ ਪਲਾਟਾਂ ਲਈ ਵਿਸ਼ੇਸ਼ ਲੀਜਿੰਗ ਪੋਲਿਸੀ ਬਣਾਈ ਗਈ ਹੈ। ਇਸੀ ਲੜੀ ਵਿੱਚ ਇੱਥੇ ਸਥਾਪਿਤ ਉਦਯੋਗਾਂ ਦੇ ਨਾਲ ਮਿਲ ਕੇ ਲੋਕਲ ਸਪਲਾਈ ਚੇਨ ਨੂੰ ਪ੍ਰੋਤਸਾਹਨ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਦੇਸ਼ੀ ਕੰਪਨੀਆਂ ਅਤੇ ਵਿਦੇਸ਼ਾਂ ਤੋਂ ਪ੍ਰਭਾਵਸ਼ਾਲੀ ਵਾਰਤਲਾਪ ਲਈ ਹਰਿਆਣਾ ਸਰਕਾਰ ਨੇ ਵਿਦੇਸ਼ ਸਹਿਯੋਗ ਵਿਭਾਗ ਦੀ ਸਥਾਪਨਾ ਕੀਤੀ ਹੈ ਜੋ ਵਿਦੇਸ਼ੀ ਨਿਵੇਸ਼ਕਾਂ ਦੇ ਨਾਲ ਲਗਾਤਾਰ ਸਹਿਯੋਗ ਸਥਾਪਿਤ ਕਰਨ ਦਾ ਕੰਮ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇ ਉਦਯੋਗਿਕ ਵਿਕਾਸ ਨੂੰ ਗਤੀ ਦੇਣ ਲਈ ਈਜ਼ ਆਫ ਡੂਇੰਗ ਬਿਜਨੈਸ ਦਾ ਇੱਕ ਇਕੋ-ਸਿਸਟਮ ਤਿਆਰ ਕੀਤਾ ਹੈ, ਜਿਸ ਦੇ ਚਲਦੇ ਹਰਿਆਣਾ ਈਜ਼ ਆਫ ਡੂਇੰਗ ਬਿਜਨੈਸ ਦੀ ਟਾਪ ਅਚੀਵਰਸ ਕੈਟੇਗਰੀ ਵਿੱਚ ਮੋਹਰੀ ਸਥਾਨ ਬਣਾ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਨੂੰ ਆਪਣੇ ਆਟੋਮੋਬਾਇਲ ਸੈਕਟਰ 'ਤੇ ਮਾਣ ਹੈ, ਜੋ ਭਾਰਤ ਵਿੱਚ ਸੱਭ ਤੋਂ ਵੱਧ ਯਾਤਰੀ ਕਾਰਾਂ ਦਾ ਨਿਰਮਾਣ ਕਰਦਾ ਹੈ।

**ਨਿਵੇਸ਼ ਤੇ ਉਦਯੋਗ ਹਿਤੈਸ਼ੀ ਨੀਤੀਆਂ ਦੇ ਨਾਲ ਹਰਿਆਣਾ ਬਣਿਆ ਆਸਾਂ ਅਤੇ ਮੌਕਿਆਂ ਦੀ ਧਰਤੀ, ਪਿਛਲੇ 11 ਸਾਲਾਂ ਵਿੱਚ ਨਿਰਯਾਤ ਵਿੱਚ ਹੋਈ 2 ਲੱਖ ਕਰੋੜ ਰੁਪਏ ਤੋਂ ਵੱਧ ਦਾ ਵਾਧਾ**

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸੂਬਾ ਅੱਜ ਆਪਣੀ ਵਿਸ਼ੇਸ਼ ਤੇ ਉਦਯੋਗ ਹਿਤੈਸ਼ੀ ਨੀਤੀਆਂ ਦੇ ਆਧਾਰ 'ਤੇ ਆਸਾਂ ਅਤੇ ਮੌਕਿਆਂ ਦੀ ਧਰਤੀ ਬਣ ਗਿਆ ਹੈ। ਅੱਜ ਸੂਬੇ ਦੀ ਗਿਣਤੀ ਦੇਸ਼ ਦੇ ਸਪੰਨ ਸੂਬਿਆਂ ਵਿੱਚ ਹੁੰਦੀ ਹੈ। ਦੇਸ਼ ਦੀ ਜੀਡੀਪੀ ਵਿੱਚ ਹਰਿਆਣਾ ਦੀ ਯੋਗਦਾਨ 3.6 ਫੀਸਦੀ ਹੈ। ਸਾਲ 2014 ਤੋਂ ਪਹਿਲਾਂ ਸੂਬੇ ਦਾ ਨਿਰਯਾਤ ਲਗਭਗ 70 ਹਜਾਰ ਕਰੋੜ ਰੁਪਏ ਤੱਕ ਸੀ, ਜੋ ਹੁਣ ਵੱਧ ਕੇ 2 ਲੱਖ 75 ਹਜਾਰ ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਉਦਯੋਗਾਂ ਨੂੰ ਲਾਜਿਸਟਿਕ ਸਹੂਲਤ ਦੇਣ ਵਿੱਚ ਦੇਸ਼ ਵਿੱਚ ਦੂਜੇ ਅਤੇ ਉੱਤਰ ਭਾਰਤ ਵਿੱਚ ਪਹਿਲੇ ਸਥਾਨ 'ਤੇ ਹੈ।

# ਐਸ.ਸੀ ਕੈਟਾਗਰੀ ਨਾਲ ਸਬੰਧਤ ਲਾਭਪਾਤਰੀਆਂ ਨੂੰ ਦਿੱਤੀ ਜਾਵੇਗੀ 2 ਹਫਤਿਆਂ ਦੀ ਮੁਫ਼ਤ ਡੇਅਰੀ ਸਿਖਲਾਈ

**ਬਠਿੰਡਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆ ਦੇ ਦਿਸ਼ਾ-ਨਿਰਦੇਸ਼ਾ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਸ਼੍ਰੀ ਕੁਲਦੀਪ ਸਿੰਘ ਜੱਸੋਵਾਲ ਦੀ ਯੋਗ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ/ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਐਸ.ਸੀ. ਲਾਭਪਾਤਰੀਆਂ ਨੂੰ 2 ਹਫਤਿਆਂ ਦੀ ਮੁਫਤ ਡੇਅਰੀ ਸਿਖਲਾਈ ਦੇਣ ਲਈ ਬੈਚ 01 ਦਸੰਬਰ ਨੂੰ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਸਰਦੂਲਗੜ ਵਿਖੇ ਚਲਾਇਆ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਵਿੰਦਰ ਸਿੰਘ ਸਿੱਧੂ ਨੇ ਸਾਂਝੀ ਕੀਤੀ।

ਉਨ੍ਹਾਂ ਅੱਗੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਿਖਲਾਈ ਸਕੀਮ ਤਹਿਤ ਸਿਖਲਾਈ ਕੇਵਲ ਉਨ੍ਹਾਂ ਵਿਅਕਤੀਆਂ ਨੂੰ ਹੀ ਦਿੱਤੀ ਜਾਵੇਗੀ, ਜੋ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੋਣਗੇ, ਜਿਨ੍ਹਾਂ ਦੀ ਉਮਰ 18 ਤੋਂ 50 ਸਾਲ ਦੇ ਦਰਮਿਆਨ ਹੋਵੇ ਅਤੇ ਦਿਹਾਤੀ ਏਰੀਏ ਦੇ ਰਹਿਣ ਵਾਲੇ ਹੋਣ ਅਤੇ ਉਹ ਘੱਟੋ-ਘੱਟ ਪੰਜਵੀਂ ਪਾਸ ਹੋਣ। ਸਿਖਿਆਰਥੀਆਂ ਲਈ ਚਾਹ-ਪਾਣੀ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਡੇਅਰੀ ਵਿਭਾਗ ਵੱਲੋਂ ਇਹ ਸਿਖਲਾਈ ਮੁਫਤ ਦਿੱਤੀ ਜਾ ਰਹੀ ਹੈ, ਸਿਖਲਾਈ ਉਪਰੰਤ ਪ੍ਰਤੀ ਸਿਖਿਆਰਥੀ ਨੂੰ 3500/- ਰੁਪਏ ਵਜੀਫਾ ਵੀ ਦਿੱਤਾ ਜਾਵੇਗਾ।

ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਵਿੰਦਰ ਸਿੰਘ ਸਿੱਧੂ ਨੇ ਅਨੁਸੂਚਿਤ ਜਾਤੀ ਨਾਲ ਸਬੰਧਤ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਸਿਖਲਾਈ ਕੋਰਸ ਦਾ ਪੂਰਾ ਲਾਹਾ ਲੈਣ ਅਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਕਮਰਾ ਨੰਬਰ 302-ਈ, ਦੂਸਰੀ ਮੰਜਿਲ, ਬਠਿੰਡਾ ਵਿਖੇ ਫਾਰਮ ਭਰ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆਂ ਜਾਂਦਾ ਹੈ ਕਿ ਸਫਲਤਾ ਪੂਰਵਕ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਸਿਖਿਆਰਥੀ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਲਾਭ ਉਠਾ ਸਕਦੇ ਹਨ। ਚਾਹਵਾਨ ਵਧੇਰੇ ਜਾਣਕਾਰੀ ਲਈ 99148-01227 'ਤੇ ਸੰਪਰਕ ਕਰ ਸਕਦੇ ਹਨ।

# ਸੀ.ਟੀ. ਯੂਨੀਵਰਸਿਟੀ ਵੱਲੋਂ ਇੰਡੋ-ਸ਼੍ਰੀਲੰਕਾ ਸਿਮਪੋਜ਼ੀਅਮ 2025 ਦਾ ਸਫਲ ਆਯੋਜਨ



**ਲੁਧਿਆਣਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ.ਟੀ. ਯੂਨੀਵਰਸਿਟੀ ਨੇ ਇੰਡੋ-ਸ਼੍ਰੀਲੰਕਾ ਸਿਮਪੋਜ਼ੀਅਮ 2025 ਦਾ ਸ਼ਾਨਦਾਰ ਅਤੇ ਸਫਲ ਆਯੋਜਨ ਕੀਤਾ। ਇਹ ਸਿਮਪੋਜ਼ੀਅਮ ਭਾਰਤ ਅਤੇ ਸ਼੍ਰੀਲੰਕਾ ਵਿਚਕਾਰ ਅਕਾਦਮਿਕ ਸਹਿਕਾਰਤਾ, ਸਾਂਸਕ੍ਰਿਤਿਕ ਅਦਲੇ-ਬਦਲੇ ਅਤੇ ਨੈਤਿਕ ਖੋਜ ਨੂੰ ਵਧਾਵਾ ਦੇਣ ਵੱਲ ਇਕ ਮਹੱਤਵਪੂਰਨ ਕਦਮ ਸਾਬਤ ਹੋਇਆ।

ਕਾਰਜਕ੍ਰਮ ਦੀ ਸ਼ੁਰੂਆਤ ਮਹਿਮਾਨ ਵਿਦਵਾਨਾ ਡਾ. ਕਲਪਨੀ ਰਤਨਾਇਕੇ ਅਤੇ ਡਾ. ਪ੍ਰਵੀਨ ਬੰਸਲ ਦੇ ਪਰੰਪਰਾਗਤ ਸੁਆਗਤ ਨਾਲ ਹੋਈ। ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ, ਵਾਈਸ ਚਾਂਸਲਰ ਡਾ. ਨਿਤਿਨ ਟੰਡਨ ਅਤੇ ਪ੍ਰੋ ਵਾਈਸ ਚਾਂਸਲਰ ਡਾ. ਸਿਮਰਨ ਕੌਰ ਗਿੱਲ ਨੇ ਸਿਮਪੋਜ਼ੀਅਮ ਦੀ ਅਹਿਮੀਅਤ ਉਤੇ ਰੌਸ਼ਨੀ ਪਾਈ ਅਤੇ ਸੀ.ਟੀ.ਯੂ. ਦੀ ਗਲੋਬਲ ਐਂਗੇਜਮੈਂਟ ਪ੍ਰਤੀ ਸਮਰਪਣ ਨੂੰ ਜ਼ਾਹਰ ਕੀਤਾ।

ਕੀਨੋਟ ਸੈਸ਼ਨਾਂ ਦੌਰਾਨ ਡਾ. ਕਲਪਨੀ ਰਤਨਾਇਕੇ ਨੇ ਘੱਟ-ਲਾਗਤ, ਨੈਤਿਕ ਅਤੇ ਟਿਕਾਊ ਖੋਜ ਤਰੀਕਿਆਂ 'ਤੇ ਚਰਚਾ ਕੀਤੀ, ਜਦਕਿ ਡਾ. ਪੁਨੀਤ ਨੇ ਭਾਰਤੀ ਪਰੰਪਰਾਗਤ ਦਵਾਈ ਦੇ ਵਿਗਿਆਨਕ ਮਹੱਤਵ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਪੋਸਟਰ ਅਤੇ ਔਰਲ ਪ੍ਰਜ਼ੈਂਟੇਸ਼ਨਾਂ ਵਿੱਚ ਨੌਜਵਾਨ ਖੋਜਕਾਰਾਂ ਨੇ ਭਰਪੂਰ ਜਜ਼ਬੇ ਨਾਲ ਹਿੱਸਾ ਲਿਆ। ਮੁਲਾਂਕਣ ਡਾ. ਸੁਮਿਤਾ ਸਿੰਘ ਅਤੇ ਡਾ. ਕੁਨਾਲ ਅਰੋੜਾ ਵੱਲੋਂ ਕੀਤਾ ਗਿਆ।

ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਕਿਹਾ ਕਿ ਅਜੇਹੇ ਮੰਚ ਅੰਤਰਰਾਸ਼ਟਰੀ ਖੋਜ ਅਤੇ ਸਹਿਕਾਰਤਾ ਲਈ ਨਵੇਂ ਦਰਵਾਜ਼ੇ ਖੋਲ੍ਹਦੇ ਹਨ। ਸਕੂਲ ਦੇ ਹੈਡ ਡਾ. ਵਿਰ ਵਿਕਰਮ ਨੇ ਇਸ ਸਿਮਪੋਜ਼ੀਅਮ ਨੂੰ ਨੈਤਿਕ ਖੋਜ ਅਤੇ ਅਕਾਦਮਿਕ ਏਕੀਕਰਨ ਵੱਲ ਇਕ ਮਹੱਤਵਪੂਰਨ ਕਦਮ ਕਰਾਰ ਦਿੱਤਾ।

ਸਾਰਿਆਂ ਦੀ ਭਾਗੀਦਾਰੀ ਨਾਲ ਇਹ ਸਿਮਪੋਜ਼ੀਅਮ ਜ਼ਬਰਦਸਤ ਤਰੀਕੇ ਨਾਲ ਸਫਲ ਰਿਹਾ ਤੇ ਗਲੋਬਲ ਗਿਆਨ-ਅਦਾਨ ਪ੍ਰਦਾਨ ਲਈ ਇੱਕ ਮਜ਼ਬੂਤ ਪਲੇਟਫਾਰਮ ਸਾਬਤ ਹੋਇਆ।

# ਸੂਬਾ ਸਰਕਾਰ ਪਿੰਡਾਂ ਦੀ ਨੁਹਾਰ ਬਦਲਣ ਲਈ ਲਈ ਤਤਪਰ : ਬਲਕਾਰ ਸਿੰਘ ਸਿੱਧੂ

**ਬਠਿੰਡਾ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਪਿੰਡਾਂ ਦੀ ਨੁਹਾਰ ਬਦਲਣ ਲਈ ਹਮੇਸ਼ਾ ਤਤਪਰ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਵਿਧਾਇਕ ਰਾਮਪੁਰਾ ਫੂਲ ਸ੍ਰੀ ਬਲਕਾਰ ਸਿੰਘ ਸਿੱਧੂ ਨੇ ਰੰਗਲਾ ਪੰਜਾਬ ਗ੍ਰਾਂਟ ਤਹਿਤ ਬਲਾਕ ਫੂਲ ਦੀਆਂ 33 ਪੰਚਾਇਤਾਂ ਨੂੰ 2,49,97,400 ਰੁਪਏ ਦੇ ਪ੍ਰਮਾਣ-ਪੱਤਰ ਸੌਂਪਣ ਉਪਰੰਤ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਗ੍ਰਾਂਟਾਂ ਪਿੰਡਾਂ ਦੀਆਂ ਗਲੀਆਂ-ਨਾਲੀਆਂ, ਪਿੰਡ ਦੀ ਫਿਰਨੀ, ਧਰਮਸ਼ਾਲਾ ਆਦਿ ਦੀ ਰਿਪੇਅਰ ਅਤੇ ਜਿੰਮ ਦੇ ਸਮਾਨ ਲਈ ਖਰਚ ਕੀਤੀ ਜਾਵੇਗੀ।

ਇਸ ਦੌਰਾਨ ਵਿਧਾਇਕ ਸ੍ਰੀ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਸੂਬਾ ਸਰਕਾਰ ਹਮੇਸ਼ਾ ਹੀ ਆਮ ਲੋਕਾਂ ਅਤੇ ਕਿਸਾਨ ਹਿਤੈਸ਼ੀ ਸਰਕਾਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਭ ਤੋਂ ਵੱਡੀ ਗੱਲ ਇਹ ਹੈ ਕਿ ਸੰਘਰਸ਼ੀਲ ਪਿਛੋਕੜ ਤੋਂ ਆਏ ਮੁੱਖ ਮੰਤਰੀ ਦੀ ਸਾਦਗੀ ਅਤੇ ਸਿੱਧੇਪਣ ਨੇ ਲੋਕਾਂ ਅਤੇ ਸਰਕਾਰ ਵਿੱਚਲੀ ਦੂਰੀ ਘਟਾਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਮ ਲੋਕਾਂ ਨੂੰ ਬਿਜਲੀ ਬਿਲਾਂ ਵਿੱਚ ਰਾਹਤ ਦੇ ਕੇ ਅਤੇ ਸਰਕਾਰੀ ਤੰਤਰ ਵਿੱਚ ਪਾਰਦਰਸ਼ਤਾ ਵਧਾ ਕੇ ਇਹ ਸਾਬਤ ਕੀਤਾ ਹੈ ਕਿ ਪੰਜਾਬ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ।

ਇਸ ਦੌਰਾਨ ਵਿਧਾਇਕ ਸ੍ਰੀ ਬਲਕਾਰ ਸਿੰਘ ਸਿੱਧੂ ਨੇ ਅੱਗੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਫੂਲ ਦੇ ਪਿੰਡ ਕੋਠੇ ਬਾਬਾ ਸੁੱਖਾਨੰਦ, ਗੁਰੂਸਰ, ਟੱਲਵਾਲੀ, ਗੁਰੂਸਰ ਮਹਿਰਾਜ, ਬੁਰਜ ਲੱਧਾ ਸਿੰਘ ਵਾਲਾ, ਕੱਲੋਕੇ, ਮਹਿਰਾਜ ਖੁਰਦ, ਕੋਠੇ ਮੱਲੂਆਣਾ, ਬੁਰਜ ਗਿੱਲ, ਰਥੜੀਆ, ਕੋਠੇ ਹਿੰਮਤਪੁਰਾ, ਘੰਢਾ ਬੰਨਾ, ਸੰਧੂ ਖੁਰਦ, ਢਪਾਲੀ, ਹਰਨਾਮ ਸਿੰਘ ਵਾਲਾ, ਰਾਈਆ, ਸਿਧਾਣਾ, ਭਾਈਰੂਪਾ ਖੁਰਦ, ਧਿੰਗੜ, ਸੇਲਬਰਾ, ਕੋਠੇ ਪਿਪਲੀ, ਫੁੱਲੇ ਵਾਲਾ, ਮਲੂਕਾ ਖੁਰਦ, ਕੋਇਰ ਸਿੰਘ ਵਾਲਾ, ਹਮੀਰਗੜ੍ਹ, ਰਾਮੂਵਾਲਾ, ਦਿਆਲਪੁਰਾ ਭਾਈਕਾ, ਬਸਤੀ ਸੁਰਜੀਤਪੁਰਾ, ਸਲਾਬਤਪੁਰਾ, ਨਿਓਰ, ਅਕਲੀਆਂ ਜਲਾਲ, ਰਾਜਗੜ ਖੁਰਦ ਅਤੇ ਪਿੰਡ ਗੁਮਟੀ ਕਲਾਂ ਦੀਆਂ ਪੰਚਾਇਤਾਂ ਸ਼ਾਮਿਲ ਹਨ।

ਇਸ ਮੌਕੇ ਸਮੂਹ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ 350ਵੀਂ ਸ਼ਹਾਦਤ ਦਾ ਸਨਮਾਨ ਕਰਨ ਵਿੱਚ ਹਰਿਆਣਾ ਪੂਰੇ ਦੇਸ਼ ਵਿੱਚ ਰਿਹਾ ਮੋਹਰੀ

ਹਰਿਆਣਾ ਰਾਜ ਨੇ 25 ਨਵੰਬਰ, 2025 ਨੂੰ ਕੁਰੂਕਸ਼ੇਤਰ ਦੇ ਜੋਤੀਸਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਮੌਕੇ @ਤੇ ਇੱਕ ਇਤਿਹਾਸਕ ਸਮਾਰੋਹ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵਿਰਾਸਤ ਨੂੰ ਯਾਦ ਕਰਕੇ ਪੂਰੇ ਦੇਸ਼ ਵਿੱਚ ਇੱਕ ਮਿਸਾਲੀ ਉਦਾਹਰਣ ਕਾਇਮ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ, ਜਿਨ੍ਹਾਂ ਨੇ ਅਧਿਆਤਮਿਕ ਸ਼ਰਧਾ ਅਤੇ ਰਾਸ਼ਟਰੀ ਲੀਡਰਸ਼ਿਪ ਨੂੰ ਇਕੱਠਾ ਇੱਕ ਮੰਚ ਉੱਤੇ ਲਿਆ ਕੇ ਖੜ੍ਹਾ ਕੀਤਾ। ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਨੌਵੇਂ ਸਿੱਖ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵਿਰਾਸਤ ਨੂੰ ਸਮਰਪਿਤ ਕਈ ਵੱਡੀਆਂ ਪਹਿਲਕਦਮੀਆਂ ਦਾ ਐਲਾਨ ਕੀਤਾ। ਮਾਣਯੋਗ ਮੁੱਖ ਮੰਤਰੀ ਅਤੇ ਵੱਖ-ਵੱਖ ਰਾਜ ਵਿਭਾਗਾਂ ਨੇ ਲੱਖਾਂ ਨਾਗਰਿਕਾਂ, ਵਿਦਿਆਰਥੀਆਂ, ਵਿਦਵਾਨਾਂ ਅਤੇ ਸੰਗਠਨਾਂ ਦੀ ਸਰਗਰਮ ਭਾਗੀਦਾਰੀ ਨਾਲ ਇਨ੍ਹਾਂ ਕੋਸ਼ਿਸ਼ਾਂ ਨੂੰ ਅੱਗੇ ਵਧਾਇਆ, ਜਿਸ ਨਾਲ ਹਰਿਆਣਾ ਗੁਰੂ ਸਾਹਿਬ ਦੇ ਕੁਰਬਾਨੀ, ਆਜ਼ਾਦੀ ਅਤੇ ਵਿਸ਼ਵਵਿਆਪੀ ਭਾਈਚਾਰੇ ਦੇ ਮੁੱਲਾਂ ਲਈ ਫਿਰਕੂ ਸਦਭਾਵਨਾ ਅਤੇ ਸਤਿਕਾਰ ਦੀ ਇੱਕ ਵਿਲੱਖਣ ਉਦਾਹਰਣ ਬਣ ਗਿਆ ਹੈ। ਵਿਦਿਅਕ ਪ੍ਰੋਗਰਾਮਾਂ ਅਤੇ ਖੂਨਦਾਨ ਮੁਹਿੰਮਾਂ ਤੋਂ ਲੈ ਕੇ ਰਾਜ ਪੱਧਰੀ ਯਾਤਰਾਵਾਂ , ਰੇਤ ਕਲਾ ਪ੍ਰਦਰਸ਼ਨੀਆਂ, ਸੈਮੀਨਾਰਾਂ, ਲਾਈਟ ਐਂਡ ਸਾਊਂਡ ਸ਼ੋਅ ਅਤੇ ਯਾਦਗਾਰੀ ਸਰਕਾਰੀ ਘੋਸ਼ਣਾਵਾਂ ਤੱਕ, ਮਹੀਨਾ ਭਰ ਚੱਲਣ ਵਾਲੀ ਯਾਦਗਾਰੀ ਮੁਹਿੰਮ ਨੇ ਸਿੱਖ ਵਿਰਾਸਤ ਨੂੰ ਸਾਰਥਕ ਤਰੀਕੇ ਨਾਲ ਸੁਰੱਖਿਅਤ ਰੱਖਣ ਲਈ ਰਾਜ ਦੀ ਵਚਨਬੱਧਤਾ ਨੂੰ ਦਰਸਾਇਆ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਯਾਦਗਾਰੀ ਸ਼ਹੀਦੀ ਦਿਵਸ ਦਾ ਮੁੱਖ ਆਕਰਸ਼ਣ ਗੁਰੂ ਸਾਹਿਬ ਜੀ ਨੂੰ ਸਮਰਪਿਤ 'ਇੱਕ ਡਾਕ ਟਿਕਟ ਅਤੇ ਯਾਦਗਾਰੀ ਸਿੱਕਾ' ਜਾਰੀ ਕਰਨਾ ਅਤੇ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ @ਤੇ ਇੱਕ ਸੁੰਦਰ ਢੰਗ ਨਾਲ ਤਿਆਰ ਕੀਤੀ ਗਈ 'ਕਾਫੀ ਟੇਬਲ ਬੁੱਕ' ਨੂੰ ਜਾਰੀ ਕਰਨਾ ਸੀ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਇਤਿਹਾਸਕ ਦਸਤਾਵੇਜ਼ ਵਜੋਂ ਕੰਮ ਕਰੇਗੀ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਇੱਕ ਮਤਾ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ। ਇਸ ਮਤੇ ਨੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਵਿੱਚ ਗੁਰੂ ਸਾਹਿਬ ਜੀ ਦੇ ਵਿਲੱਖਣ ਯੋਗਦਾਨ ਨੂੰ ਰਸਮੀ ਤੌਰ @ਤੇ ਮਾਨਤਾ ਦੇ ਕੇ ਆਉਣ ਵਾਲੀਆਂ ਪਹਿਲਕਦਮੀਆਂ ਲਈ ਸੁਰ ਤੈਅ ਕੀਤਾ। ਹਰਿਆਣਾ ਨੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ, ਵਿਰਾਸਤ ਅਤੇ ਸਰਵਉੱਚ ਸ਼ਹਾਦਤ ਨੂੰ ਸਮਰਪਿਤ ਰਾਜ ਪੱਧਰੀ ਪਹਿਲਕਦਮੀਆਂ ਦੀ ਇੱਕ ਬੇਮਿਸਾਲ ਸਤਿਕਾਰਯੋਗ ਲੜੀ ਵੇਖੀ ਹੈ। 1 ਨਵੰਬਰ, 2025 ਨੂੰ ਪੰਚਕੂਲਾ ਵਿੱਚ ਇੱਕ ਮੈਗਾ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਤੋਂ ਬਾਅਦ ਹਰਿਆਣਾ ਭਰ ਵਿੱਚ 350 ਖੂਨਦਾਨ ਕੈਂਪ ਲਗਾਏ ਗਏ। ਇਹ ਕੈਂਪ ਸਮੂਹਿਕ ਤੌਰ @ਤੇ ਸੇਵਾ ਦੀ ਭਾਵਨਾ ਨੂੰ ਦਰਸਾਉਂਦੇ ਹਨ ਜੋ ਸਿੱਖ ਸੇਵਾ ਸੰਕਲਪ ਦੀ ਨੀਂਹ ਬਣਾਉਂਦੇ ਹਨ। ਅੱਜ ਤੱਕ, ਲਗਭਗ 27,000 ਯੂਨਿਟ ਖੂਨ ਇਕੱਠਾ ਕੀਤਾ ਗਿਆ ਹੈ, ਜਿਸ ਨਾਲ ਇਹ ਰਾਜ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਸਵੈ-ਸੇਵਕ-ਸੰਚਾਲਿਤ ਸਿਹਤ ਸੰਭਾਲ ਮੁਹਿੰਮਾਂ ਵਿੱਚ ਇੱਕ ਮਿਸਾਲ ਬਣ ਗਿਆ ਹੈ। ਨੌਜਵਾਨਾਂ ਦੇ ਮਨਾਂ ਨੂੰ ਪ੍ਰੇਰਿਤ ਕਰਨ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੀ ਸਮਝ ਪੈਦਾ ਕਰਨ ਲਈ, ਰਾਜ ਨੇ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਇੱਕ ਵੱਡੇ ਪੱਧਰ @ਤੇ ਲੇਖ-ਲਿਖਣ ਮੁਕਾਬਲੇ ਦਾ ਆਯੋਜਨ ਕੀਤਾ। 3.5 ਲੱਖ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਨ੍ਹਾਂ ਨੇ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਸੰਸਕ੍ਰਿਤ ਵਿੱਚ ਲੇਖ ਲਿਖੇ। ਇਸ ਬਹੁ-ਭਾਸ਼ਾਈ ਪਹੁੰਚ ਨੇ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਅਤੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀ ਵਿਰਾਸਤ ਨਾਲ ਡੂੰਘਾਈ ਨਾਲ ਜੁੜਨ ਵਿੱਚ ਮਦਦ ਕੀਤੀ। 3 ਨਵੰਬਰ, 2025 ਨੂੰ, ਹਰੇਕ ਜ਼ਿਲ੍ਹੇ ਦੇ 350 ਵਿਦਿਆਰਥੀਆਂ ਨੇ ÷ਸੁਣੋ ਕਹਾਣੀ ਗੁਰੂ ਤੇਗ ਬਹਾਦਰ ਕੇ÷ ਪ੍ਰੋਗਰਾਮ ਵਿੱਚ ਹਿੱਸਾ ਲਿਆ, ਜਿਸ ਵਿੱਚ ਗੁਰੂ ਸਾਹਿਬ ਜੀ ਦੇ ਜੀਵਨ ਦੀਆਂ ਕਹਾਣੀਆਂ ਸੁਣਾਈਆਂ ਗਈਆਂ। ਇਸ ਪਲੇਟਫਾਰਮ ਨੇ ਵਿਦਿਆਰਥੀਆਂ ਨੂੰ ਕਹਾਣੀ ਸੁਣਾਉਣ ਦੇ ਮਾਧਿਅਮ ਨਾਲ ਸਿੱਖਣ ਲਈ ਉਤਸ਼ਾਹਿਤ ਕੀਤਾ, ਜਿਸ ਨਾਲ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦੁਆਰਾ ਪੈਦਾ ਹੋਇਆ ਸਾਹਸ, ਦਇਆ ਅਤੇ ਦ੍ਰਿੜਤਾ ਦੀਆਂ ਕਦਰਾਂ-ਕੀਮਤਾਂ ਨੂੰ ਮੁੜ ਜਾਗਰਿਤ ਕੀਤਾ ਗਿਆ। ਪਹਿਲੀ ਯਾਤਰਾ 8 ਨਵੰਬਰ ਨੂੰ ਰੋੜੀ, ਸਿਰਸਾ ਤੋਂ ਸ਼ੁਰੂ ਹੋਈ, ਇਸ ਤੋਂ ਬਾਅਦ ਸੀਡੀਐਲਯੂ ਸਿਰਸਾ ਵਿਖੇ ਇੱਕ ਰਾਸ਼ਟਰੀ ਸੈਮੀਨਾਰ ਹੋਇਆ, ਜਿੱਥੇ ਮਾਨਯੋਗ ਮੁੱਖ ਮੰਤਰੀ ਨੇ ਗੁਰੂ ਤੇਗ ਬਹਾਦਰ ਰਿਸਰਚ ਚੇਅਰ ਬਣਾਉਣ ਦਾ ਐਲਾਨ ਕੀਤਾ। 9 ਨਵੰਬਰ ਨੂੰ ਕਰਨਾਲ ਵਿੱਚ ਹਿੰਦ ਦੀ ਚਾਦਰ ਦੌੜ ਵਿੱਚ , 50,000 ਤੋਂ ਵੱਧ ਨੌਜਵਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਜੋ ਗੁਰੂ ਸਾਹਿਬ ਦੇ ਸੰਦੇਸ਼ ਪ੍ਰਤੀ ਸਾਰਿਆਂ ਦੇ ਸਤਿਕਾਰ ਅਤੇ ਜਨੂੰਨ ਨੂੰ ਦਿਖਾਉਂਦਾ ਹੈ। ਦੂਜੀ ਸ਼ਹੀਦੀ ਯਾਤਰਾ 11 ਨਵੰਬਰ ਨੂੰ ਪਿੰਜੌਰ ਤੋਂ ਸ਼ੁਰੂ ਹੋਈ, ਉਸੇ ਦਿਨ ਸਰਕਾਰੀ ਪੌਲੀਟੈਕਨਿਕ ਕਾਲਜ, ਅੰਬਾਲਾ ਦਾ ਨਾਮ ਬਦਲ ਕੇ ਗੁਰੂ ਤੇਗ ਬਹਾਦਰ ਪੌਲੀਟੈਕਨਿਕ ਕਾਲਜ, ਅੰਬਾਲਾ ਰੱਖਿਆ ਗਿਆ। 14 ਨਵੰਬਰ ਨੂੰ ਤੀਜੀ ਸ਼ਹੀਦੀ ਯਾਤਰਾ ਫਰੀਦਾਬਾਦ ਤੋਂ ਸ਼ੁਰੂ ਹੋਈ, ਜਿਸ ਨੂੰ ਕੇਂਦਰੀ ਕੈਬਨਿਟ ਮੰਤਰੀ ਸ਼੍ਰੀ ਮਨੋਹਰ ਲਾਲ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਨਾਲ ਹੀ ਟੋਹਾਣਾ-ਜੀਂਦ-ਧਮਧਨ ਸਾਹਿਬ ਸੜਕ ਦਾ ਨਾਮ ਬਦਲ ਕੇ ਗੁਰੂ ਤੇਗ ਬਹਾਦਰ ਮਾਰਗ ਰੱਖਿਆ ਗਿਆ ਅਤੇ ਗੁਰੂ ਸਾਹਿਬ ਦੇ ਸੀਸ ਦੀ ਰੱਖਿਆ ਦੇ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਕੁਸ਼ਲ ਸਿੰਘ ਦਹੀਆ ਦੇ ਸਨਮਾਨ ਵਿੱਚ ਬਡਖਾਲਸਾ ਵਿਖੇ ਇੱਕ ਰਾਜ ਪੱਧਰੀ ਸਮਾਗਮ ਆਯੋਜਿਤ ਕੀਤਾ ਗਿਆ । 18 ਨਵੰਬਰ ਨੂੰ, ਚੌਥੀ ਸ਼ਹੀਦੀ ਯਾਤਰਾ ਸਿਡੋਰਾ, ਯਮੁਨਾ ਨਗਰ ਤੋਂ ਸ਼ੁਰੂ ਹੋਈ, ਜਿੱਥੇ ਮਾਨਯੋਗ ਮੁੱਖ ਮੰਤਰੀ ਨੇ ÷ਗੁਰੂ ਤੇਗ ਬਹਾਦਰ ਵਣ÷ ਦੀ ਨੀਂਹ ਰੱਖੀ ਅਤੇ ਗੁਰੂ ਤੇਗ ਬਹਾਦਰ ਐਗਰੀਕਲਚਰ ਕਾਲਜ ਦੀ ਸਥਾਪਨਾ ਦਾ ਐਲਾਨ ਕੀਤਾ, ਜਿਸ ਨਾਲ ਅਕਾਦਮਿਕ ਅਤੇ ਵਾਤਾਵਰਣ ਦੇ ਖੇਤਰਾਂ ਵਿੱਚ ਗੁਰੂ ਦੀ ਵਿਰਾਸਤ ਨੂੰ ਮਜ਼ਬੂਤੀ ਮਿਲੀ। ਚਾਰੋਂ ਯਾਤਰਾਵਾਂ 24 ਨਵੰਬਰ ਨੂੰ ਕੁਰੂਕਸ਼ੇਤਰ ਵਿੱਚ ਸਮਾਪਤ ਹੋਈਆਂ। ਇਹ ਯਾਦਗਾਰੀ ਲੜੀ 25 ਨਵੰਬਰ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਸ਼ਾਨਦਾਰ ਸਮਾਗਮ ਨਾਲ ਸਮਾਪਤ ਹੋਈ, ਜਿਸ ਵਿੱਚ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਸ਼ਿਰਕਤ ਕੀਤੀ, ਜਿਸ ਨਾਲ ਇਸਦੀ ਰਾਸ਼ਟਰੀ ਮਹੱਤਤਾ ਹੋਰ ਵਧ ਗਈ। ਇਹ ਗੱਲ ਧਿਆਨ ਦੇਣ ਯੋਗ ਹੈ ਕਿ 2014 ਤੋਂ ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ, ਸ਼੍ਰੀ ਮਨੋਹਰ ਲਾਲ ਨੇ ਵੱਡੇ ਸਿੱਖ ਧਾਰਮਿਕ ਸਮਾਗਮਾਂ ਵਿਚ ਹਿੱਸਾ ਲੈ ਕੇ ਵਿਰਾਸਤੀ ਸਥਾਨਾਂ ਨੂੰ ਉਤਸ਼ਾਹਿਤ ਕਰ ਕੇ ਅਤੇ ਸਿੱਖ ਇਤਿਹਾਸ ਨਾਲ ਜੁੜੀਆਂ ਸੰਸਥਾਵਾਂ ਨੂੰ ਆਪਣੇ ਨਾਲ ਜੋੜਨ ਲਈ ਲਗਾਤਾਰ ਕਦਮ ਚੁੱਕੇ ਹਨ। ਉਨ੍ਹਾਂ ਦਾ ਦ੍ਰਿਸ਼ਟੀਕੋਣ ਨਾ ਸਿਰਫ਼ ਜਸ਼ਨਾਂ ਦੁਆਰਾ, ਸਗੋਂ ਇਮਾਨਦਾਰ ਜਨਤਕ ਸੇਵਾ, ਵਿਕਾਸ ਯਤਨਾਂ ਅਤੇ ਸੰਸਥਾਗਤ ਸਮਰਥਨ ਦੁਆਰਾ ਵੀ ਦਰਸਾਇਆ ਗਿਆ ਸੀ। ਇਸ ਪਰੰਪਰਾ ਨੂੰ ਮੌਜੂਦਾ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੁਆਰਾ ਪੂਰੇ ਦਿਲ ਨਾਲ ਅੱਗੇ ਵਧਾਇਆ ਗਿਆ ਹੈ, ਜਿਨ੍ਹਾਂ ਨੇ ਇਹ ਯਕੀਨੀ ਬਣਾਇਆ ਹੈ ਕਿ ਇਹ ਪਹਿਲਕਦਮੀਆਂ ਸਿੱਖ ਭਾਈਚਾਰੇ ਨਾਲ ਰਾਜ ਦੇ ਸਬੰਧਾਂ ਵਿੱਚ ਨਿਰੰਤਰਤਾ, ਸਤਿਕਾਰ ਅਤੇ ਵਿਕਾਸ ਨੂੰ ਦਰਸਾਉਂਦੀਆਂ ਹਨ। ਅੱਜ, ਹਰਿਆਣਾ ਸ਼ਾਇਦ ਪੰਜਾਬ ਤੋਂ ਬਾਅਦ ਇਕਲੌਤਾ ਅਜਿਹਾ ਰਾਜ ਹੈ ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵਿਰਾਸਤ ਨੂੰ ਵੱਡੇ ਪੱਧਰ @ਤੇ ਅਤੇ ਸੇਵਾ-ਮੁਖੀ ਪ੍ਰੋਗਰਾਮਾਂ ਰਾਹੀਂ ਸਨਮਾਨਿਤ ਕੀਤਾ ਗਿਆ ਹੈ। ਇਹ ਸਿਰਫ਼ ਸਮਾਗਮ ਨਹੀਂ ਹਨ ਸਗੋਂ ਭਾਈਚਾਰੇ ਦੀ ਭਲਾਈ ਅਤੇ ਸੇਵਾ, ਸਦਭਾਵਨਾ ਅਤੇ ਸਾਂਝੇ ਸੱਭਿਆਚਾਰਕ ਮਾਣ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਚਨਬੱਧ ਯਤਨ ਹਨ।

# ਦੋਸ਼ੀ ਨੇ ਪੁਲਿਸ ਪਾਰਟੀ ਤੇ ਕੀਤੀ ਗੋਲੀਬਾਰੀ, ਜਵਾਬੀ ਗੋਲੀਬਾਰੀ ਵਿੱਚ ਹੋਇਆ ਜ਼ਖਮੀ: ਡੀਆਈਜੀ ਬਾਰਡਰ ਰੇਂਜ ਸੰਦੀਪ ਗੋਇਲ

**ਬਟਾਲਾ,29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ, ਬਟਾਲਾ ਪੁਲਿਸ ਨੇ ਬਟਾਲਾ ਵਿੱਚ ਫਿਰੌਤੀ ਦੀ ਮੰਗ ਉਪਰੰਤ ਕੀਤੀ ਗੋਲੀਬਾਰੀ ਦੀ ਘਟਨਾ ਵਿੱਚ ਸ਼ਾਮਲ ਗੈਂਗਸਟਰ ਨਿਸ਼ਾਨ ਜੋਰੀਆਂ ਦੇ ਇੱਕ ਮੁੱਖ ਸਾਥੀ ਨੂੰ ਇੱਕ 9 ਐਮਐਮ ਗਲੌਕ ਪਿਸਤੌਲ ਸਮੇਤ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਲਵਜੀਤ ਸਿੰਘ ਉਰਫ਼ ਕਾਕਾ ਉਰਫ਼ ਕਵਲਜੀਤ ਵਾਸੀ ਵੈਰੋਵਾਲ ਬਾਵੀਆ, ਬਟਾਲਾ ਵਜੋਂ ਹੋਈ ਹੈ। ਪਿਸਤੌਲ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਸਦਾ ਮੋਟਰਸਾਈਕਲ ਜਿਸ 'ਤੇ ਉਹ ਸਵਾਰ ਸੀ, ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਨੇ ਆਪਣੇ ਸਾਥੀ ਨਾਲ ਮਿਲ ਕੇ 21 ਨਵੰਬਰ ਨੂੰ ਬਟਾਲਾ ਦੇ ਇੱਕ ਮੋਬਾਈਲ ਸਟੋਰ 'ਤੇ ਗੈਂਗਸਟਰ ਨਿਸ਼ਾਨ ਜੋਰੀਆਂ ਦੇ ਨਾਂ 'ਤੇ 2 ਕਰੋੜ ਰੁਪਏ ਦੀ ਫਿਰੌਤੀ ਮੰਗਣ ਤੋਂ ਬਾਅਦ ਗੋਲੀਬਾਰੀ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਅਤੇ ਫਿਰੌਤੀ ਦੀ ਸਾਜ਼ਿਸ਼ ਦੇ ਪਿੱਛੇ ਹੈਂਡਲਰਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।



ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਬਾਰਡਰ ਰੇਂਜ ਸੰਦੀਪ ਗੋਇਲ ਨੇ ਦੱਸਿਆ ਕਿ ਗੋਲੀਬਾਰੀ ਦੀ ਇਸ ਘਟਨਾ ਤੋਂ ਬਾਅਦ, ਮਾਮਲੇ ਦੀ ਜਾਂਚ ਲਈ ਐਸਪੀ ਇਨਵੈਸਟੀਗੇਸ਼ਨ ਗੁਰਪ੍ਰਤਾਪ ਸਿੰਘ ਸਹੋਤਾ ਦੀ ਨਿਗਰਾਨੀ ਹੇਠ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਮਨੁੱਖੀ ਅਤੇ ਤਕਨੀਕੀ ਜਾਂਚ ਉਪਰੰਤ ਪੁਲਿਸ ਟੀਮਾਂ ਨੇ ਦੋਸ਼ੀ ਵਿਅਕਤੀ ਨੂੰ ਉਸ ਸਮੇਂ ਰੋਕਿਆ ਜਦੋਂ ਉਹ ਆਪਣੇ ਮੋਟਰਸਾਈਕਲ 'ਤੇ ਪਿੰਡ ਕੁਦਾਵਾਲੀ ਤੋਂ ਆ ਰਿਹਾ ਸੀ।

ਡੀਆਈਜੀ ਨੇ ਦੱਸਿਆ ਕਿ ਕਾਰਵਾਈ ਦੌਰਾਨ, ਜਦੋਂ ਪੁਲਿਸ ਟੀਮਾਂ ਨੇ ਦੋਸ਼ੀ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀ ਨੇ ਪੁਲਿਸ ਪਾਰਟੀ 'ਤੇ ਗੋਲੀਬਾਰੀ ਕਰ ਦਿੱਤੀ। ਪੁਲਿਸ ਵੱਲੋਂ ਕੀਤੀ ਜਵਾਬੀ ਗੋਲੀਬਾਰੀ ਦੌਰਾਨ ਦੋਸ਼ੀ ਖੱਬੀ ਲੱਤ 'ਤੇ ਗੋਲੀ ਲੱਗਣ ਕਾਰਨ ਜਖਮੀ ਹੋ ਗਿਆ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਬਟਾਲਾ ਮਹਿਤਾਬ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਸਿਵਲ ਹਸਪਤਾਲ ਬਟਾਲਾ ਵਿਖੇ ਜ਼ੇਰੇ ਇਲਾਜ ਹੈ। ਉਨ੍ਹਾਂ ਅੱਗੇ ਕਿਹਾ ਕਿ ਗੋਲੀਬਾਰੀ ਦੀ ਘਟਨਾ ਵਿੱਚ ਸ਼ਾਮਲ ਬਾਕੀ ਮੁਲਜ਼ਮਾਂ ਨੂੰ ਫੜਨ ਲਈ ਪੁਲਿਸ ਟੀਮਾਂ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

ਇਸ ਸਬੰਧੀ, ਐਫਆਈਆਰ ਨੰਬਰ 216 ਮਿਤੀ 20/11/2025 ਨੂੰ ਥਾਣਾ ਸਿਟੀ ਬਟਾਲਾ ਵਿਖੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 308 (2) ਅਧੀਨ, ਐਫਆਈਆਰ ਨੰਬਰ 354 ਮਿਤੀ 21/11/2025 ਨੂੰ ਬੀਐਨਐਸ ਦੀ ਧਾਰਾ 109 ਅਤੇ 305 ਅਤੇ ਅਸਲਾ ਐਕਟ ਦੀ ਧਾਰਾ 25 ਅਧੀਨ ਅਤੇ ਐਫਆਈਆਰ ਨੰਬਰ 219 ਮਿਤੀ 27/11/2025 ਨੂੰ ਥਾਣਾ ਡੇਰਾ ਬਾਬਾ ਨਾਨਕ ਵਿਖੇ ਬੀਐਨਐਸ ਦੀ ਧਾਰਾ 109 ਅਤੇ ਅਸਲਾ ਐਕਟ ਦੀ ਧਾਰਾ 25 ਅਧੀਨ ਤਿੰਨ ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।

# ਕੈਬਨਿਟ ਮੰਤਰੀ ਡਾ. ਰਵਜੋਤ ਨੇ ਕੀਤਾ ਸੀ.ਐਚ.ਸੀ ਹਰਿਆਣਾ ਦਾ ਦੌਰਾ



**ਹੁਸ਼ਿਆਰਪੁਰ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਸੀ.ਐਚ.ਸੀ ਹਰਿਆਣਾ ਦਾ ਵਿਸ਼ੇਸ਼ ਦੌਰਾ ਕਰਕੇ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਸਿਹਤ ਵਿਭਾਗ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮਿਲ ਕੇ ਹਸਪਤਾਲ ਦੇ ਪ੍ਰਬੰਧਨ, ਸਟਾਫ਼ ਦੀ ਉਪਲਬਧਤਾ, ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਸੇਵਾਵਾਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ।

ਡਾ. ਰਵਜੋਤ ਸਿੰਘ ਨੇ ਹਸਪਤਾਲ, ਦਵਾਈ ਵੰਡ ਕੇਂਦਰ, ਐਮਰਜੈਂਸੀ ਸੇਵਾਵਾਂ, ਲੈਬ ਯੂਨਿਟ ਅਤੇ ਮਰੀਜ਼ ਵਾਰਡ ਦਾ ਨਿਰੀਖਣ ਕੀਤਾ ਅਤੇ ਸਬੰਧਤ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ, ਤਾਂ ਜੋ ਆਮ ਨਾਗਰਿਕ ਨੂੰ ਇਲਾਜ ਲਈ ਵੱਡੇ ਸ਼ਹਿਰਾਂ ਵਿੱਚ ਭੱਜਣਾ ਨਾ ਪਵੇ।

ਇਲਾਕਾ ਵਾਸੀਆਂ ਨੂੰ ਇੱਕ ਵੱਡਾ ਤੋਹਫ਼ਾ ਦੇਣ ਦਾ ਐਲਾਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜਲਦੀ ਹੀ ਸਿਹਤ ਵਿਭਾਗ, ਪੰਜਾਬ 30 ਬਿਸਤਰਿਆਂ ਵਾਲੀ ਇੱਕ ਨਵੀਂ ਅਤਿ-ਆਧੁਨਿਕ ਇਮਾਰਤ ਦੀ ਉਸਾਰੀ ਦਾ ਕੰਮ ਸ਼ੁਰੂ ਕਰੇਗਾ। ਇਹ ਇਮਾਰਤ ਮਰੀਜ਼ਾਂ ਦੀ ਗਿਣਤੀ ਅਤੇ ਖੇਤਰੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਧੁਨਿਕ ਡਾਕਟਰੀ ਉਪਕਰਣਾਂ, ਬਿਹਤਰ ਬੁਨਿਆਦੀ ਢਾਂਚੇ ਅਤੇ ਉੱਨਤ ਸਹੂਲਤਾਂ ਨਾਲ ਲੈਸ ਹੋਵੇਗੀ।

ਉਨ੍ਹਾਂ ਕਿਹਾ ਕਿ ਇਸ ਨਵੀਂ ਇਮਾਰਤ ਦੇ ਨਿਰਮਾਣ ਨਾਲ, ਹਰਿਆਣਾ ਅਤੇ ਆਲੇ ਦੁਆਲੇ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ, ਬਿਹਤਰ ਦਾਖਲਾ ਸਹੂਲਤਾਂ, ਸੁਚੱਜੇ ਢੰਗ ਨਾਲ ਸੰਗਠਿਤ ਵਾਰਡ, ਸਾਫ਼-ਸੁਥਰਾ ਮਾਹੌਲ ਅਤੇ ਸਮੇਂ ਸਿਰ ਡਾਕਟਰੀ ਲਾਭ ਮਿਲਣਗੇ। ਡਾ. ਰਵਜੋਤ ਨੇ ਇਸ ਵਿਕਾਸ ਯੋਜਨਾ ਲਈ ਹਲਕੇ ਦੇ ਵਸਨੀਕਾਂ ਨੂੰ ਵਧਾਈ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ।

ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਸਿਹਤ ਵਿਭਾਗ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮਿਲ ਕੇ ਹਸਪਤਾਲ ਦੇ ਪ੍ਰਬੰਧਨ, ਸਟਾਫ਼ ਦੀ ਉਪਲਬਧਤਾ, ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਸੇਵਾਵਾਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ ਡਾ. ਰਵਜੋਤ ਸਿੰਘ ਨੇ ਹਸਪਤਾਲ, ਦਵਾਈ ਵੰਡ ਕੇਂਦਰ, ਐਮਰਜੈਂਸੀ ਸੇਵਾਵਾਂ, ਲੈਬ ਯੂਨਿਟ ਅਤੇ ਮਰੀਜ਼ ਵਾਰਡ ਦਾ ਨਿਰੀਖਣ ਕੀਤਾ ਅਤੇ ਸਬੰਧਤ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ, ਤਾਂ ਜੋ ਆਮ ਨਾਗਰਿਕ ਨੂੰ ਇਲਾਜ ਲਈ ਵੱਡੇ ਸ਼ਹਿਰਾਂ ਵਿੱਚ ਭੱਜਣਾ ਨਾ ਪਵੇ। ਇਲਾਕਾ ਵਾਸੀਆਂ ਨੂੰ ਇੱਕ ਵੱਡਾ ਤੋਹਫ਼ਾ ਦੇਣ ਦਾ ਦਿੱਤੀ ਅਤੇ ਕਿਹਾ ਕਿ ਸੂਬਾ ਸਰਕਾਰ ਸਿਹਤ ਬੁਨਿਆਦੀ ਢਾਂਚੇ ਵਿੱਚ ਨਿਰੰਤਰ ਸੁਧਾਰ ਲਈ ਵਚਨਬੱਧ ਹੈ।

# ਗੈਂਗਸਟਰਾਂ/ਅਪਰਾਧੀਆਂ ਵਿਰੁੱਧ ਕਾਰਵਾਈ: ਅਪ੍ਰੈਲ 2022 ਤੋਂ ਪੰਜਾਬ ਵਿੱਚ 2536 ਗੈਂਗਸਟਰ/ਅਪਰਾਧੀ ਗ੍ਰਿਫ਼ਤਾਰ, 24 ਨੂੰ ਮਾਰ-ਮੁਕਾਇਆ

**ਚੰਡੀਗੜ੍ਹ, 29 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਠਿਤ ਅਪਰਾਧ ਦੇ ਖ਼ਾਤਮੇ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪਣੀ ਦ੍ਰਿੜ ਵਚਨਬੱਧਤਾ ਤਹਿਤ ਪੰਜਾਬ ਪੁਲਿਸ ਨੇ ਅਪ੍ਰੈਲ 2022 ਤੋਂ ਹੁਣ ਤੱਕ 962 ਅੱਤਵਾਦੀ/ਅਪਰਾਧਕ ਮਾਡਿਊਲਾਂ ਦਾ ਪਰਦਾਫਾਸ਼ ਕਰਕੇ 24 ਗੈਂਗਸਟਰਾਂ/ਅਪਰਾਧੀਆਂ ਨੂੰ ਮਾਰ-ਮੁਕਾਇਆ ਅਤੇ 2536 ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਵਿੱਚੋਂ ਗੈਂਗਸਟਰ ਕਲਚਰ ਦੇ ਖ਼ਾਤਮੇ ਲਈ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਪ੍ਰਮੋਦ ਬਾਨ ਦੀ ਅਗਵਾਈ ਵਿੱਚ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਦਾ ਗਠਨ ਕੀਤਾ ਸੀ।ਇਸ ਸਬੰਧੀ ਨਤੀਜੇ ਸਾਂਝੇ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੰਜਾਬ ਪੁਲਿਸ ਦੀਆਂ ਟੀਮਾਂ ਨੇ ਗ੍ਰਿਫ਼ਤਾਰ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 2086 ਹਥਿਆਰ, ਅਪਰਾਧਿਕ ਗਤੀਵਿਧੀਆਂ ਵਿੱਚ ਵਰਤੇ ਜਾ ਰਹੇ 564 ਵਾਹਨ, 79 ਕਿਲੋ ਹੈਰੋਇਨ ਅਤੇ 4.69 ਕਰੋੜ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਇਸ ਮਿਆਦ ਦੌਰਾਨ ਪੁਲਿਸ ਪਾਰਟੀ ਅਤੇ ਅਪਰਾਧੀਆਂ ਦਰਮਿਆਨ ਘੱਟੋ-ਘੱਟ 324 ਵਾਰ ਦੋ-ਤਰਫ਼ਾ ਗੋਲੀਬਾਰੀ ਹੋਈ, ਜਿਸ ਦੌਰਾਨ ਪੁਲਿਸ ਨੇ 24 ਗੈਂਗਸਟਰਾਂ/ਅਪਰਾਧੀਆਂ ਨੂੰ ਮਾਰ-ਮੁਕਾਇਆ ਅਤੇ 515 ਗੈਂਗਸਟਰਾਂ/ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਵਿੱਚੋਂ ਕਾਰਵਾਈਆਂ ਦੌਰਾਨ 319 ਜ਼ਖਮੀ ਵੀ ਹੋਏ। ਡੀਜੀਪੀ ਨੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਕਾਰਵਾਈਆਂ ਦੌਰਾਨ ਸਾਡੇ ਤਿੰਨ ਸਾਥੀ ਵੀ ਸ਼ਹੀਦ ਹੋ ਗਏ, ਜਦੋਂ ਕਿ 41 ਪੁਲਿਸ ਮੁਲਾਜ਼ਮ ਜ਼ਖਮੀ ਹੋਏ।

ਏਜੀਟੀਐਫ ਦੇ ਗਠਨ ਤੋਂ ਬਾਅਦ ਇਸ ਯੂਨਿਟ ਨੇ ਸੂਬੇ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਗੈਂਗਸਟਰਾਂ ਅਤੇ ਅਪਰਾਧੀਆਂ ਵਿਰੁੱਧ ਲਗਾਤਾਰ ਠੋਸ ਕਾਰਵਾਈਆਂ ਜਾਰੀ ਰੱਖੀਆਂ ਹਨ। ਜ਼ਿਕਰਯੋਗ ਹੈ ਕਿ ਏਜੀਟੀਐਫ ਦੀਆਂ ਟੀਮਾਂ ਵੱਲੋਂ ਅਪਰਾਧੀਆਂ ਵਿਰੁੱਧ ਸਾਂਝੀ ਕਾਰਵਾਈ ਲਈ ਵੱਖ-ਵੱਖ ਫੀਲਡ ਯੂਨਿਟਾਂ ਨਾਲ ਅਸਲ-ਸਮੇਂ ਦੀ ਜਾਣਕਾਰੀ ਵੀ ਸਾਂਝੀ ਕੀਤੀ ਜਾਂਦੀ ਹੈ।

# ਮੈਡੀਕਲ ਕਾਲਜਾਂ 'ਚ ਰਿਸ਼ਵਤਖੋਰੀ ਮਾਮਲਾ, ED ਵੱਲੋਂ 10 ਸੂਬਿਆਂ 'ਚ ਵੱਡੇ ਪੱਧਰ 'ਤੇ ਛਾਪੇਮਾਰੀ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 29 ਨਵੰਬਰ। ਇਨਫੋਰਸਮੈਂਟ ਡਾਇਰੈਕਟੋਰੇਟ (54) ਨੇ ਦੇਸ਼ ਦੇ ਕੁਝ ਮੈਡੀਕਲ ਕਾਲਜਾਂ ਨਾਲ ਜੁੜੇ ਕਥਿਤ ਰਿਸ਼ਵਤਖੋਰੀ ਅਤੇ ਰੈਗੂਲੇਟਰੀ ਢਾਂਚੇ ਵਿੱਚ ਹੇਰ-ਫੇਰ ਦੇ ਮਾਮਲੇ ਵਿੱਚ ਵੱਡੀ ਕਾਰਵਾਈ ਕਰਦਿਆਂ, ਵੀਰਵਾਰ ਨੂੰ 10 ਰਾਜਾਂ ਵਿੱਚ ਇੱਕੋ ਸਮੇਂ ਛਾਪੇਮਾਰੀ ਕੀਤੀ ਹੈ। ਇਹ ਕਾਰਵਾਈ ਧਨ ਸੋਧਨ (ਮਨੀ ਲਾਂਡਰਿੰਗ) ਜਾਂਚ ਦੇ ਤਹਿਤ ਕੀਤੀ ਗਈ ਹੈ। ਅਧਿਕਾਰੀਆਂ ਅਨੁਸਾਰ, ਆਂਧਰਾ ਪ੍ਰਦੇਸ਼, ਤੇਲੰਗਾਨਾ, ਮਹਾਰਾਸ਼ਟਰ, ਮੱਧ ਪ੍ਰਦੇਸ਼, ਛੱਤੀਸਗੜ੍ਹ, ਗੁਜਰਾਤ, ਰਾਜਸਥਾਨ, ਬਿਹਾਰ, ਉੱਤਰ ਪ੍ਰਦੇਸ਼ ਅਤੇ ਦਿੱਲੀ ਵਿੱਚ ਘੱਟ-ਘੱਟ 15 ਥਾਵਾਂ 'ਤੇ ਤਲਾਸ਼ੀ ਲਈ ਜਾ ਰਹੀ ਹੈ। ਇਨ੍ਹਾਂ ਥਾਵਾਂ 'ਚ ਸੱਤ ਮੈਡੀਕਲ ਕਾਲਜਾਂ ਦੇ ਕੈਂਪਸ ਅਤੇ ਕੁਝ ਨਿੱਜੀ ਵਿਅਕਤੀਆਂ ਦੇ ਟਿਕਾਣੇ ਸ਼ਾਮਲ ਹਨ। ਇਹ ਕਾਰਵਾਈ ਪ੍ਰਿਵੈਂਸ਼ਨ ਆਫ ਮਨੀ ਲਾਂਡ੍ਰਿੰਗ ਐਕਟ ਦੇ ਤਹਿਤ ਕੀਤੀ ਜਾ ਰਹੀ ਹੈ। ਮਨੀ ਲਾਂਡ੍ਰਿੰਗ ਦਾ ਇਹ ਮਾਮਲਾ ਕੇਂਦਰੀ ਜਾਂਚ ਬਿਊਰੋ (329) ਦੁਆਰਾ 30 ਜੂਨ ਨੂੰ ਦਰਜ ਕੀਤੀ ਗਈ ਇੱਕ ਤੋਂ ਉੱਭਰਿਆ ਹੈ। 329 ਦੀ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਮੈਡੀਕਲ ਕਾਲਜਾਂ ਦੇ ਨਿਰੀਖਣ ਨਾਲ ਸਬੰਧਤ ਗੁਪਤ ਜਾਣਕਾਰੀ ਉਨ੍ਹਾਂ ਦੇ ਪ੍ਰਬੰਧਕੀ ਵਿਅਕਤੀਆਂ ਅਤੇ ਵਿਚੋਲਿਆਂ ਨੂੰ ਦਿੱਤੀ ਗਈ ਸੀ। ਇਸ ਗੁਪਤ ਜਾਣਕਾਰੀ ਨੂੰ ਦੇਣ ਦੇ ਬਦਲੇ ਵਿੱਚ ਰਾਸ਼ਟਰੀ ਮੈਡੀਕਲ ਕਮਿਸ਼ਨ ਦੇ ਅਧਿਕਾਰੀਆਂ ਸਮੇਤ ਸਰਕਾਰੀ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਗਈ ਸੀ। ਈ.ਡੀ. ਅਧਿਕਾਰੀਆਂ ਅਨੁਸਾਰ, ਇਸ ਕਥਿਤ ਰਿਸ਼ਵਤਖੋਰੀ ਨੇ ਕਾਲਜਾਂ ਨੂੰ ਮਾਪਦੰਡਾਂ ਵਿੱਚ ਹੇਰ-ਫੇਰ ਕਰਨ ਅਤੇ ਮੈਡੀਕਲ ਕਾਲਜਾਂ ਵਿੱਚ ਅਕਾਦਮਿਕ ਕੋਰਸ ਚਲਾਉਣ ਲਈ ਪ੍ਰਵਾਨਗੀ ਪ੍ਰਾਪਤ ਕਰਨ 'ਚ ਮਦਦ ਕੀਤੀ। ਸੀ.ਬੀ.ਆਈ. ਨੇ ਆਪਣੀ ਜਾਂਚ ਵਿੱਚ ਦਾਅਵਾ ਕੀਤਾ ਸੀ ਕਿ ਉਸ ਨੇ ਕੇਂਦਰੀ ਸਿਹਤ ਮੰਤਰਾਲੇ ਅਤੇ ਐੱਨ.ਐੱਮ.ਸੀ. ਦੇ ਅਧਿਕਾਰੀਆਂ, ਵਿਚੋਲਿਆਂ ਅਤੇ ਨਿੱਜੀ ਮੈਡੀਕਲ ਕਾਲਜਾਂ



ਦੇ ਨੁਮਾਇੰਦਿਆਂ ਦੇ ਇੱਕ ਅਜਿਹੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ, ਜੋ ਕਥਿਤ ਤੌਰ 'ਤੇ ਭ੍ਰਿਸ਼ਟਾਚਾਰ ਅਤੇ ਪ੍ਰਕਿਰਿਆਵਾਂ ਵਿੱਚ ਹੇਰਾਫੇਰੀ ਵਰਗੇ ਗੰਭੀਰ ਕੰਮਾਂ ਵਿੱਚ ਸ਼ਾਮਲ ਸਨ। 34 ਲੋਕਾਂ ਦੇ ਨਾਮ ਸ਼ਾਮਲ ਕੀਤੇ ਗਏ ਸਨ, ਜਿਨ੍ਹਾਂ ਵਿੱਚ ਸਿਹਤ ਮੰਤਰਾਲੇ ਦੇ ਅੱਠ ਅਧਿਕਾਰੀ, ਰਾਸ਼ਟਰੀ ਸਿਹਤ ਅਥਾਰਟੀ ਦਾ ਇੱਕ ਅਧਿਕਾਰੀ, ਅਤੇ ਐੱਨ.ਐੱਮ.ਸੀ. ਦੀ ਨਿਰੀਖਣ ਟੀਮ ਦੇ ਪੰਜ ਡਾਕਟਰ ਸ਼ਾਮਲ ਸਨ। ਸੀ.ਬੀ.ਆਈ. ਨੇ ਇਸ ਮਾਮਲੇ ਵਿੱਚ ਪਹਿਲਾਂ ਹੀ ਅੱਠ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਐੱਨ.ਐੱਮ.ਸੀ. ਟੀਮ ਦੇ ਤਿੰਨ ਡਾਕਟਰ ਸ਼ਾਮਲ ਹਨ। ਇਨ੍ਹਾਂ ਨੂੰ ਛੱਤੀਸਗੜ੍ਹ ਸਥਿਤ ਇੱਕ ਮੈਡੀਕਲ ਕਾਲਜ ਨੂੰ ਅਨੁਕੂਲ ਰਿਪੋਰਟ ਦੇਣ ਬਦਲੇ ਕਥਿਤ ਤੌਰ 'ਤੇ 55 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸੀ.ਬੀ.ਆਈ. ਦੀ ਇਹ ਵੀ ਦੋਸ਼ ਲਗਾਇਆ ਗਿਆ ਸੀ ਕਿ ਇਸ ਸਿੰਡੀਕੇਟ ਦੀਆਂ ਜੜ੍ਹਾਂ ਕੇਂਦਰੀ ਸਿਹਤ ਮੰਤਰਾਲੇ ਵਿੱਚ ਸਨ। ਅੱਠ ਦੋਸ਼ੀ ਅਧਿਕਾਰੀਆਂ ਨੇ ਇੱਕ ਗੁੰਝਲਦਾਰ ਯੋਜਨਾ ਚਲਾਈ, ਜਿਸ ਤਹਿਤ ਵਿਚੋਲਿਆਂ ਦੇ ਨੈੱਟਵਰਕ ਰਾਹੀਂ ਮੈਡੀਕਲ ਕਾਲਜਾਂ ਦੇ ਨੁਮਾਇੰਦਿਆਂ ਨੂੰ ਅਤਿ ਗੁਪਤ ਫਾਈਲਾਂ ਅਤੇ ਸੰਵੇਦਨਸ਼ੀਲ ਜਾਣਕਾਰੀ ਤੱਕ ਅਣਅਧਿਕਾਰਤ ਪਹੁੰਚ ਉਪਲਬਧ ਕਰਵਾਈ ਗਈ, ਜਿਸ ਦੇ ਬਦਲੇ ਭਾਰੀ ਰਿਸ਼ਵਤ ਲਈ ਗਈ। ਇਹ ਵੀ ਦੋਸ਼ ਹੈ ਕਿ ਅਧਿਕਾਰੀਆਂ ਨੇ ਵਿਚੋਲਿਆਂ ਨਾਲ ਮਿਲੀਭਗਤ ਕਰਕੇ ਐੱਨ.ਐੱਮ.ਸੀ. ਦੁਆਰਾ ਸੰਚਾਲਿਤ ਨਿਰੀਖਣ ਪ੍ਰਕਿਰਿਆ ਵਿੱਚ ਹੇਰ-ਫੇਰ ਕੀਤਾ, ਅਤੇ ਅਧਿਕਾਰਤ ਸੂਚਨਾ ਤੋਂ ਕਾਫ਼ੀ ਪਹਿਲਾਂ ਹੀ ਸਬੰਧਤ ਮੈਡੀਕਲ ਸੰਸਥਾਵਾਂ ਨੂੰ ਨਿਰੀਖਣ ਦਾ ਕਾਰਜਕ੍ਰਮ ਅਤੇ ਨਾਮਜ਼ਦ ਮੁਲਾਂਕਣਕਰਤਾਵਾਂ ਦੀ ਪਛਾਣ ਦੱਸ ਦਿੱਤੀ।

## ਜਲੰਧਰ ਵਿਖੇ ਵੇਰਕਾ ਮਿਲਕ ਪਲਾਂਟ ਤੋਂ 2 ਬੱਚਿਆਂ ਦੀ ਮਾਂ ਸ਼ੱਕੀ ਹਾਲਾਤ 'ਚ ਲਾਪਤਾ

ਜਲੰਧਰ 29 ਨਵੰਬਰ। ਵੇਰਕਾ ਮਿਲਕ ਪਲਾਂਟ ਵਿਚ ਆਉਂਦੇ ਗੁਰਬਚਨ ਨਗਰ ਵਿਚੋਂ 2 ਬੱਚਿਆਂ ਦੀ ਮਾਂ ਸ਼ੱਕੀ ਹਾਲਾਤ ਵਿਚ ਲਾਪਤਾ ਹੋ ਗਈ। ਔਰਤ ਦੇ ਪਤੀ ਨੇ ਪੁਲਸ ਨੂੰ ਇਸ ਸਬੰਧੀ ਸ਼ਿਕਾਇਤ ਦਿੱਤੀ ਪਰ ਅਜੇ ਤਕ ਉਸ ਦਾ ਕੋਈ ਸੁਰਾਗ ਨਹੀਂ ਲੱਗ ਸਕਿਆ ਹੈ। ਜਾਣਕਾਰੀ ਦਿੰਦੇ ਰੁਲਦਾ ਕੁਮਾਰ ਨੇ ਦੱਸਿਆ ਕਿ ਉਸ ਦੀ ਪਤਨੀ ਪੂਜਾ 16 ਨਵੰਬਰ ਨੂੰ ਘਰੋਂ ਕੰਮ ਲਈ ਨਿਕਲੀ ਸੀ ਪਰ ਵਾਪਸ ਨਹੀਂ ਮੁੜੀ। ਉਸ ਦਾ ਮੋਬਾਇਲ ਵੀ ਬੰਦ ਹੈ। ਰੁਲਦਾ ਕੁਮਾਰ ਨੇ ਕਿਹਾ ਕਿ ਉਸ ਨੇ ਆਪਣੀ ਪਤਨੀ ਨੂੰ ਕਾਫ਼ੀ ਲੱਭਣ ਦੀ ਕੋਸ਼ਿਸ਼ ਕੀਤੀ ਪਰ ਉਸ ਦਾ ਕੁਝ ਪਤਾ ਨਹੀਂ ਲੱਗਾ। ਉਸ ਨੇ ਦੱਸਿਆ ਕਿ ਉਸ ਦੇ 6 ਅਤੇ 8 ਸਾਲ ਦੇ 2 ਬੱਚੇ ਹਨ, ਜਿਹੜੇ ਮਾਂ ਦੇ ਬਿਨਾਂ ਬੀਮਾਰ ਪੈ ਗਏ ਹਨ। ਪੀੜਤ ਨੇ ਪੁਲਸ ਨੂੰ ਵੀ ਸ਼ਿਕਾਇਤ ਦਿੱਤੀ ਪਰ ਪੂਜਾ ਦਾ ਕੋਈ ਸੁਰਾਗ ਨਹੀਂ ਲੱਗਾ।

## ਪੰਜਾਬ 'ਚ ਚੱਲ ਰਹੀ ਗੈਰ-ਕਾਨੂੰਨੀ ਰੇਤ ਮਾਈਨਿੰਗ ਨੂੰ ਲੈ ਕੇ ਭੜਕੇ ਅਸ਼ਵਨੀ ਸ਼ਰਮਾ

ਜਲੰਧਰ 29 ਨਵੰਬਰ। ਪੰਜਾਬ ਵਿਚ ਚੱਲ ਰਹੀ ਬੇਤਹਾਸ਼ਾ ਗੈਰ-ਕਾਨੂੰਨੀ ਰੇਤ ਮਾਈਨਿੰਗ ਨੂੰ ਲੈ ਕੇ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤੰਜ ਕੱਸੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਜੀ, ਤੁਹਾਡੀ ਸਰਕਾਰ ਦੀ ਨੱਕ ਹੇਠਾਂ ਪੰਜਾਬ ਵਿੱਚ ਬੇਤਹਾਸ਼ਾ ਗੈਰ-ਕਾਨੂੰਨੀ ਰੇਤ ਖਣਨ ਹੋ ਰਿਹਾ ਹੈ। ਹਿੰਮਤ ਹੈ ਤਾਂ ਮੇਰੇ ਨਾਲ ਮੇਰੀ ਗੱਡੀ ਵਿੱਚ ਬੈਠੋ, ਮੈਂ ਤੁਹਾਨੂੰ ਪਠਾਨਕੋਟ, ਫ਼?ਰੋਜ਼ਪੁਰ ਅਤੇ ਫ਼ਾਜ਼ਿਲਕਾ ਲੈ ਜਾ ਕੇ ਅਸਲ ਹਾਲਤ ਵਿਖਾਵਾਂਗਾ। ਮੁੱਖ ਮੰਤਰੀ ਭਗਵੰਤ ਮਾਨ 'ਤੇ ਵਰ੍ਹਦੇ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਕਿ ਪੰਜਾਬ ਵਿਚ ਗੈਰ-ਕਾਨੂੰਨੀ ਮਾਈਨਿੰਗ



ਕਿਹੜੇ ਪੱਧਰ 'ਤੇ ਹੋ ਰਹੀ ਹੈ। ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਸ਼ੀਸ਼ ਮਹਿਲ ਵਿਚ ਬੈਠ ਕੇ ਤੁਸੀਂ ਪੰਜਾਬ ਦੀਆਂ ਸੜਕਾਂ 'ਤੇ ਉਤਰਨਾ ਭੁੱਲ ਗਏ ਹੋ। ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਕਿ ਗੈਰ-ਕਾਨੂੰਨੀ ਖਣਨ ਕਿਹੜੇ ਪੱਧਰ 'ਤੇ ਹੋ ਰਿਹਾ ਹੈ ਅਤੇ ਇਸ ਕਾਰਨ ਪੰਜਾਬ ਵਿੱਚ ਹੜ੍ਹ ਦਾ ਖ਼ਤਰਾ ਕਿੰਨਾ ਵਧਿਆ ਹੈ। ਆਮ ਆਦਮੀ ਪਾਰਟੀ ਜਿਸ ਦਾ ਖੇਤ, ਉਸ ਦੀ ਰੇਤ"ਦਾ ਬਹਾਨਾ ਬਣਾ ਕੇ ਗੈਰ-ਕਾਨੂੰਨੀ ਖਣਨ ਨੂੰ ਸ਼ਹਿ ਅਤੇ ਮਾਫ਼ੀਆ ਨੂੰ ਪਨਾਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਪੰਜਾਬੀਆਂ ਨੂੰ ਮੂਰਖ਼ ਨਾ ਸਮਝਣ, ਉਨ੍ਹਾਂ ਨੂੰ ਸਾਫ਼ ਦਿਸ ਰਿਹਾ ਹੈ ਕਿ ਉਨ੍ਹਾਂ ਦੀ ਰੇਤ ਕਿਵੇਂ ਲੁੱਟੀ ਜਾ ਰਹੀ ਹੈ।

## ਕੈਨੇਡਾ 'ਚ ਕਪਿਲ ਸ਼ਰਮਾ ਦੇ ਕੈਫੇ 'ਤੇ ਗੋਲੀਬਾਰੀ ਕਰਨ ਵਾਲਾ ਗੈਂਗਸਟਰ ਗ੍ਰਿਫ਼ਤਾਰ

ਨਵੀਂ ਦਿੱਲੀ 29 ਨਵੰਬਰ। ਦਿੱਲੀ ਪੁਲਸ ਨੇ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਨੇਡਾ ਸਥਿਤ ਰੈਸਟੋਰੈਂਟ 'ਤੇ ਹੋਈ ਗੋਲੀਬਾਰੀ ਵਿੱਚ ਕਥਿਤ ਤੌਰ 'ਤੇ ਸ਼ਾਮਲ ਇੱਕ ਸ਼ੱਕੀ ਗੈਂਗਸਟਰ ਨੂੰ ਗ੍ਰਿਫਤਾਰ ਕਰ ਲਿਆ ਹੈ। ਇੱਕ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਬੰਧੂ ਮਾਨ ਸਿੰਘ ਵਜੋਂ ਹੋਈ ਹੈ। ਪੁਲਸ ਅਧਿਕਾਰੀ ਮੁਤਾਬਕ, ਬੰਧੂ ਮਾਨ ਸਿੰਘ ਕੈਨੇਡਾ ਸਥਿਤ ਗੈਂਗਸਟਰ ਗੋਲਡੀ ਢਿੱਲੋਂ ਦਾ ਕਰੀਬੀ ਸਾਥੀ ਹੈ। ਮੰਨਿਆ ਜਾਂਦਾ ਹੈ ਕਿ ਗੋਲਡੀ ਢਿੱਲੋਂ ਵਿਦੇਸ਼ਾਂ ਵਿੱਚ ਕਾਰੋਬਾਰੀਆਂ ਅਤੇ ਹਾਈ-ਪ੍ਰੋਫਾਈਲ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਕਈ ਜਬਰੀ ਵਸੂਲੀ ਰੈਕੇਟਾਂ ਵਿੱਚ ਸ਼ਾਮਲ ਹੈ। ਜਾਂਚਕਰਤਾਵਾਂ ਦੇ ਅਨੁਸਾਰ, ਸਿੰਘ ਗੋਲਡੀ ਢਿੱਲੋਂ ਦੇ ਨੈੱਟਵਰਕ ਨਾਲ ਤਾਲਮੇਲ ਕਰ ਰਿਹਾ ਸੀ ਅਤੇ ਪ੍ਰਸਿੱਧ ਕਾਮੇਡੀਅਨ ਕਪਿਲ ਸ਼ਰਮਾ ਦੇ ਰੈਸਟੋਰੈਂਟ ਨੂੰ ਡਰਾਉਣ-ਧਮਕਾਉਣ ਲਈ ਟਾਰਗੇਟ ਕਰਨ ਦੀ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਸੀ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਗ੍ਰਿਫਤਾਰੀ ਖਾਸ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕੀਤੀ ਗਈ ਹੈ। ਅਧਿਕਾਰੀ ਨੇ ਅੱਗੇ ਦੱਸਿਆ, ਮੁਲਜ਼ਮ ਦੇ ਕਬਜ਼ੇ ਵਿੱਚੋਂ ਕਾਰਤੂਸਾਂ ਸਮੇਤ ਇੱਕ ਚੀਨੀ ਪਿਸਤੌਲ ਬਰਾਮਦ ਕੀਤਾ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਸਾਜ਼ਿਸ਼ ਵਿੱਚ ਉਸਦੀ ਭੂਮਿਕਾ ਅਤੇ ਵਿਦੇਸ਼ੀ ਓਪਰੇਟਰਾਂ ਨਾਲ ਉਸਦੇ ਸਬੰਧਾਂ ਦੀ ਹੋਰ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਹੋਰ ਸਾਜ਼ਿਸ਼ਕਾਰਾਂ ਦੀ ਪਛਾਣ ਕਰਨ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਗਿਰੋਹ ਦੀਆਂ ਗਤੀਵਿਧੀਆਂ ਦਾ ਪਤਾ ਲਗਾਉਣ ਲਈ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

## ਲੁਧਿਆਣਾ ਵਿਚ ਬੰਦਾ ਮਾਰਨ ਜਾ ਰਹੇ ਖ਼ਤਰਨਾਕ ਮੁਲਜ਼ਮ ਹਥਿਆਰਾਂ ਸਣੇ ਗ੍ਰਿਫ਼ਤਾਰ

ਫਰੀਦਕੋਟ 29 ਨਵੰਬਰ। ਇੰਟੈਲੀਜੈਂਸ ਆਧਾਰਿਤ ਆਪ੍ਰੇਸ਼ਨ ਦੌਰਾਨ ਫਰੀਦਕੋਟ ਪੁਲਸ ਨੇ 2 ਟਾਰਗੈੱਟ ਕਿਲਿੰਗ ਮਾਡਿਊਲਾਂ ਦਾ ਪਰਦਾਫਾਸ਼ ਕਰ ਕੇ ਇਸ 'ਚ 3 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਡਾ. ਪ੍ਰਗਿਆ ਜੈਨ ਐੱਸ. ਐੱਸ. ਪੀ. ਫਰੀਦਕੋਟ ਵੱਲੋਂ ਪ੍ਰੈੱਸ ਕਾਨਫਰੰਸ ਦੌਰਾਨ ਸਾਂਝੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸੀ. ਆਈ. ਏ. ਸਟਾਫ ਦੀ ਪੁਲਸ ਪਾਰਟੀ ਚੈਕਿੰਗ ਦੇ ਸਬੰਧ 'ਚ ਤਲਵੰਡੀ ਰੋਡ ਫਰੀਦਕੋਟ ਤੋਂ ਸਰਹਿੰਦ ਨਹਿਰ ਦੇ ਨਾਲ-ਨਾਲ ਕੱਚੀ ਪਹੀ ਰਾਹੀਂ ਪਿੰਡ ਭੋਲੂਵਾਲਾ ਵੱਲ ਜਾ ਰਹੀ ਸੀ। ਇਸ ਦੌਰਾਨ ਪੁਲਸ ਪਾਰਟੀ ਨੂੰ ਕੱਚੀ ਪਹੀ 'ਤੇ ਇਕ ਕਾਰ ਖੜ੍ਹੀ ਦਿਖਾਈ ਦਿੱਤੀ। ਸ਼ੱਕ ਦੇ ਆਧਾਰ 'ਤੇ ਗੱਡੀ ਦੀ ਤਲਾਸ਼ੀ ਲਈ ਗਈ ਤਾਂ ਮੁਲਜ਼ਮਾਂ ਕੋਲੋਂ 1 ਪਿਸਤੌਲ .30 ਬੋਰ, 1 ਪਿਸਤੌਲ .30 ਬੋਰ (ਬਰੇਟਾ) ਅਤੇ 15 ਰੌਂਦ ਬਰਾਮਦ ਕੀਤੇ ਗਏ। ਗ੍ਰਿਫਤਾਰ ਮੁਲਜ਼ਮਾਂ ਦੀ ਪਛਾਣ ਜਤਿੰਦਰ ਸਿੰਘ ਉਰਫ ਸੋਨੂ (ਵਾਸੀ ਪੱਤੀ ਰੋਡ, ਜ਼ਿਲਾ ਬਰਨਾਲਾ), ਜਸ਼ਨਜੋਤ ਸਿੰਘ ਉਰਫ ਜੱਸਾ (ਵਾਸੀ ਪਿੰਡ ਹਰੀ ਨੌਂ, ਜ਼ਿਲਾ ਫਰੀਦਕੋਟ) ਅਤੇ ਮਨਪ੍ਰੀਤ ਸਿੰਘ ਉਰਫ ਅਰਮਾਨ (ਵਾਸੀ ਪਿੰਡ ਮੋੜ,




ਜ਼ਿਲਾ ਫਰੀਦਕੋਟ) ਵਜੋਂ ਹੋਈ ਹੈ। ਪੁਲਸ ਵੱਲੋਂ ਮੌਕੇ 'ਤੇ ਕਾਰ ਨੂੰ ਵੀ ਕਬਜ਼ੇ ਵਿੱਚ ਲਿਆ ਗਿਆ ਹੈ। ਸ਼ੁਰੂਆਤੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਗ੍ਰਿਫ਼ਤਾਰ ਦੋਸ਼ੀਆਂ ਵੱਲੋਂ ਲੁਧਿਆਣਾ ਵਿਖੇ ਇਕ ਵਿਅਕਤੀ ਦੀ ਟਾਰਗੇਟ ਕਿਲਿੰਗ ਦੀ ਵਾਰਦਾਤ ਨੂੰ ਅੰਜਾਮ ਦੇਣਾ ਸੀ, ਜਿਸ ਸਬੰਧੀ ਕੁਝ ਦਿਨ ਪਹਿਲਾਂ ਵੀ ਇਕ ਨਾਕਾਮ ਕੋਸ਼ਿਸ਼ ਕੀਤੀ ਜਾ ਚੁੱਕੀ ਸੀ। ਫਰੀਦਕੋਟ ਪੁਲਸ ਵੱਲੋਂ ਇਸ ਮਾਮਲੇ ਵਿਚ ਬੈਕਵਰਡ ਅਤੇ ਫਾਰਵਰਡ ਲਿੰਕਾਂ ਨੂੰ ਜੋੜਨ ਲਈ ਹੋਰ ਜਾਂਚ ਜਾਰੀ ਹੈ ਅਤੇ ਅਗਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧ ਵਿੱਚ ਥਾਣਾ ਸਿਟੀ ਫਰੀਦਕੋਟ ਵਿਖੇ ਮੁਕੱਦਮਾ ਨੰਬਰ 484 ਅਧੀਨ ਧਾਰਾ 25(6)(7)/54/59 ਅਸਲਾ ਐਕਟ ਤਹਿਤ ਦਰਜ ਰਜਿਸਟਰ ਕੀਤਾ ਗਿਆ ਹੈ।

## ਰੁਪਏ ਦੀ ਵਧੀ ਤਾਕਤ, 34 ਦੇਸ਼ਾਂ ਨਾਲ ਸਿੱਧਾ ਹੋਵੇਗਾ ਵਪਾਰ

ਬਿਜ਼ਨਸ ਡੈਸਕ 29 ਨਵੰਬਰ। ਭਾਰਤੀ ਰੁਪਏ ਦੀ ਮਜ਼ਬੂਤੀ ਹੁਣ ਵਿਸ਼ਵ ਵਪਾਰ ਵਿੱਚ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੀ ਹੈ। ਪਹਿਲਾਂ, ਰੁਪਏ ਦਾ ਵਪਾਰ ਸਿਰਫ਼ 18 ਦੇਸ਼ਾਂ ਨਾਲ ਹੁੰਦਾ ਸੀ, ਪਰ ਹੁਣ ਇਹ ਗਿਣਤੀ 34 ਹੋ ਗਈ ਹੈ। ਇਸਦਾ ਮਤਲਬ ਹੈ ਕਿ ਅੰਤਰਰਾਸ਼ਟਰੀ ਵਪਾਰ ਵਿੱਚ ਰੁਪਏ ਦੀ ਪਹੁੰਚ ਲਗਾਤਾਰ ਵਧ ਰਹੀ ਹੈ। ਹਾਲ ਹੀ ਵਿੱਚ, ਅਧਿਕਾਰੀਆਂ ਅਤੇ ਨਿਰਯਾਤਕਾਂ ਵਿਚਕਾਰ ਇੱਕ ਮੀਟਿੰਗ ਵਿੱਚ ਵਿਦੇਸ਼ੀ ਮੁਦਰਾ ਡੀਲਰ ਐਸੋਸੀਏਸ਼ਨ ਦੇ ਅੰਕੜੇ ਸਾਂਝੇ ਕੀਤੇ ਗਏ ਸਨ। ਨਿਰਯਾਤਕਾਂ ਦਾ ਮੰਨਣਾ ਹੈ ਕਿ ਰੁਪਏ ਦੀ ਵਧਦੀ ਅੰਤਰਰਾਸ਼ਟਰੀ ਵਰਤੋਂ ਡਾਲਰ 'ਤੇ ਨਿਰਭਰਤਾ ਘਟਾਏਗੀ, ਜਿਸ ਨਾਲ ਲੈਣ-ਦੇਣ ਆਸਾਨ ਹੋ ਜਾਵੇਗਾ। ਰੂਸ-ਯੂਕਰੇਨ ਯੁੱਧ ਤੋਂ ਬਾਅਦ, ਵਿਸ਼ਵ ਭੁਗਤਾਨ ਪ੍ਰਣਾਲੀ ਵਿੱਚ ਤਬਦੀਲੀਆਂ ਦੀ ਜ਼ਰੂਰਤ ਮਹਿਸੂਸ ਕੀਤੀ ਗਈ, ਜਿਸ ਨਾਲ ਰੁਪਏ ਦਾ ਅੰਤਰਰਾਸ਼ਟਰੀਕਰਨ ਹੋਰ ਵੀ ਜ਼ਰੂਰੀ ਹੋ ਗਿਆ। ਭਾਰਤ ਹੁਣ ਆਸਟਰੇਲੀਆ, ਚੀਨ, ਜਾਪਾਨ, ਜਰਮਨੀ, ਇੰਡੋਨੇਸ਼ੀਆ, ਬੰਗਲਾਦੇਸ਼, ਬੈਲਜੀਅਮ, ਮਿਸਰ, ਫਿਜੀ, ਰੂਸ, ਸਿੰਗਾਪੁਰ, ਦੱਖਣੀ ਕੋਰੀਆ, ਸ਼੍ਰੀਲੰਕਾ, ਯੂਏਈ, ਯੂਕੇ ਅਤੇ ਅਮਰੀਕਾ ਸਮੇਤ ਕਈ ਵੱਡੀਆਂ ਅਤੇ ਉੱਭਰ ਰਹੀਆਂ ਅਰਥਵਿਵਸਥਾਵਾਂ ਨਾਲ ਸਿੱਧੇ ਰੁਪਏ ਵਿੱਚ ਲੈਣ-ਦੇਣ ਕਰਦਾ ਹੈ। ਇਸ ਤੋਂ ਇਲਾਵਾ, ਕਤਰ, ਓਮਾਨ, ਮਿਆਂਮਾਰ, ਮਾਲਦੀਵ, ਕੀਨੀਆ, ਕਜ਼ਾਕਿਸਤਾਨ, ਨਿਊਜ਼ੀਲੈਂਡ, ਬੋਤਸਵਾਨਾ ਅਤੇ ਯੂਗਾਂਡਾ ਸਮੇਤ ਕਈ ਦੇਸ਼ਾਂ ਨੇ ਵੀ ਰੁਪਏ ਵਪਾਰ ਪ੍ਰਣਾਲੀ ਨੂੰ ਅਪਣਾਇਆ ਹੈ।

## ਨੋਟ ਗਿਣ-ਗਿਣ ਥੱਕ ਜਾਣਗੇ ਇਹ ਰਾਸ਼ੀ ਦੇ ਲੋਕ, ਨਵਾਂ ਸਾਲ ਚੜ੍ਹਦੇ ਸਾਰ ਬਦਲ ਜਾਵੇਗੀ ਕਿਸਮਤ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 29 ਨਵੰਬਰ। ਸਾਲ 2026 ਗ੍ਰਹਿਆਂ ਦੀ ਸਥਿਤੀ ਦੇ ਲਿਹਾਜ਼ ਨਾਲ ਬਹੁਤ ਮਹੱਤਵਪੂਰਨ ਰਹਿਣ ਵਾਲਾ ਹੈ, ਕਿਉਂਕਿ ਗ੍ਰਹਿਆਂ ਦੇ ਰਾਜਕੁਮਾਰ ਬੁੱਧ ਕਈ ਵਾਰ ਰਾਸ਼ੀ ਪਰਿਵਰਤਨ ਕਰਨਗੇ। ਸਾਲ 2026 ਵਿੱਚ ਬੁੱਧ ਗ੍ਰਹਿ ਦਾ ਕਈ ਵਾਰ ਗੋਚਰ ਹੋਵੇਗਾ। ਜੋਤਸ਼ੀਆਂ ਅਨੁਸਾਰ, ਸਾਲ 2026 ਵਿੱਚ ਬੁੱਧ ਦੀ ਸਥਿਤੀ ਨੂੰ ਤਿੰਨ ਰਾਸ਼ੀਆਂ ਲਈ ਬੇਹੱਦ ਸ਼ੁਭ ਮੰਨਿਆ ਜਾ ਰਿਹਾ ਹੈ। ਇਹ ਗ੍ਰਹਿ ਇਨ੍ਹਾਂ ਰਾਸ਼ੀਆਂ ਨੂੰ ਕਰੀਅਰ, ਵਪਾਰ ਵਿੱਚ ਲਾਭ ਦੇਣ ਦੇ ਨਾਲ-ਨਾਲ ਬਾਣੀ (ਸਪੀਚ) ਅਤੇ ਸੰਚਾਰ (ਕਮਿਊਨੀਕੇਸ਼ਨ) ਵਿੱਚ ਵੀ ਨਿਪੁੰਨ ਬਣਾਏਗਾ, ਜਿਸ ਨਾਲ ਉਨ੍ਹਾਂ ਦੀ ਨੌਕਰੀ ਅਤੇ ਕਰੀਅਰ ਵਿੱਚ ਬਹੁਤ ਉੱਨਤੀ ਹੋਵੇਗੀ। ਮਕਰ ਰਾਸ਼ੀ : ਮਕਰ ਰਾਸ਼ੀ ਵਾਲਿਆਂ ਲਈ ਇਹ ਸਾਲ ਬੇਹੱਦ ਸ਼ੁਭ ਫਲ ਦੇਣ ਵਾਲਾ ਸਾਬਤ ਹੋ ਸਕਦਾ ਹੈ। ਇਸ ਸਾਲ ਨਵੇਂ ਲੋਕਾਂ ਨਾਲ ਤੁਹਾਡਾ ਮੇਲ-ਜੋਲ ਵਧੇਗਾ। ਲੇਖਣ, ਮੀਡੀਆ ਜਾਂ ਸੰਚਾਰ ਖੇਤਰ ਨਾਲ ਜੁੜੇ ਲੋਕਾਂ ਲਈ ਇਹ ਸਾਲ ਬਹੁਤ ਲਾਭਕਾਰੀ ਸਿੱਧ ਹੋ ਸਕਦਾ ਹੈ। ਆਤਮ-ਵਿਸ਼ਵਾਸ ਅਤੇ ਹਿੰਮਤ ਵਿੱਚ ਵਾਧਾ ਹੋਵੇਗਾ, ਅਤੇ ਨੌਕਰੀ, ਵਾਹਨ ਜਾਂ ਜਾਇਦਾਦ ਪ੍ਰਾਪਤੀ ਦੇ ਯੋਗ ਬਣ ਰਹੇ ਹਨ। ਮੀਨ ਰਾਸ਼ੀ : ਸਾਲ 2026 ਮੀਨ ਰਾਸ਼ੀ ਦੇ ਲੋਕਾਂ ਲਈ ਅਤਿਅੰਤ ਸ਼ੁਭ ਮੰਨਿਆ ਜਾ ਰਿਹਾ ਹੈ। ਤੁਹਾਡਾ ਆਤਮ-ਵਿਸ਼ਵਾਸ ਵਧੇਗਾ ਅਤੇ ਸਮਾਜਿਕ



ਪ੍ਰਤਿਸ਼ਠਾ ਅਤੇ ਪ੍ਰਭਾਵ ਵਿੱਚ ਵਾਧਾ ਹੋਵੇਗਾ। ਅਣਵਿਆਹੇ ਲੋਕਾਂ ਲਈ ਵਿਆਹ ਦੇ ਯੋਗ ਹਨ। ਜੋ ਲੋਕ ਨੌਕਰੀ ਬਦਲਣ ਬਾਰੇ ਸੋਚ ਰਹੇ ਹਨ, ਉਨ੍ਹਾਂ ਲਈ ਸਮਾਂ ਅਨੁਕੂਲ ਹੈ। ਕਰੀਅਰ ਵਿੱਚ ਨਵੀਆਂ ਉਚਾਈਆਂ ਛੂਹਣ ਦੇ ਮੌਕੇ ਮਿਲਣਗੇ ਅਤੇ ਧਨ ਅਤੇ ਜਾਇਦਾਦ ਵਿੱਚ ਵਾਧੇ ਦੇ ਮਜ਼ਬੂਤ ਯੋਗ ਬਣ ਰਹੇ ਹਨ। ਬ੍ਰਿਖ ਰਾਸ਼ੀ : ਬੁੱਧ ਦੇਵ ਇਸ ਰਾਸ਼ੀ ਦੇ ਜਾਤਕਾਂ ਲਈ ਆਮਦਨ ਵਿੱਚ ਵਾਧਾ ਲੈ ਕੇ ਆਉਣਗੇ। ਤੁਹਾਨੂੰ ਕਮਾਈ ਦੇ ਨਵੇਂ ਸਰੋਤ ਪ੍ਰਾਪਤ ਹੋਣਗੇ ਅਤੇ ਤੁਸੀਂ ਸ਼ਾਰਟਕੱਟ ਤਰੀਕੇ ਨਾਲ ਧਨ ਕਮਾਉਣ ਵਿੱਚ ਸਫਲ ਹੋ ਸਕਦੇ ਹੋ (ਹਾਲਾਂਕਿ ਇਸ ਮਾਮਲੇ ਵਿੱਚ ਥੋੜ੍ਹੀ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ ਹੈ)। ਕਾਰਜ ਖੇਤਰ ਵਿੱਚ ਪਦ-ਪ੍ਰਤਿਸ਼ਠਾ ਵਧੇਗੀ, ਅਤੇ ਤੁਹਾਡੀ ਬਾਣੀ ਵਿੱਚ ਨਰਮਾਈ ਅਤੇ ਮਿਠਾਸ ਆਵੇਗੀ, ਜਿਸ ਨਾਲ ਪੇਸ਼ੇਵਰ ਜੀਵਨ ਵਿੱਚ ਬਹੁਤ ਲਾਭ ਮਿਲੇਗਾ।

## ਗੰਗਾ ਐਕਸਪ੍ਰੈਸਵੇਅ 'ਤੇ ਵੱਡਾ ਹਾਦਸਾ: ਦੋ ਵਾਹਨਾਂ ਦੀ ਟੱਕਰ 'ਚ 6 ਲੋਕਾਂ ਦੀ ਦਰਦਨਾਕ ਮੌਤ

ਉੱਤਰ ਪ੍ਰਦੇਸ਼ 29 ਨਵੰਬਰ। ਸੰਭਲ ਵਿੱਚ ਗੰਗਾ ਐਕਸਪ੍ਰੈਸਵੇਅ 'ਤੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਗੰਭੀਰ ਜ਼ਖਮੀ ਹੋ ਗਏ। ਰਿਪੋਰਟਾਂ ਅਨੁਸਾਰ, ਗੰਗਾ ਐਕਸਪ੍ਰੈਸਵੇਅ 'ਤੇ ਇੱਕ ਤੇਜ਼ ਰਫ਼ਤਾਰ ਕਾਰ ਅਤੇ ਇੱਕ ਪਿਕਅੱਪ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਪਿਕਅੱਪ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਕੁਚਲਿਆ ਗਿਆ। ਆਲਟੋ ਕਾਰ ਪੂਰੀ ਤਰ੍ਹਾਂ ਤਬਾਹ ਹੋ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ਇੰਸਪੈਕਟਰ ਉਮੇਸ਼ ਸੋਲੰਕੀ, ਕੈਲਾਦੇਵੀ ਪੁਲਸ ਸਟੇਸ਼ਨ ਦੇ ਇੰਚਾਰਜ ਸੌਰਭ ਤਿਆਗੀ ਅਤੇ ਏ.ਐਸ.ਪੀ. (ਉੱਤਰੀ) ਕੁਲਦੀਪ ਸਿੰਘ ਮੌਕੇ 'ਤੇ ਪਹੁੰਚੇ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਜਦੋਂ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ।

## ਦਿਸ ਰਹੇ ਨੇ ਇਹ ਲੱਛਣ ਤਾਂ ਤੁਰੰਤ ਕਰੋ ਡਾਕਟਰ ਨਾਲ ਸੰਪਰਕ, ਹੋ ਸਕਦੈ ਬ੍ਰੇਨ ਕੈਂਸਰ !

**ਕੌਮੀ ਪਤ੍ਰਿਕਾ**

ਵੈੱਬ ਡੈਸਕ 29 ਨਵੰਬਰ। ਇੱਕ ਤਾਜ਼ਾ ਸਿਹਤ ਰਿਪੋਰਟ ਦੇ ਅਨੁਸਾਰ ਬ੍ਰੇਨ ਕੈਂਸਰ ਦੇ ਸ਼ੁਰੂਆਤੀ ਲੱਛਣ ਅਕਸਰ ਇੰਨੇ ਹਲਕੇ ਹੁੰਦੇ ਹਨ ਕਿ ਲੋਕ ਅਕਸਰ ਉਹਨਾਂ ਨੂੰ ਇੱਕ ਆਮ ਸਿਹਤ ਸਮੱਸਿਆ ਜਾਂ ਤਣਾਅ ਸਮਝ ਕੇ ਅਣਦੇਖਾ ਕਰ ਦਿੰਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਸਿਰ ਦਰਦ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਰੀਰ ਕਈ ਸੰਕੇਤ ਦੇਣਾ ਸ਼ੁਰੂ ਕਰ ਦਿੰਦਾ ਹੈ। ਇਹਨਾਂ ਸੰਕੇਤਾਂ ਨੂੰ ਜਲਦੀ ਪਛਾਣਨਾ ਬਹੁਤ ਜ਼ਰੂਰੀ ਹੈ, ਕਿਉਂਕਿ ਜਲਦੀ ਪਤਾ ਲਗਾਉਣ ਨਾਲ ਇਲਾਜ ਦੇ ਨਤੀਜਿਆਂ ਵਿੱਚ ਸੁਧਾਰ ਹੋ ਸਕਦਾ ਹੈ। ਰਿਪੋਰਟ ਦੇ ਅਨੁਸਾਰ ਦਿਮਾਗ ਦੇ ਟਿਊਮਰ ਨਾਲ ਜੁੜੇ ਸਿਰ ਦਰਦ ਆਮ ਸਿਰ ਦਰਦ ਤੋਂ ਵੱਖਰੇ ਹੁੰਦੇ ਹਨ। ਇਹ ਸਵੇਰੇ ਅਕਸਰ ਬਣੇ ਰਹਿੰਦੇ ਹਨ ਅਤੇ ਵਿਗੜ ਜਾਂਦੇ ਹਨ। ਕਈ ਵਾਰ, ਇਹ ਰਾਤ ਨੂੰ ਨੀਂਦ ਵਿੱਚ ਵਿਘਨ ਪਾ ਸਕਦੇ ਹਨ। ਦਰਦ ਨਿਵਾਰਕ ਦਵਾਈਆਂ ਵੀ ਰਾਹਤ ਨਹੀਂ ਦਿੰਦੀਆਂ। ਸਰੀਰ ਦੇ ਨਾਲ-ਨਾਲ ਵਾਰ-ਵਾਰ ਮਤਲੀ ਅਤੇ ਉਲਟੀਆਂ ਨੂੰ ਇੱਕ ਗੰਭੀਰ ਚੇਤਾਵਨੀ ਸੰਕੇਤ ਮੰਨਿਆ ਜਾਂਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਟਿਊਮਰ ਦਿਮਾਗ ਦੇ ਉਨ੍ਹਾਂ ਹਿੱਸਿਆਂ 'ਤੇ ਦਬਾਅ ਪਾਉਂਦਾ ਹੈ ਜੋ ਇਹਨਾਂ ਸਰੀਰਕ



ਪ੍ਰਕਿਰਿਆਵਾਂ ਨੂੰ ਨਿਯੰਤਰਿਤ ਕਰਦੇ ਹਨ। ਸਿਰ ਦਰਦ, ਉਲਟੀਆਂ ਅਤੇ ਨਜ਼ਰ ਦੀਆਂ ਸਮੱਸਿਆਵਾਂ ਦਾ ਇੱਕੋ ਸਮੇਂ ਹੋਣਾ ਤੁਰੰਤ ਡਾਕਟਰੀ ਜਾਂਚ ਦੀ ਜ਼ਰੂਰਤ ਨੂੰ ਦਰਸਾ ਸਕਦਾ ਹੈ। ਜੇਕਰ ਟਿਊਮਰ ਸੋਚ ਅਤੇ ਭਾਵਨਾਤਮਕ ਪ੍ਰਕਿਰਿਆ ਖੇਤਰਾਂ ਨੂੰ ਪ੍ਰਭਾਵਿਤ ਕਰਦਾ ਹੈ, ਤਾਂ ਯਾਦਦਾਸ਼ਤ ਦਾ ਨੁਕਸਾਨ, ਇਕਾਗਰਤਾ ਵਿੱਚ ਕਮੀ, ਮੂਡ ਸਵਿੰਗ, ਉਲਝਣ ਅਤੇ ਚਿੜਚਿੜਾਪਨ ਵਰਗੇ ਬਦਲਾਅ ਹੋ ਸਕਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਲੋਕ ਅਕਸਰ ਇਹਨਾਂ ਲੱਛਣਾਂ ਨੂੰ ਤਣਾਅ ਜਾਂ ਉਮਰ ਨਾਲ ਸਬੰਧਤ ਕਹਿ ਕੇ ਨਜ਼ਰਅੰਦਾਜ਼ ਕਰਦੇ ਹਨ। ਅਚਾਨਕ ਦੌਰੇ ਖਾਸ ਕਰਕੇ ਬਾਲਗਾਂ ਵਿੱਚ ਜਿਨ੍ਹਾਂ ਨੂੰ ਪਹਿਲਾਂ ਕਦੇ ਦੌਰੇ ਨਹੀਂ ਪਏ, ਦਿਮਾਗੀ ਟਿਊਮਰ ਦੀ ਨਿਸ਼ਾਨੀ ਹੋ ਸਕਦੀ ਹੈ। ਇਸ ਸਥਿਤੀ ਲਈ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਂਸਰ ਨਾਲ ਸਬੰਧਤ ਥਕਾਵਟ ਲਗਾਤਾਰ ਰਹਿੰਦੀ ਹੈ ਅਤੇ ਆਰਾਮ ਕਰਨ ਨਾਲ ਠੀਕ ਨਹੀਂ ਹੁੰਦੀ। ਇਹ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਵਿਘਨ ਪਾ ਸਕਦਾ ਹੈ ਅਤੇ ਵਿਅਕਤੀ ਲਈ ਜਾਗਦੇ ਰਹਿਣਾ ਮੁਸ਼ਕਲ ਬਣਾ ਸਕਦਾ ਹੈ। ਬਹੁਤ ਸਾਰੇ ਮਾਮਲਿਆਂ ਵਿੱਚ, ਤੁਰਦੇ ਸਮੇਂ ਸੰਤੁਲਨ ਅਤੇ ਤਾਲਮੇਲ ਨਾਲ ਸਮੱਸਿਆਵਾਂ ਵੀ ਵੇਖੀਆਂ ਜਾਂਦੀਆਂ ਹਨ।

## ਮੋਟਰਸਾਈਕਲ ਸਵਾਰ ਨੂੰ ਪੁਲਸ ਨੇ 20 ਕਿਲੋ 800 ਗ੍ਰਾਮ ਭੁੱਕੀ ਸਣੇ ਕੀਤਾ ਗ੍ਰਿਫ਼ਤਾਰ

ਨੂਰਪੁਰਬੇਦੀ 29 ਨਵੰਬਰ। ਜ਼ਿਲ੍ਹਾ ਪੁਲਸ ਮੁੱਖੀ ਰੂਪਨਗਰ ਵੱਲੋਂ ਨਸ਼ਿਆਂ ਅਤੇ ਗੈਰ-ਸਮਾਜਿਕ ਅਨਸਰਾਂ ਵਿਰੁੱਧ ਆਰੰਭ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਨੂਰਪੁਰਬੇਦੀ ਪੁਲਸ ਨੇ ਗਸ਼ਤ ਦੌਰਾਨ ਇਕ ਮੋਟਰਸਾਈਕਲ ਸਵਾਰ ਵਿਅਕਤੀ ਨੂੰ ਭਾਰੀ ਮਾਤਰਾ 'ਚ ਭੁੱਕੀ ਚੂਰਾ ਪੋਸਤ ਸਣੇ ਕਾਬੂ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਨੂਰਪੁਰਬੇਦੀ ਦੇ ਥਾਣਾ ਮੁਖੀ ਇੰਸਪੈਕਟਰ ਰੋਹਿਤ ਸ਼ਰਮਾ ਨੇ ਦੱਸਿਆ ਕਿ ਬੀਤੀ ਸ਼ਾਮ ਏ. ਐੱਸ. ਆਈ. ਮਲਕੀਤ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਚੈਕਿੰਗ ਦੌਰਾਨ ਗਸ਼ਤ ਕਰ ਰਹੇ ਸਨ। ਜਦੋਂ ਪੁਲਸ ਪਾਰਟੀ ਪਿੰਡ ਗੋਪਾਲਪੁਰ ਤੋਂ ਹਿਆਤਪੁਰ ਵੱਲ ਜਾਂਦੀ ਲਿੰਕ ਰੋਡ 'ਤੇ ਪਹੁੰਚੀ ਤਾਂ ਪਿੰਡ ਹਿਆਤਪੁਰ ਸਾਈਡ ਤੋਂ ਇਕ ਸਰਦਾਰ ਵਿਅਕਤੀ ਉਨ੍ਹਾਂ ਨੂੰ ਮੋਟਰਸਾਈਕਲ 'ਤੇ ਆਉਂਦਾ ਵਿਖਾਈ ਦਿੱਤਾ। ਉਸ ਦੇ ਮੋਟਰਸਾਈਕਲ ਦੇ ਪਿੱਛੇ ਚਿੱਟੇ ਰੰਗ ਦਾ ਇਕ ਭਰਿਆ ਹੋਇਆ ਪਲਾਸਟਿਕ ਥੈਲਾ ਰੱਸੀ ਨਾਲ ਬੰਨ੍ਹ?ਆ ਹੋਇਆ ਸੀ। ਪੁਲਸ ਗੱਡੀ ਨੂੰ ਵੇਖ ਕੇ ਉਹ ਇਕਦਮ ਘਬਰਾ ਗਿਆ ਅਤੇ ਜਦੋਂ ਮੋਟਰਸਾਈਕਲ ਨੂੰ ਪਿੱਛੇ ਵੱਲ ਮੋੜਨ ਲੱਗਾ ਤਾਂ ਸ਼ੱਕ ਦੇ ਆਧਾਰ 'ਤੇ ਏ.ਐੱਸ.ਆਈ. ਮਲਕੀਤ ਸਿੰਘ ਨੇ ਉਸ ਨੂੰ ਕਾਬੂ ਕਰਕੇ ਨਾਮ-ਪਤਾ ਪੁੱਛਿਆ, ਜਿਸ ਨੇ ਆਪਣਾ ਨਾਮ ਨਰਿੰਦਰ ਸਿੰਘ ਉਰਫ਼ ਨਿੰਦਾ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਬਾੜੀਆਂ, ਥਾਣਾ ਨੂਰਪੁਰਬੇਦੀ, ਜ਼ਿਲ੍ਹਾ ਰੂਪਨਗਰ ਦੱਸਿਆ। ਏ. ਐੱਸ. ਆਈ. ਮਲਕੀਤ ਸਿੰਘ ਵੱਲੋਂ ਜਦੋਂ ਪਲਾਸਟਿਕ ਦਾ ਥੈਲਾ ਖੋਲ੍ਹ ਕੇ ਚੈੱਕ ਕੀਤਾ ਗਿਆ ਤਾਂ ਉਸ ਵਿਚੋਂ 20 ਕਿਲੋ 800 ਗ੍ਰਾਮ ਭੁੱਕੀ ਬਰਾਮਦ ਹੋਈ। ਪੁਲਸ ਨੇ ਮੌਕੇ 'ਤੇ ਹੀ ਦੋਸ਼ੀ ਨੂੰ ਕਾਬੂ ਕਰਕੇ ਐੱਨ. ਡੀ. ਪੀ. ਐੱਸ. ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ। ਥਾਣਾ ਮੁਖੀ ਸ਼ਰਮਾ ਨੇ ਦੱਸਿਆ ਕਿ ਦੋਸ਼ੀ ਨੂੰ ਮਾਣਯੋਗ ਸ੍ਰੀ ਅਨੰਦਪੁਰ ਸਾਹਿਬ ਦੀ ਅਦਾਲਤ 'ਚ ਪੇਸ਼ ਕਰਕੇ ਇਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰਿਮਾਂਡ ਦੌਰਾਨ ਨਸ਼ੇ ਦੀ ਸਪਲਾਈ ਚੇਨ ਅਤੇ ਹੋਰ ਅਹਿਮ ਜਾਣਕਾਰੀ ਹਾਸਲ ਹੋਣ ਦੀ ਉਮੀਦ ਹੈ। ਪੁਲਸ ਵੱਲੋਂ ਉਕਤ ਕਾਮਯਾਬੀ ਨੂੰ ਨਸ਼ਾ ਤਸਕਰੀ ਖ਼?ਲਾਫ਼ ਚੱਲ ਰਹੀ ਵੱਡੀ ਮੁਹਿੰਮ ਦਾ ਮਹੱਤਵਪੂਰਨ ਹਿੱਸਾ ਦੱਸਿਆ ਗਿਆ ਹੈ।

# ਜਲੰਧਰ 'ਚ ਜਬਰ-ਜ਼ਿਨਾਹ ਮਗਰੋਂ ਕਤਲ ਕੀਤੀ ਕੁੜੀ ਦੇ ਪਰਿਵਾਰ ਨੂੰ ਮਿਲੀ ਧਨਪ੍ਰੀਤ ਕੌਰ

**ਕੌਮੀ ਪਤ੍ਰਿਕਾ**

ਜਲੰਧਰ 29 ਨਵੰਬਰ। ਕਮਿਸ਼ਨਰੇਟ ਪੁਲਸ ਦੇ ਥਾਣਾ ਬਸਤੀ ਬਾਵਾ ਖੇਲ ਅਧੀਨ ਪੈਂਦੇ ਇਕ ਇਲਾਕੇ ਵਿਚ ਨਾਬਾਲਗ ਲੜਕੀ ਨਾਲ ਜਬਰ-ਜ਼ਿਨਾਹ ਕਰਨ ਤੋਂ ਬਾਅਦ ਗਲਾ ਘੁੱਟ ਕੇ ਬੇਰਹਿਮੀ ਨਾਲ ਉਸ ਦਾ ਕਤਲ ਕਰਨ ਵਾਲੇ ਮੁਲਜ਼ਮ ਦਾ ਸਿਵਲ ਹਸਪਤਾਲ ਤੋਂ ਮੈਡੀਕਲ ਕਰਵਾਉਣ ਤੋਂ ਅਦਾਲਤ ਵਿਚ ਪੇਸ਼ ਕਰਕੇ 9 ਦਿਨਾਂ ਦੇ ਰਿਮਾਂਡ 'ਤੇ ਭੇਜਿਆ ਗਿਆ ਹੈ। ਉਕਤ ਜਾਣਕਾਰੀ ਏ. ਡੀ. ਸੀ. ਪੀ. ਸਿਟੀ-2 ਹਰਿੰਦਰ ਸਿੰਘ ਗਿੱਲ ਨੇ ਮੀਡੀਆ ਨੂੰ ਦਿੱਤੀ। ਉਨ੍ਹਾਂ ਦੱਸਿਆ ਕਿ ਰਿਮਾਂਡ ਦੌਰਾਨ ਮੁਲਜ਼ਮ ਨੂੰ ਪੁਲਸ ਹਿਰਾਸਤ ਵਿਚ ਰੱਖਿਆ ਜਾਵੇਗਾ। ਨਾਬਾਲਗ ਲੜਕੀ ਦੇ ਕਤਲ ਸਬੰਧੀ ਉਸ ਕੋਲੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਜਾਵੇਗੀ। ਉਕਤ ਘਟਨਾ ਦੇ ਚੌਥੇ ਦਿਨ ਮੰਗਲਵਾਰ ਨੂੰ ਜਲੰਧਰ ਦੀ ਪਹਿਲੀ ਮਹਿਲਾ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਰੰਧਾਵਾ ਵੀ ਪੀੜਤ ਪਰਿਵਾਰ ਦੇ ਘਰ ਪਹੁੰਚੀ ਅਤੇ ਕਤਲ ਕੀਤੀ ਗਈ ਲੜਕੀ ਦੀ ਮਾਂ ਅਤੇ ਭਰਾ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਕਮਿਸ਼ਨਰੇਟ ਪੁਲਸ ਪਰਿਵਾਰ ਦੇ ਨਾਲ ਖੜ੍ਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇਗਾ। ਸੀ. ਪੀ. ਨੇ ਕਿਹਾ ਕਿ ਇਸ ਮਾਮਲੇ ਦੀ ਪੁਲਸ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਅਤੇ ਕਿਸੇ ਵੀ ਮੁਲਜ਼ਮ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਕੋਈ ਪੁਲਸ ਮੁਲਾਜ਼ਮ ਹੀ ਕਿਉਂ ਨਾ ਹੋਵੇ। ਅਜੇ ਤਕ ਏ. ਐੱਸ. ਆਈ. ਮੰਗਤ ਰਾਮ ਜਿਹੜਾ ਵਾਰਦਾਤ ਵਾਲੇ ਦਿਨ ਡਿਊਟੀ ਅਫ਼ਸਰ ਸੀ ਅਤੇ ਲੈਦਰ ਕੰਪਲੈਕਸ ਪੁਲਸ ਚੌਕੀ ਵਿਚ ਤਾਇਨਾਤ ਹੈ, ਨੂੰ ਸਸਪੈਂਡ ਕਰ ਦਿੱਤਾ ਗਿਆ ਹੈ, ਜਦਕਿ ਪੀੜਤ ਪਰਿਵਾਰ ਅਤੇ ਉਸ ਦੇ ਪੱਖ ਵਿਚ ਆਏ ਲੋਕਾਂ ਅਤੇ ਵੱਖ-ਵੱਖ ਪਾਰਟੀਆਂ ਦੇ ਲੋਕਾਂ ਵੱਲੋਂ ਲਗਾਤਾਰ ਇਹ ਮੰਗ ਕੀਤੀ ਜਾ ਰਹੀ ਹੈ ਕਿ ਲੜਕੀ ਦੇ ਕਤਲ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇ ਕਿਉਂਕਿ ਜਿਸ ਲੜਕੀ ਦਾ ਕਤਲ ਕੀਤਾ ਗਿਆ ਹੈ, ਉਸ ਦੇ ਪਿਤਾ ਦੀ ਵੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ ਅਤੇ ਅਜੇ ਪਰਿਵਾਰ ਇਸ ਸਦਮੇ ਵਿਚੋਂ ਬਾਹਰ ਵੀ ਨਹੀਂ ਆਇਆ ਸੀ ਕਿ ਇਕ ਹੋਰ ਵੱਡਾ ਕਹਿਰ ਉਸ 'ਤੇ ਟੁੱਟ ਪਿਆ। ਦੂਜੇ ਪਾਸੇ ਮੁਲਜ਼ਮ ਵੱਲੋਂ ਕੋਈ ਵੀ ਵਕੀਲ ਅਦਾਲਤ ਵਿਚ ਪੇਸ਼ ਨਹੀਂ ਹੋਇਆ, ਜਦਕਿ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਕਾਫ਼ੀ ਗਿਣਤੀ ਵਿਚ ਵਕੀਲ ਅਦਾਲਤ ਵਿਚ ਮੌਜੂਦ ਸਨ, ਜਿਨ੍ਹਾਂ ਨੇ ਕਿਹਾ ਕਿ ਉਹ ਪੀੜਤ ਪਰਿਵਾਰ ਦਾ ਕੇਸ ਫ?ਰੀ ਲੜਨਗੇ ਅਤੇ ਮੁਲਜ਼ਮ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਲਾਡੋਵਾਲੀ ਰੋਡ ਇਕ ਸਕੂਲ ਵਿਚ ਪੜ੍ਹਨ ਵਾਲੀ 13 ਸਾਲਾ ਵਿਦਿਆਰਥਣ ਦੇ ਕਤਲ ਮਾਮਲੇ ਵਿਚ ਏ. ਬੀ. ਵੀ. ਪੀ. ਦੀਆਂ ਵਿਦਿਆਰਥਣਾਂ ਨੇ ਵੀ ਕਮਿਸ਼ਨਰੇਟ ਪੁਲਸ ਜਲੰਧਰ 'ਤੇ ਆਪਣਾ ਗੁੱਸਾ ਕੱਢਿਆ ਅਤੇ ਪੀੜਤ ਪਰਿਵਾਰ ਨੂੰ ਮਿਲਣ ਤੋਂ ਬਾਅਦ ਕਿਹਾ ਕਿ ਪੁਲਸ ਵੱਲੋਂ ਜੋ ਅਜੇ ਤਕ ਇਸ ਮਾਮਲੇ ਵਿਚ ਕਾਰਵਾਈ ਕੀਤੀ ਗਈ ਹੈ, ਉਹ ਤਸੱਲੀਬਖ਼ਸ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ



ਡਰਾਈਵਰ ਨੂੰ ਫਾਂਸੀ ਦੀ ਸਜ਼ਾ ਮਿਲਣੀ ਚਾਹੀਦੀ ਹੈ ਅਤੇ ਜਿਸ ਏ. ਐੱਸ. ਆਈ. ਮੰਗਤ ਰਾਮ ਨੂੰ ਸਸਪੈਂਡ ਕੀਤਾ ਗਿਆ ਹੈ, ਉਸ ਨੂੰ ਨੌਕਰੀ ਤੋਂ ਡਿਸਮਿਸ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਖ਼?ਲਾਫ਼ ਬੀ. ਐੱਨ. ਐੱਸ. ਦੀਆਂ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਤਾਂ ਕਿ ਅੱਗੇ ਤੋਂ ਕੋਈ ਵੀ ਪੁਲਸ ਮੁਲਾਜ਼ਮ ਅਜਿਹੀ ਲਾਪ੍ਰਵਾਹੀ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਜੇਕਰ ਪੁਲਸ ਮੁਲਾਜ਼ਮ 'ਤੇ ਸਖ਼ਤ ਕਾਰਵਾਈ ਨਹੀਂ ਹੋਵੇਗੀ ਤਾਂ ਉਸ ਨੂੰ ਕੁਝ ਹੀ ਦਿਨਾਂ ਵਿਚ ਦੋਬਾਰਾ ਨੌਕਰੀ 'ਤੇ ਬਹਾਲ ਕਰ ਦਿੱਤਾ ਜਾਵੇਗਾ, ਜਿਸ ਨਾਲ ਅਕਸਰ ਆਪਣੀ ਡਿਊਟੀ ਵਿਚ ਕੋਤਾਹੀ ਵਰਤਣ ਵਾਲੇ ਅਜਿਹੇ ਪੁਲਸ ਮੁਲਾਜ਼ਮਾਂ ਦੇ ਹੌਸਲੇ ਹੋਰ ਵਧ ਜਾਣਗੇ। ਉਨ੍ਹਾਂ ਕਿਹਾ ਕਿ ਪਰਿਵਾਰ ਨੂੰ ਜਦੋਂ ਤਕ ਇਨਸਾਫ਼ ਨਹੀਂ ਮਿਲੇਗਾ, ਉਦੋਂ ਤਕ ਉਹ ਸ਼ਾਂਤ ਹੋ ਕੇ ਨਹੀਂ ਬੈਠੇਗੀ। ਪੁਲਸ ਹੀ ਉਨ੍ਹਾਂ ਦੀ ਸੁਰੱਖਿਆ ਹੈ ਅਤੇ ਜੇਕਰ ਸੁਰੱਖਿਆ ਹੀ ਉਨ੍ਹਾਂ ਨੂੰ ਨਹੀਂ ਮਿਲੇਗੀ ਤਾਂ ਉਹ ਸੁਰੱਖਿਅਤ ਕਿਵੇਂ ਰਹਿਣਗੀਆਂ। ਉਨ੍ਹਾਂ ਕਿਹਾ ਕਿ ਜੇਕਰ ਏ. ਐੱਸ. ਆਈ. ਮੰਗਤ ਰਾਮ ਮੁਲਜ਼ਮ ਦੇ ਘਰ ਵਿਚ ਜਾ ਕੇ ਪਹਿਲਾਂ ਹੀ ਚੰਗੀ ਤਰ੍ਹਾਂ ਨਾਲ ਜਾਂਚ ਕਰ ਲੈਂਦਾ ਤਾਂ ਲੜਕੀ ਦੀ ਜਾਨ ਬਚ ਸਕਦੀ ਸੀ। ਮ੍ਰਿਤਕਾ ਦੇ ਭਰਾ ਨੇ ਕਿਹਾ-ਜਿਸ ਤਰ੍ਹਾਂ ਮੇਰੀ ਭੈਣ ਨੂੰ ਮਾਰਿਆ ਗਿਆ, ਮੁਲਜ਼ਮ ਨੂੰ ਵੀ ਉਸੇ ਤਰ੍ਹਾਂ ਦੀ ਮੌਤ ਮਿਲਣੀ ਚਾਹੀਦੀ ਮ੍ਰਿਤਕਾ ਦੇ ਭਰਾ ਨੇ ਕਿਹਾ ਕਿ ਉਸ ਦੀ ਭੈਣ ਦੇ ਕਾਤਲ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। ਉਸ ਨੇ ਕਿਹਾ ਕਿ ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ, ਜੋ ਕਿ ਡੀ. ਸੀ. ਆਫਿਸ ਵਿਚ ਕੰਮ ਕਰਦੇ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਉਸ ਨੂੰ ਨੌਕਰੀ ਮਿਲੀ ਸੀ। ਅਜੇ ਉਸ ਦੀ ਉਮਰ ਸਿਰਫ਼ 19 ਸਾਲ ਦੀ ਹੈ। ਉਹ ਨੌਕਰੀ ਕਰਕੇ ਆਪਣੀ ਭੈਣ ਨੂੰ ਪੜ੍ਹਾ ਰਿਹਾ ਸੀ ਅਤੇ ਘਰ ਦਾ ਗੁਜ਼ਾਰਾ ਚਲਾ ਰਿਹਾ ਸੀ। ਉਹ ਆਪਣੀ ਭੈਣ ਨੂੰ ਉੱਚ ਮੁਕਾਮ ਤਕ ਪਹੁੰਚਾਉਣਾ ਸੀ ਪਰ ਉਸ ਦੀ ਸਹੇਲੀ ਦਾ ਪਿਤਾ ਹੀ ਇੰਨੀ ਗੰਦੀ ਹਰਕਤ ਕਰ ਸਕਦਾ ਹੈ, ਅਜਿਹਾ ਉਨ੍ਹਾਂ ਕਦੀ ਸੋਚਿਆ ਵੀ ਨਹੀਂ ਸੀ। ਉਸ ਨੇ ਕਿਹਾ ਕਿ ਉਨ੍ਹਾਂ ਵਾਰਦਾਤ ਵਾਲੇ ਦਿਨ ਹੀ ਮੁਲਜ਼ਮ ਨੂੰ ਜਾਨੋਂ ਮਾਰ ਦੇਣਾ ਸੀ ਪਰ ਪੁਲਸ ਉਸ ਦਾ ਬਚਾਅ ਕਰ ਕੇ ਲੈ ਗਈ। ਉਸ ਨੇ ਕਿਹਾ ਕਿ ਮੁਲਜ਼ਮ ਹਰਮਿੰਦਰ ਸਿੰਘ ਨੇ ਜਿਸ ਤਰ੍ਹਾਂ ਦੀ ਉਸ ਦੀ ਭੈਣ ਨੂੰ ਬੇਰਹਿਮੀ ਨਾਲ ਗਲਾ ਘੁੱਟ ਕੇ ਮਾਰਿਆ ਹੈ, ਉਸ ਨੂੰ ਵੀ ਉਸੇ ਤਰ੍ਹਾਂ ਦੀ ਮੌਤ ਮਿਲਣੀ ਚਾਹੀਦੀ ਹੈ।